# ਕੈਨੇਡਾ ਦਰਪਣ

ਦਸੰਬਰ 27-ਜਨਵਰੀ 3, 1985

**December 27-January 3, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
Second Class Mail
Reg. No. 5991

# ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

Ph. Off. 521-8808

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA, V3L 4Y7

Weekending Dec. 27 - Jan. 3, 1985 Vol. 4 No. 49 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

# ਇਕੁਆਡੋਰ ਨੇ "ਖਾਲਿਸਤਾਨੀ ਸ਼ੋਰ ਸ਼ਰਾਬੇ" ਦੀ ਫੱਟੀ ਪੋਚ ਦਿੱਤੀ

ਨਵੀਂ ਦਿੱਲੀ — ਅਖੌਤੀ ਖਾਲਿਸਤਾਨ ਦੀ ਰੀਪਬਲਕ ਦੇ ਅਖੌਤੀ ਪ੍ਰਧਾਨ ਜਗਜੀਤ ਸਿੰਘ ਚੌਹਾਨ ਅਤੇ ਉਸ ਦੇ ਟੋਲੇ ਦੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਦੇ ਪਰਪੰਚੀਆਂ ਵਲੋਂ, ਜੋ ਸ਼ੋਰ ਸ਼ਰਾਬਾ ਪਿਛਲੇ ਮਹੀਨਿਆਂ ਤੋਂ ਕੀਤਾ ਜਾਂਦਾ ਰਿਹਾ ਹੈ ਕਿ ਇਕੁਆਡੋਰ ਨੇ ਉਨ੍ਹਾਂ ਦੇ ਅਖੌਤੀ ਖਾਲਿਸਤਾਨ ਨੂੰ ਮਾਨਤਾ ਦੇ ਦਿਤੀ ਹੈ, ਦਾ ਇਕੁਆਡੋਰ ਦੇ ਭਾਰਤ ਲਈ, ਮਿਸਰ ਸਥਿਤ ਰਾਜਦੂਤ ਨੇ, ਭਾਂਡਾ ਚੌਰਾਹੇ ਵਿਚ ਭੰਨ ਦਿਤਾ ਹੈ।

ਇਕੁਆਡੋਰ ਦੇ ਰਾਜ ਦੂਤ ਨੇ ਭਾਰਤ ਦੇ ਬਦੇਸ਼ ਮੰਤਰੀ ਦੇ ਨਾਂ ਜੋ ਲਿਖਤੀ ਰੂਪ ਵਿਚ ਵਿਸਤਰਤ ਪੱਤਰ ਭੇਜਿਆ ਹੈ ਉਹ ਨਿਮਨ ਲਿਖਤ ਅਨੁਸਾਰ ਹੈ :

ਭਾਰਤ ਲਈ ਇਕੁਆਡੋਰ ਦੇ ਰਾਜਦੂਤਾਂ ਵਲੋਂ ਆਪਣੀ ਸਰਕਾਰ ਦੀਆਂ ਹਦਾਇਤਾਂ ਦੇ ਆਧਾਰ ਉਤੇ ਭਾਰਤ ਦੇ ਸਤਿਕਾਰ ਯੋਗ ਬਦੇਸ਼ ਮੰਤਰੀ ਨੂੰ, ਇਕੁਆਡੋਰ ਦੀ ਬਦੇਸ਼ ਨੀਤੀ ਦੇ ਤੱਥਾਂ ਬਾਰੇ ਇਹ ਪੱਤਰ ਭੇਜਿਆ ਜਾ ਰਿਹਾ ਹੈ।

1. ਰੀਪਬਲਕ ਆਫਿ ਇਕੁਆਡੋਰ ਅਤੇ ਇਸਦੀ ਸਰਕਾਰ, ਭਾਰਤ ਦੇ ਲੋਕਾਂ ਅਤੇ ਸਰਕਾਰ ਨਾਲ ਆਪਣੇ ਅਤੀ ਖੁਸ਼ਗੁਵਾਰ ਸੰਬੰਧ ਕਾਇਮ ਰਖ ਰਹੇ ਹਨ। ਇਹ ਮੌਜੂਦਾ ਸੰਬੰਧ ਆਏ ਦਿਨ ਗੂੜ੍ਹੇ ਹੁੰਦੇ ਜਾਣਗੇ।

2. ਇਕੁਆਡੋਰ ਦੀ ਸਰਕਾਰ ਕਿਸੇ ਵੀ ਵੱਖਵਾਦੀ ਗਰੁੱਪ ਨੂੰ ਮਾਨਤਾ ਨਹੀਂ ਦਿੰਦੀ ਜੋ ਆਪਣੇ ਆਪ ਨੂੰ 'ਰੀਪਬਲਕ ਆਫਿ ਖਾਲਿਸਤਾਨ' ਕਹਿੰਦਾ ਹੈ ਅਤੇ ਨਾ ਹੀ ਕਿਸੇ ਹੋਰ ਗਰੁੱਪ ਨੂੰ, ਕਿਸੇ ਵੀ ਹੋਰ ਨਾਂ ਹੇਠ ਕੋਈ ਮਾਨਤਾ ਦਿੰਦਾ ਹੈ, ਜੋ ਭਾਰਤ ਗਣਰਾਜ ਨਾਲੋਂ ਵੱਖ ਹੋਣ ਦਾ ਇਰਾਦਾ ਰੱਖਦਾ ਹੋਵੇ।

3. ਇਕੁਆਡੋਰ ਦੀ ਅੰਬੈਂਸੀ ਜਾਂ ਕੌਂਸਲੇਟ ਕਿਸੇ ਅਜਿਹੇ ਸਿਟੀਜਨ ਨੂੰ ਵੀਜ਼ਾ ਨਹੀਂ ਦਿੰਦਾ ਜਿਸ ਨੂੰ ਇਕੁਆਡੋਰ ਮਾਨਤਾ ਨਾ ਦਿੰਦਾ ਹੋਵੇ। ਜਿਵੇਂ ਕਿ 'ਰੀਪਬਲਕ ਆਫਿ ਖਾਲਿਸਤਾਨ' ਨਾਲ ਸੰਬੰਧ ਰਖਣ ਵਾਲੇ ਦਾਅਵਾ ਕਰਦੇ ਹਨ, ਕਦੀ ਵੀ ਇਕੁਆਡੋਰ ਵਿਚ ਦਾਖਲ ਹੋਣ ਦੀ ਵੀਜ਼ਾ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਣਗੇ।

4. ਜਿਨ੍ਹਾਂ ਦੇਸ਼ਾਂ ਵਿਚ ਜਾਣ ਲਈ ਇਕੁਆਡੋਰ ਦੇ ਸਿਟੀਜਨਾਂ ਨੂੰ ਵੀਜ਼ੇ ਦੀ ਲੋੜ ਹੋਵੇ ਇਕੁਆਡੋਰ ਦੀ ਸਰਕਾਰ ਮੰਗ ਕਰਦੀ ਹੈ ਕਿ ਸਿਰਫ ਉਨ੍ਹਾਂ ਕੋਲ ਵੀਜ਼ਾ ਹੀ ਹੋਵੇ ਸਗੋਂ ਉਨ੍ਹਾਂ ਦੇਸ਼ਾਂ ਤੋਂ ਆਉਣ ਵਾਲਿਆਂ ਲਈ ਵੀ ਬਿਨਾਂ ਵੀਜ਼ੇ ਤੋਂ ਇਕੁਆਡੋਰ ਵਿਚ ਦਾਖਲੇ ਦੀ ਆਗਿਆ ਨਹੀਂ ਦਿੰਦੀ। (ਬਾਕੀ ਪੰਨਾ 2 ਤੇ)

## ਬਰਨਾਲਾ ਸਰਬਸੰਮਤੀ ਨਾਲ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ



ਅੰਮ੍ਰਿਤਸਰ — ਸ਼ਰੋਮਣੀ ਅਕਾਲੀ ਦਲ ਦੀ ਜਨਰਲ ਬਾਡੀ ਨੇ ਸ. ਸੁਰਜੀਤ ਸਿੰਘ ਬਰਨਾਲਾ ਨੂੰ ਸਰਬਸੰਮਤੀ ਨਾਲ ਆਪਣਾ ਪ੍ਰਧਾਨ ਚੁਣ ਲਿਆ ਹੈ ਉਨ੍ਹਾਂ ਦਾ ਨਾਂ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਜ: ਟੌਹੜਾ ਨੇ ਪੇਸ਼ ਕੀਤਾ ਅਤੇ ਖਜ਼ਾਨਾ ਮੰਤਰੀ ਸ: ਬਲਵੰਤ ਸਿੰਘ ਨੇ ਤਾਈਦ ਕੀਤੀ। ਇਸ ਉਪਰ ਸਰਬਤ ਡੈਲੀਗੇਟਾਂ ਨੇ ਬਾਹਾਂ ਖੜ੍ਹੀਆਂ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਸਰਬਸੰਮਤੀ ਨਾਲ ਪਰਵਾਨ ਕੀਤਾ।

ਪਤਾ ਲੱਗਾ ਹੈ ਕਿ ਬਾਦਲ ਗਰੁੱਪ ਨੇ ਸੰਤ ਅਜੀਤ ਸਿੰਘ ਰੋਪੜ ਨੂੰ ਅਕਾਲੀ ਦਲ ਦਾ ਪ੍ਰਧਾਨ ਬਨਾਉਣ ਲਈ ਬੜੇ ਹੱਥ ਪੈਰ ਮਾਰੇ, ਪ੍ਰੰਤੂ ਪੰਜਾਬ ਭਰ (ਬਾਕੀ ਪੰਨਾ 2 ਤੇ)

## ਭਾਰਤ ਅਤੇ ਕੈਨੇਡਾ ਅਤਿਵਾਦੀਆਂ ਤੇ ਕੜੀ ਨਿਗਾਹ ਰੱਖਣਗੇ

ਨਵੀਂ ਦਿੱਲੀ — ਪਿਛਲੇ ਦਿਨਾਂ ਵਿਚ ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਭਾਰਤ ਦੇ ਸਰਕਾਰੀ ਦੌਰੇ ਉਪਰ ਗਏ ਹੋਏ ਹਨ। ਦੋਵਾਂ ਦੇਸ਼ਾਂ ਨੇ ਪ੍ਰਸਪਰ ਹਿਤਾਂ ਨਾਲ ਸੰਬੰਧਿਤ ਮਸਲਿਆਂ ਉਪਰ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਆਪਸੀ ਵਪਾਰ, ਦੱਖਣੀ ਅਫਰੀਕਾ, ਵਿਸ਼ਵ ਅਮਨ ਅਤੇ ਅਤਿਵਾਦੀਆਂ ਦੇ ਮਸਲਿਆਂ ਉਪਰ ਭਾਰਤੀ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ।

ਗਲਬਾਤ ਤੋਂ ਮਗਰੋਂ ਬਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਭਾਰਤ ਨੂੰ ਕੈਨੇਡਾ ਵਲੋਂ ਕੀਤੀ ਇਸ ਪੇਸ਼ਕਸ਼ ਨੂੰ ਪਰਵਾਨ ਕਰ ਲਿਆ ਹੈ ਕਿ ਸਿਖ ਅਤਿਵਾਦੀਆਂ ਸਰਗਰਮੀਆਂ ਨਾਲ ਸੰਬੰਧਿਤ ਜਾਣਕਾਰੀ ਲਈ ਦੋਵਾਂ ਦੇਸ਼ਾਂ ਦੀਆਂ ਖੁਫੀਆਂ ਏਜੰਸੀਆਂ ਸਾਂਝੀਆਂ ਕਰਦੀਆਂ ਰਹਿਣਗੀਆਂ।

ਕੈਨੇਡਾ ਦੇ ਬਦੇਸ਼ ਵਿਭਾਗ ਦੇ ਅਧਿਕਾਰੀ ਸੀਅਨ ਬਰੈਡੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਕਲਾਰਕ ਨੇ ਭਾਰਤੀ ਬਦੇਸ਼ ਮੰਤਰੀ ਨੂੰ ਇਸ ਗੱਲ ਲਈ ਚਿੰਤਾ ਪ੍ਰਗਟ ਕੀਤੀ ਕਿ ਕਿਹਾ ਜਾਂਦਾ ਹੈ ਕਿ ਕੁਝ ਭਾਰਤੀ ਸੂਹੀਆਂ ਵਿਭਾਗ ਦੇ ਕਰਮਚਾਰੀ ਡਿਪਲੋਮੈਟਾਂ ਦੇ ਨਾਂ ਦੇ ਪਰਦੇ ਹੇਠ ਆਪਣਾ ਜਾਣਕਾਰੀ ਪ੍ਰਾਪਤ ਕਰਨ ਦਾ ਕੰਮ ਕਰ ਰਹੇ ਹਨ।

ਪ੍ਰੰਤੂ ਦੋਵਾਂ ਦੇਸ਼ਾਂ ਵਲੋਂ ਜਾਣਕਾਰੀ ਇਕੱਤਰ ਕਰਨ ਦੇ ਸਵਾਲ ਉਤੇ ਇਕ ਦੂਜੇ ਨਾਲ ਸਹਿਯੋਗ ਕਰਨ ਨਾਲ ਕਈ ਅਸੁਖਾਵੇਂ ਭੁਲੇਖੇ ਪੈਣ ਤੋਂ ਬਚਿਆ ਜਾ ਸਕੇਗਾ।

ਦੋਵਾਂ ਬਦੇਸ਼ ਮੰਤਰੀ ਦੀ ਮਿਲਣੀ ਸਮੇਂ ਸ੍ਰੀ ਕਲਾਰਕ ਨੇ ਸ੍ਰੀ ਬਲੀ ਰਾਮ ਭਗਤ ਨੂੰ ਉਸ ਸੰਧੀ ਦਾ ਕੱਚਾ ਮਸੌਦਾ ਦਿਤਾ ਜਿਸ ਅਧੀਨ ਦੋਵੇਂ ਦੇਸ਼ ਇਕ ਦੂਜੇ ਦੇ ਅਪਰਾਧੀਆਂ ਨੂੰ ਸੰਬੰਧਿਤ ਸਰਕਾਰ ਦੇ ਹਵਾਲੇ ਕਰ ਸਕਣਗੇ। ਆਸ ਕੀਤੀ (ਬਾਕੀ ਪੰਨਾ 2 ਤੇ)

## 'ਕੈਨੇਡਾ ਦਰਪਣ' ਦੇ ਸ਼ੁਭਚਿੰਤਕਾਂ ਅਤੇ ਪਾਠਕਾਂ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ

ਮੇਰੀ ਕ੍ਰਿਸਮਿਸ ਅਤੇ ਨਵਾਂ ਸਾਲ ਮੁਬਾਰਕ

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL new-used FURNITURE

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਪੂਰ

**ਰੌਇਲ ਫਰਨੀਚਰ ਲਿਮ:**

2607 ਮੇਨ ਸਟਰੀਟ ਵੈਨਕੂਵਰ, ਬੀ. ਸੀ. (At 10th Ave. East)

# ਬੀ. ਸੀ. ਦੀਆਂ ਪ੍ਰੋਵੈਂਸ਼ਲ ਚੋਣਾਂ ਛੇਤੀ

ਵਿਕਟੋਰੀਆ — ਅਨੁਮਾਨ ਲਾਇਆ ਜਾਂਦਾ ਹੈ ਕਿ ਬੀ. ਸੀ. ਦੀ ਸੋਕਰਡ ਸਰਕਾਰ ਛੇਤੀ ਹੀ ਚੋਣਾ ਕਰਵਾਉਣ ਲਈ ਵਿਚੇ ਵਿਚ ਤਿਆਰੀਆਂ ਕਰ ਰਹੀ ਹੈ। ਇਸ ਹਫਤੇ ਬੀ. ਸੀ. ਦੇ ਚੋਣ ਕਮਿਸ਼ਨ ਨੇ ਡਾਕ ਰਾਹੀਂ ਵੋਟਰ ਕਾਰਡ ਭੇਜਣੇ ਸ਼ੁਰੂ ਕਰ ਦਿਤੇ ਹਨ। ਇਹ ਕਾਰਡ ਆਮ ਕਰਕੇ ਚੋਣਾਂ ਤੋਂ ਛੇਤੀ ਪਹਿਲਾਂ ਹੀ ਭੇਜੇ ਜਾਂਦੇ ਹਨ।

ਸੋਕਰਡ ਸਰਕਾਰ ਦੀ ਸਕਾਈ-ਟਰੇਨ ਦੀ ਖਿਚ ਦਾ ਜਾਦੂ ਬੇ ਅਸਰ ਸਿੱਧ ਹੋਇਆ ਹੈ। ਇਸ ਨੇ ਲੋਕਾਂ ਨੂੰ ਕੋਈ ਉਤਸ਼ਾਹ ਨਹੀਂ ਦਿਤਾ। ਇਸ ਤੋਂ ਜੋ ਲੋਕਾਂ ਨੂੰ ਸਹੂਲਤ ਹੋਵੇਗੀ ਉਹ ਤਾਂ ਸਾਹਮਣੇ ਆ ਹੀ ਜਾਣੀ ਹੈ। ਇਕ ਆਰਬ ਡਾਲਰ ਦੀ ਲਾਗਤ ਨਾਲ ਇਸ ਦੀ ਉਸਾਰੀ ਤੋਂ ਨਾ ਤਾਂ ਵਿਹਲੇ ਲੋਕਾਂ ਨੂੰ ਕੋਈ ਰੁਜ਼ਗਾਰ ਹੀ ਮਿਲ ਸਕੀ ਹੈ ਅਤੇ ਨਾ ਹੀ ਅਗੋਂ ਮਿਲ ਸਕੇਗੀ। ਸਿਰਫ ਕੁਝ ਵੱਡੀਆਂ ਕੰਨਸਟੱਰਕਸ਼ਨ ਕੰਪਨੀਆਂ ਨੇ ਇਸ ਦੀ ਉਸਾਰੀ ਤੋਂ ਨਫੇ ਜ਼ਰੂਰ ਮੋਟੇ ਕਮਾ ਲਏ ਹਨ।

ਕਿਹਾ ਜਾਂਦਾ ਹੈ ਕਿ ਸੋਕਰਡ ਸਰਕਰ ਨੂੰ ਫਿਕਰ ਹੈ ਕਿ ਕਿਧਰੇ ਐਕਸਪੋ-86 ਦਾ ਵੱਡਾ ਵਿਖਾਵਾ ਵੀ ਐਵੇਂ ਹੀ ਨਾ ਚਲਿਆ ਜਾਵੇ। ਇਸ ਲਈ ਚੋਣਾਂ ਉਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਹੋਣ ਦੀ ਆਸ ਹਨ।

ਇਕ ਅੰਦਾਜ਼ੇ ਮੁਤਾਬਕ ਫਰਵਰੀ ਜਾਂ ਮਾਰਚ ਚੋਣਾਂ ਲਈ ਸਰਕਾਰ ਨੇ ਆਪਣੇ ਹਿੱਤ ਵਿਚ ਸਮਝਿਆ ਹੋਇਆ ਹੈ।

ਇਸ ਵਾਰ ਆਮ ਲੋਕਾਂ ਦਾ ਅਨੁਮਾਨ ਹੈ ਕਿ ਸੋਕਰਡ ਸਰਕਾਰ ਮੁੜਕੇ ਨਹੀਂ ਜਿੱਤ ਸਕੇਗੀ। ਕਿਉਂਕਿ ਇਸ ਨੇ ਕੋਈ ਵਾਅਦਾ ਪੂਰਾ ਨਹੀਂ ਕੀਤਾ। ਨਾ ਹੀ ਲੋਕਾਂ ਲਈ ਰੁਜ਼ਗਾਰ ਹੀ ਪੈਦਾ ਕਰ ਸਕੀ ਹੈ। ਸਗੋਂ ਬੀ. ਸੀ. ਇਕ ਅਜਿਹਾ ਸੂਬਾ ਹੈ ਜਿਸ ਵਿਚ 25 ਫੀ ਸਦੀ ਲੋਕ ਬੇਰੁਜ਼ਗਾਰੀ ਦਾ ਕਸ਼ਟ ਭੋਗ ਰਹੇ ਹਨ।

ਇਕ ਦਰਸ਼ਕ ਨੇ ਕਿਹਾ ਹੈ ਕਿ ਫੂਡ ਬੈਂਕ ਅਗੇ ਲੰਮੀਆਂ ਕਤਾਰਾਂ ਸੋਕਰਡ ਦੀ ਹਾਰ ਦਾ ਸੂਚਕ ਹਨ।

ਐਨ. ਡੀ. ਪੀ. ਦੀ ਜਿੱਤ ਦੇ ਚਰਚੇ ਹੁਣੇ ਤੋਂ ਹੀ ਕੀਤੇ ਜਾ ਰਹੇ ਹਨ।

# ਇੰਟਰਨੈਸ਼ਨ ਵੁੱਡਵਰਕਜ਼ ਆਫ ਅਮਰੀਕਾ (IWA) ਮੁੜ ਕੇ ਬੀ. ਸੀ. ਫੈਡਰੇਸ਼ਨ ਵਿਚ ਸ਼ਾਮਲ

ਵੈਨਕੂਵਰ — ਇੰਟਰ ਨੈਸ਼ਨ ਵੁੱਡਵਰਕਜ਼ ਆਫ ਅਮਰੀਕਾ ਨੇ ਬੀ. ਸੀ. ਫੈਡਰੇਸ਼ਨ ਆਫਿ ਲੇਬਰ ਵਿਚ ਮੁੜ ਤੋਂ ਸ਼ਾਮਲ ਹੋਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ। ਅਕਤੂਬਰ 1984 ਵਿਚ ਫੈਡਰੇਸ਼ਨ ਦੀ ਚੋਣ ਸਮੇਂ ਵਾਈਸ ਪ੍ਰੈਜੀਡੈਂਟ ਦੇ ਅਹੁਦੇ ਲਈ ਝਗੜਾ ਖੜਾ ਹੋ ਜਾਣ ਕਾਰਨ ਜੈਕ ਮੂਨਰੋ ਦੀ ਅਗਵਾਈ ਵਾਲੀ ਇਸ ਯੂਨੀਅਨ ਨੇ ਫੈਡਰੇਸ਼ਨ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ। ਫੈਡਰੇਸ਼ਨ ਦੇ ਪ੍ਰੈਜੀਡੈਂਟ ਆਰਟ ਕੂਬੀ ਅਤੇ ਵਾਈਸ ਪ੍ਰੈਜੀਡੈਂਟ ਆਟ ਗਰੰਟਮੈਨ ਨੇ ਇਸ ਫੈਸਲੇ ਦਾ ਸੁਆਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਵੁਡਵਰਕਜ਼ ਯੂਨੀਅਨ ਬੀ. ਸੀ. ਦੀ ਵੱਡੀ ਗਿਣਤੀ ਵਿਚ ਮਜ਼ਦੂਰਾਂ ਦੀ ਨੁਮਾਇੰਦੀ ਕਰਦੀ ਹੈ।

ਪ੍ਰੈਜੀਡੈਂਟ ਕੂਬੀ ਨੇ ਕਿਹਾ ਕਿ ਉਨ੍ਹਾਂ ਇਕ ਕਮੇਟੀ ਫੈਡਰੇਸ਼ਨ ਦੀ ਵਿਧਾਨ ਵਿਚ ਯੋਗ ਬਦਲੀਆਂ ਕਰਨ ਲਈ ਸਥਾਪਤ ਕੀਤੀ ਸੀ। ਜਿਸ ਨੇ IWA ਨੂੰ ਯੋਗ ਪ੍ਰਤੀਨਿਧਤਾ ਦੇਣ ਦੀ ਵਿਵਸਥਾ ਕੀਤੀ ਹੈ, ਇਸ ਤਰ੍ਹਾਂ ਇਸ ਦੇ 25 ਫੀ ਸਦੀ ਡੈਲੀਗੇਟ ਵਧ ਜਾਣਗੇ। IWA ਦਾ ਚੇਅਰਮੈਨ ਜੈਕ ਮੂਨਰੋ ਕਿਸੇ ਟਿਪਣੀ ਕਰਨ ਲਈ ਪ੍ਰੈਸ ਨੂੰ ਮਿਲ ਨਹੀਂ ਸਕਿਆ।

---

(ਪੰਨਾ 1, ਕਾਲਮ 3 ਦੀ ਬਾਕੀ)

ਜਾਂਦੀ ਹੈ ਕਿ ਸੰਘੀ ਭਾਰਤੀ ਅਧਿਕਾਰੀਆਂ ਦੀ ਇਸ ਚਿੰਤਾ ਨੂੰ ਦੂਰ ਕਰ ਸਕੇਗੀ ਕਿ ਖਾਲਿਸਤਾਨੀ ਦੀ ਮੰਗ ਕਰਨ ਵਾਲੇ ਸਿਖ ਅਤਿਵਾਦੀਆਂ ਦੀਆਂ ਸਰਗਰਮੀਆਂ ਲਈ ਕੈਨੇਡਾ ਉਨ੍ਹਾਂ ਨੂੰ ਸਵਰਗ ਬਣਿਆ ਹੋਇਆ ਹੈਂ

ਸ੍ਰੀ ਬਰੈਡੀ ਨੇ ਕਿਹਾ ਕਿ ਦੋਵੇਂ ਬਦੇਸ਼ ਮੰਤਰੀ ਇਸ ਹਕੀਕਤ ਨਾਲ ਸਹਿਮਤ ਸਨ ਕਿ ਆਮ ਤੌਰ ਤੇ ਸਿੱਖ ਨਰਮ ਖਿਆਲੀ ਹਨ, ਅਤੇ ਕੇਵਲ ਮੁੱਠੀ ਭਰ ਹੀ ਸ਼ਰਾਰਤੀ ਅਨਸਰ ਸਭ ਨੂੰ ਬਦਨਾਮ ਕਰ ਰਿਹਾ ਹੈ।

# ਅਖੌਤੀ ਖਾਲਿਸਤਾਨੀ ਰਿਫੀਊਜੀਆਂ ਨੂੰ ਰੱਖਣ ਦੀ ਮੰਗ

ਵੈਨਕੂਵਰ — ਸਥਾਨਕ ਅਖੌਤੀ ਖਾਲਿਸਤਾਨੀਆਂ ਦੇ ਕੁਝ ਬੰਦਿਆਂ ਨੇ ਰੋਬਸਨ ਸੁਕੇਅਰ ਵਿਚ ਮੁਜਾਹਰਾ ਕਰਕੇ ਮੰਗ ਕੀਤੀ ਕਿ ਕੈਨੇਡਾ ਵਿਚ ਆਏ ਅਖੌਤੀ ਖਾਲਿਸਤਾਨੀ ਹੋਣ ਦੇ ਪਰਦੇ ਵਿਚ ਆਏ 2800 ਦੇ ਕਰੀਬ ਬੰਦਿਆਂ ਨੂੰ ਏਥੇ ਰਹਿਣ ਦਿਤਾ ਜਾਵੇ।

ਇਸ ਤਰ੍ਹਾਂ ਦੀ ਮੰਗ ਲਈ ਇਕ ਮੁਜਾਹਰਾ ਟਰਾਂਟੋ ਵਿਖੇ ਵੀ ਕੀਤਾ ਗਿਆ ਜਿਥੇ ਵੱਡੀ ਗਿਣਤੀ ਵਿਚ ਇਸ ਤਰ੍ਹਾਂ ਦੇ ਕੇਸਾਂ ਵਾਲੇ ਵਿਅਕਤੀ ਠਹਿਰੇ ਹੋਏ ਹਨ।

# ਅਮਰੀਕਾ ਦੇ 256 ਫੌਜੀ ਤੇ ਜਹਾਜ਼ ਦਾ ਅਮਲਾ ਦੁਰਘਟਨਾ ਦਾ ਸ਼ਿਕਾਰ

ਗੈਂਡਰ — ਐਰੋ-ਏਅਰ ਲਾਈਨ ਦਾ ਇਕ DC—8 ਕਿਸਮ ਦਾ ਜਹਾਜ਼ ਨਿਊਫਾਊਂਡਲੈਂਡ ਦੇ ਗੈਂਡਰ ਏਅਰ ਪੋਰਟ ਤੋਂ ਉਡਣ ਤੋਂ ਛੇਤੀ ਹੀ ਮਗਰੋਂ ਹਾਦਸੇ ਦਾ ਸ਼ਿਕਾਰ ਹੋ ਗਿਆ ਹੈ। ਹਾਦਸੇ ਦਾ ਕਾਰਨ ਦਾ ਪਤਾ ਨਹੀਂ ਲਗ ਸਕਿਆ।

ਇਹ ਅਮਰੀਕਾ ਦੀ ਆਰਮੀ ਦੇ 248 ਬੰਦਿਆਂ ਨੂੰ ਮਿਸਰ ਤੋਂ ਵਾਪਸ ਕ੍ਰਿਸਮਸ ਲਈ ਲਿਆ ਰਿਹਾ ਸੀ। ਆਰਮੀ ਦੇ ਇਹ ਜੁਆਨ ਮਿਸਰ ਦੇ ਸੈਨਾਈ ਮਾਰੂਥਲ ਵਿਚ ਇਕ ਸੰਧੀ ਅਨੁਸਾਰ "ਅਮਨ-ਫੋਰਸ' ਦੇ ਦਸਤਿਆਂ ਵਜੋਂ ਪੰਜ ਮਹੀਨੇ ਦੀ ਡਿਊਟੀ ਖਤਮ ਕਰਕੇ ਵਾਪਸ ਘਰ ਆ ਰਹੇ ਸਨ।

ਮਿਸਰ ਦੀਆਂ ਦੋ ਅਮਰੀਕਾ ਵਿਰੋਧੀ ਜਥੇਬੰਦੀਆਂ ਨੇ ਇਸ ਲਈ ਜ਼ਿੰਮੇਵਾਰੀ ਲੈਣ ਦਾ ਐਲਾਨ ਕੀਤਾ ਹੈ, ਪ੍ਰੰਤੂ ਉਸ ਨੂੰ 'ਫਜ਼ੂਲ' ਸਮਝਿਆ ਜਾਂ ਗਿਆ ਹੈ।

ਇਹ ਜਹਾਜ਼ ਗੈਂਡਰ ਤੋਂ ਤੇਲ ਲੈ ਕੇ ਉਡਿਆ ਹੀ ਸੀ ਕਿ ਕੁਝ ਮਿੰਟਾਂ ਦੇ ਵਿਚ ਹੀ ਇਹ ਡਿੱਗ ਪਿਆ ਅਤੇ ਅੱਗ ਦੀ ਲਪੇਟ ਵਿਚ ਆ ਗਿਆ। ਹਾਦਸੇ ਦੀ ਪੜਤਾਲ ਜਾਰੀ ਹੈ।

---

(ਪੰਨਾ 1, ਕਾਲਮ 1 ਦੀ ਬਾਕੀ)

5. ਜਿਹੜੇ ਦੇਸ਼ਾਂ ਵਿਚ ਜਾਣ ਲਈ ਇਕੁਆਡੋਰ ਦੇ ਸਿਟੀਜਨਾਂ ਲਈ ਵੀਜ਼ੇ ਦੀ ਲੋੜ ਨਹੀਂ ਹੈ ਇਕੁਆਡੋਰ ਦੀ ਸਰਕਾਰ ਉਨ੍ਹਾਂ ਦੇਸ਼ਾਂ ਦੇ ਸਿਟੀਜਨਾਂ ਨੂੰ ਦਾਖਲੇ ਲਈ ਆਰਜ਼ੀ ਵੀਜ਼ੇ ਦੀ ਵੀ ਬਦਲੇ ਵਿਚ ਲੋੜ ਨਹੀਂ ਸਮਝਦਾ। ਇਹ ਹਾਲਤ ਵਿਚ ਇਨ੍ਹਾਂ ਦੇਸ਼ਾਂ ਦੇ ਸ਼ਹਿਰੀਆਂ ਨੂੰ ਵਪਾਰ ਜਾਂ ਟੂਰਿਸਟ ਦੇ ਤੌਰ ਉਤੇ ਸਿਰਫ 8 ਤੋਂ 90 ਦਿਨਾਂ ਦੀ ਆਗਿਆ ਦਿਤੀ ਜਾਂਦੀ ਹੈ।

6. ਰੀਪਬਲਿਕ ਆਫਿ ਇਕੁਆਡੋਰ ਦੇ ਬਦੇਸ਼ੀਆਂ ਲਈ ਡਾਇਰੈਕਟੋਰੇਟ ਕਿਸੇ ਨੂੰ ਇਮੀਗ੍ਰਾਂਟ ਵੀਜ਼ਾ ਦੇਣ ਲਈ ਅਧਿਕਾਰਤ ਨਹੀਂ ਹੈ। ਆਪਣੇ ਅਧਿਕਾਰ ਖੇਤਰ ਨੂੰ ਦਰਸਾਂਦਿਆਂ ਕੋਈ ਵੀ ਵਿਅਕਤੀ, ਉਹ ਭਾਵੇਂ ਆਪਣੇ ਆਪ ਨੂੰ 'ਰੀਪਬਲਿਕ ਆਫਿ ਖਾਲਿਸਤਾਨ' ਨਾਲ ਸੰਬੰਧਿਤ ਕਹਿੰਦਾ ਹੋਵੇ ਜਾਂ "ਅਜਿਹਾ ਸਿਖ" ਕਹਾਉਂਦਾ ਹੋਵੇ। ਇਨ੍ਹਾਂ ਵਿਚੋਂ ਕੋਈ ਵੀ ਨਾਨ-ਇਮੀਗਰੈਂਟ ਵੀਜ਼ੇ ਦੇ ਤੌਰ ਤੇ ਰਜਿਸਟਰਡ ਨਹੀਂ ਹੈ ਜੋ ਅਜਿਹੇ ਕਥਿਤ ਦੇਸ਼ ਜਾਂ ਕੌਮ ਨਾਲ ਸੰਬੰਧ ਰਖਣ ਦਾ ਦਾਅਵਾ ਕਰਦਾ ਹੋਵੇ।

7. ਇਕੁਆਡੋਰ ਦਾ ਬਦੇਸ਼ ਮੰਤਰਾਲਿਆ, ਭਾਰਤ ਸਰਕਾਰ ਦਾ ਦਿਲੋਂ ਧੰਨਵਾਦੀ ਹੋਵੇਗਾ ਜੇਕਰ ਉਹ ਇਕੁਆਡੋਰ ਦੀ ਸਰਕਾਰ ਦੇ ਇਸ ਬਿਆਨ ਨੂੰ ਵੱਧ ਤੋਂ ਵੱਧ ਪਰਚਾਰ ਸਕੇ।

ਇਕੁਆਡੋਰ ਦੀ ਸਰਕਾਰ ਅੰਤਰਰਾਸ਼ਟਰੀ ਪ੍ਰੈਸ ਵਿਚ ਬਾਰ ਬਾਰ ਕੀਤੇ ਉਨ੍ਹਾਂ ਲੋਕਾਂ ਦੇ ਐਲਾਨਾਂ ਦਾ ਉਤਰ ਨਹੀਂ ਦੇ ਸਕਦੀ ਜੋ ਇਕੁਆਡੋਰ ਦੀ ਸਰਕਾਰ ਵਲੋਂ ਪਰਵਾਨ ਹੋਣ ਦੀਆਂ ਗੱਲਾਂ ਕਰਦੇ ਹਨ। ਇਹ ਜ਼ਰੂਰੀ ਹੈ ਕਿ ਉਨ੍ਹਾਂ ਦੇ ਇਥੇ ਆਉਣ ਦੀ ਆਗਿਆ ਦੇਣ ਲਈ ਉਪਰੋਕਤ ਅਸੂਲਾਂ ਨੂੰ ਪੂਰਿਆ ਕਰਨਾ ਜ਼ਰੂਰੀ ਹੈ। ਸੰਬੰਧਿਤ ਗਰੁੱਪਾਂ ਵਲੋਂ ਕੀਤੇ ਜਾਂਦੇ ਪ੍ਰਾਪੋਗੰਡੇ ਵਿਚ ਉਹ ਉਪਰੋਕਤ ਤੱਥਾਂ ਦਾ ਜ਼ਿਕਰ ਨਹੀਂ ਕਰਦੇ।

8. ਅੰਤ ਵਿਚ, ਬਦੇਸ਼ ਵਿਭਾਗ ਪ੍ਰੈਸ ਰਲੀਜ਼ਾਂ ਵਿਚ ਇਹ ਦਿਖਾਵੇਗਾ ਕਿ ਕਿਵੇਂ ਜਿਹੜੇ ਲੋਕ "ਰੀਪਬਲਿਕ ਆਫਿ ਖਾਲਿਸਤਾਨ" ਵਲੋਂ ਸਰਮਾਇਆ ਲਾਉਣ ਵਾਲੇ ਨੁਮਾਇੰਦੇ ਦਸਦੇ ਸਨ ਨੂੰ, ਇਕੁਆਡੋਰ ਚਾਂਸਲਰੀ ਅਤੇ ਵਪਾਰ ਤੇ ਇੰਡਸਟਰੀ ਦੀ ਮਨਿਸਟਰੀ ਵਲੋਂ ਇਜਾਜ਼ਤ ਨਹੀਂ ਦਿਤੀ ਗਈ।

# ਕੈਲੇਫੋਰਨੀਆ ਵਿਚ ਕਲਚਰਲ ਜਥੇਬੰਦੀ ਬਣਾਉਣ ਬਾਰੇ ਮੀਟਿੰਗ

ਪਿਛਲੇ ਹਫਤੇ ਡੈਲੇਨੋ ਵਿਚ ਪੰਜਾਬੀ ਪੀਪਲਜ਼ ਕਲਚਰਲ ਐਸੋ: ਦੀ ਸਥਾਪਨਾ ਵਾਸਤੇ ਮੈਕਫਾਰਲੈਂਡ ਇਲਾਕੇ ਦੇ 20 ਕੁ ਅਗਾਂਹ ਵਧੂ ਵਿਅਕਤੀਆਂ ਦੀ ਮੀਟਿੰਗ ਹੋਈ ਜਿਸ ਵਿਚ ਜਥੇਬੰਦੀ ਬਾਰੇ, ਸਭਿਆਚਾਰ ਬਾਰੇ ਵਿਚਾਰ ਵਟਾਂਦਰਾ ਹੋਇਆ। ਸਰਬਸੰਮਤੀ ਨੇ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਜਥੇਬੰਦੀ ਜ਼ਰੂਰ ਸਥਾਪਤ ਕੀਤੀ ਜਾਵੇ ਕਿਉਂਕਿ ਸਾਡੇ ਮੁਲਕਾਂ ਇੰਗਲੈਂਡ, ਕਨੇਡਾ ਤੇ ਅਮਰੀਕਾ ਵਿਚ ਹੋਰ ਕੋਈ ਸਾਧਨ ਨਹੀਂ ਕਿ ਲੋਕਾਂ ਨੂੰ ਜਥੇਬੰਦੀਆਂ ਤੋਂ ਬਿਨਾਂ ਇਕੱਠੇ ਨਹੀਂ ਰੱਖਿਆ ਜਾ ਸਕਦਾ ਹੈ।

ਪਰ ਇਸ ਮੀਟਿੰਗ ਨੂੰ ਐਡਹਾਕ ਅਧਾਰ ਹੀ ਰਖੇ ਜਾਣ ਦਾ ਫੈਸਲਾ ਕੀਤਾ ਗਿਆ ਕਿਉਂਕਿ ਲੰਮਾਂ ਕਾਰਾਂ ਕਰਕੇ ਬਹੁਤ ਸਾਰੇ ਲੋਕ ਇਥੇ ਪਹੁੰਚ ਨਹੀਂ ਸਕੇ ਜਿਸ ਲਈ ਕਨਵੀਨਰ ਨੂੰ ਹੀ ਦੋਬਾਰਾ ਜਨਵਰੀ ਦੇ ਅੰਤ ਤੱਕ ਇਕ ਵੱਡੀ ਮੀਟਿੰਗ ਸਦ ਕੇ ਚੋਣ ਦੇ ਪਰੋਗਰਾਮ ਤਹਿ ਕੀਤਾ ਜਾਵੇ।

ਕੁਝ ਮੈਂਬਰਾਂ ਦੀ ਇਸ ਬਾਰੇ ਆਮ ਸਹਿਮਤੀ ਸੀ ਕਿ ਸਾਨੂੰ ਵਿਦੇਸ਼ਾਂ ਵਿਚ ਭਾਰਤੀ ਸਭਿਆਚਾਰ ਦੇ ਦਾ ਅਗਾਂਹਵਧੂ ਪੱਖ ਪ੍ਰਚਾਰਨਾ ਚਾਹੀਦਾ ਹੈ ਤੇ ਇਸਦੇ ਲੋਕ ਪੱਖੀ ਨੂੰ ਵਧਾਉਣ ਲਈ ਹਰ ਉੱਦਮ ਕਰਨਾ ਚਾਹੀਦਾ ਹੈ।

ਨਾਲ ਹੀ ਪਿਛਾਹ ਖਿਚੂ ਤੇ ਫਿਰਕੂ ਪਰੋਗਰਾਮ ਨੂੰ ਕੰਡਮ ਕਰਨਾ ਚਾਹੀਦਾ ਹੈ ਤਾਂ ਹੀ ਇਕ ਵੱਡਾ ਫਰੰਟ ਬਣਾਇਆ ਜਾ ਸਕਦਾ ਹੈ। ਸੋ ਬਾਕੀ ਕਾਰਵਾਈ ਦੀ ਰੀਪੋਰਟ ਅਗਲੀ ਮੀਟਿੰਗ ਤੋਂ ਬਾਅਦ ਭੇਜੀ ਜਾਵੇਗੀ।

## ਖਾਸ ਸੂਚਨਾ

ਗਦਰੀ ਦੇਸ਼ ਭਗਤ ਹਾਲ ਸਾਨਫਰਾਂਸਿਸਕੋ ਵਿਚ ਕੌਂਸਲੇਟ ਨੇ ਪਬਲਿਕ ਦੇ ਦੇਖਣ ਲਈ ਖੋਲ੍ਹਣ ਦਾ ਫੈਸਲਾ ਕਰ ਲਿਆ ਹੈ। ਹਫਤੇ ਦੇ ਦਿਨਾਂ ਵਿਚ ਅਤੇ ਵੀਕ ਇੰਡ ਤੇ ਇਕ ਦਿਨ ਪੂਰਾ ਖੁਲ੍ਹਾ ਰਹੇਗਾ। ਸਾਰੇ ਸੱਜਣਾਂ ਨੂੰ ਬੇਨਤੀ ਹੈ ਕਿ ਜਦੋਂ ਉਹ ਸਾਨਫਰਾਂਸਿਸਕੋ ਜਾਣ ਕੌਂਸਲੇਟ ਤੋਂ ਫੋਨ ਕਰਕੇ ਪਤਾ ਕਰ ਲੈਣ।

(ਵਿਸਤਾਰ ਨਾਲ ਅਗਲੇ ਅੰਕ ਵਿਚ)

# ਸ਼ਾਇਦ ਹਿੰਦ 'ਚ ਨਾ ਰਹਾਂ — ਰਜਨੀਸ਼

ਹੈਸਬਰਗ — ਆਚਾਰੀਆ ਰਜਨੀਸ਼, ਜਿਹੜੇ ਕੁਝ ਸਮਾਂ ਪਹਿਲਾਂ ਹੀ ਅਮਰੀਕਾ ਤੋਂ ਕੱਢੇ ਜਾਣ ਮਗਰੋਂ ਮਨਾਲੀ ਵਿਚ ਰਹਿਣ ਲਈ ਆਏ ਹਨ, ਦਾ ਕਹਿਣਾ ਹੈ ਕਿ ਉਹ ਸ਼ਾਇਦ ਲੰਬਾ ਸਮਾਂ ਭਾਰਤ ਵਿਚ ਨਾ ਰਹਿਣ। ਇਹ ਗੱਲ ਉਨ੍ਹਾਂ ਪੱਛਮੀ ਜਰਮਨੀ ਦੇ ਇਕ ਹਫਤਾਵਾਰੀ ਰਸਾਲੇ 'ਦਾਰਸਪੀਗਲ' ਨੂੰ ਦਿਤੀ ਇੰਟਰਵਿਊ ਵਿਚ ਕਹੀ ਹੈ। ਰਜਨੀਸ਼ ਨੇ ਕਿਹਾ, "ਭਾਰਤ ਮੇਰੀ ਮਾਂ ਭੂਮੀ ਨਹੀਂ। ਮੈਂ ਕਿਸੇ ਇਕ ਦੇਸ਼ ਦਾ ਨਹੀਂ ਹਾਂ ਸਗੋਂ ਸਾਰੀ ਧਰਤੀ ਮੇਰਾ ਘਰ ਹੈ।" ਉਨ੍ਹਾਂ ਅਨੁਸਾਰ ਉਨ੍ਹਾਂ ਦੇ ਚੇਲੇ ਦੁਨੀਆਂ ਭਰ ਵਿਚ ਕਿਸੇ ਵਾਜਬ ਥਾਂ ਦੀ ਭਾਲ ਕਰ ਰਹੇ ਹਨ ਜਿਥੇ ਉਹ ਆਪਣਾ ਨਵਾਂ ਕਮਿਊਨ ਚਾਲੂ ਕਰ ਸਕਣ ਕਿਉਂਕਿ ਉਤਰੀ ਪੱਛਮੀ ਅਮਰੀਕਾ ਵਿਚ ਓਰੇਗੋਂ ਦੀ ਸਟੇਟ ਵਿਚਲਾ ਕਮਿਊਨ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ "ਸ਼ਾਇਦ ਦੋ ਹਫਤਿਆਂ ਵਿਚ ਗੱਲ ਸਿਰੇ ਲਗ ਜਾਵੇ।"

ਉਨ੍ਹਾਂ ਇਸ ਦੋਸ਼ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਦੇ ਚੇਲਿਆਂ ਦੀ ਗਿਣਤੀ ਘਟੀ ਹੈ। "ਸਗੋਂ ਪਿਛਲੇ ਕੁਝ ਮਹੀਨਿਆਂ ਦੀਆਂ ਘਟਨਾਵਾਂ ਨੇ ਸਾਨੂੰ ਮਜ਼ਬੂਤ ਕੀਤਾ ਹੈ। ਬਹੁਤ ਸਾਰੇ ਲੋਕ ਜਿਹੜੇ ਕਮਿਊਨ ਛੱਡ ਗਏ ਸਨ ਫਿਰ ਪਰਤ ਆਏ ਹਨ। ਉਨ੍ਹਾਂ ਮੈਨੂੰ ਪਿਆਰ ਕਰਨਾ ਸ਼ੁਰੂ ਕਰ ਦਿਤਾ ਹੈ।"

---

(ਪੰਨਾ 1, ਕਾਲਮ 2 ਦੀ ਬਾਕੀ)

ਵਿਚ ਅਕਾਲੀ ਦਲ ਦੀ ਬੜੀ ਵੱਡੀ ਗਿਣਤੀ ਵਿਚ ਡੈਲੀਗੇਟ ਅਤੇ ਮੈਂਬਰ ਬਰਨਾਲਾ ਦੇ ਪਿਛੇ ਖਲੋਤੇ ਹਨ। ਸਮਝਿਆ ਜਾਂਦਾ ਹੈ ਕਿ ਇਹ ਸ. ਬਾਦਲ ਉਪਰ ਪੰਜਾਬ ਸਮਝੌਤੇ ਤੋਂ ਮਗਰੋਂ ਚੌਥੀ ਰਾਜਸੀ ਸੱਟ ਹੈ।

ਪੰਜਾਬ ਦੀ ਰਾਜਨੀਤੀ ਵਿਚ ਇਹ ਅਕਾਲੀ ਦਲ ਦੇ ਜਗੀਰਦਾਰ ਧੜੇ ਦੀ ਇਕ ਰਾਜਸੀ ਹਾਰ ਵੀ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਸਵਰਗਵਾਸੀ ਸੰਤ ਫਤੇਹ ਸਿੰਘ ਤੋਂ ਪੱਚੀ ਸਾਲ ਪਹਿਲਾਂ ਤੋਂ ਅਕਾਲੀ ਦਲ ਦੀ ਪ੍ਰਧਾਨਗੀ ਉਪਰ ਸੰਤਾਂ ਦੇ ਕਬਜ਼ੇ ਦੀ ਪਰੰਪਰਾ ਵੀ ਖਤਮ ਹੋ ਗਈ ਹੈ। ਸਿੱਖ ਰਾਜਨੀਤੀ ਵਿਚ ਕਿਸੇ ਸੰਤ ਦਾ ਦਖਲ ਤੇ ਪ੍ਰਭਾਵ ਇਸ ਸਦੀ ਦੀ ਅਕਾਲੀ ਲਹਿਰ ਦੀ ਪਰੰਪਰਾ ਦੇ ਵਿਰੁੱਧ ਹੀ ਸਿੱਧ ਹੁੰਦਾ ਹੈ। ਇਹ ਖਿਆਲ ਕੀਤਾ ਜਾਂਦਾ ਹੈ ਕਿ ਸੰਤ ਅਜੀਤ ਸਿੰਘ ਵਲੋਂ ਕੀਤਾ ਬਾਈਕਾਟ, ਬਾਬਾ ਦਲ ਦੇ ਬਾਈਕਾਟ ਨਾਲ ਹੀ ਮੇਲ ਖਾਂਦਾ ਹੈ ਤੇ ਇਸ ਦਾ ਹਸ਼ਰ ਵੀ ਉਹੋ ਜਿਹਾ ਹੀ ਸਿੱਧ ਹੋਇਆ ਹੈ।


FLEXIBLE PREMIUM LIFE INSURANCE TAILOR-MADE

To your needs which you can afford.

ਮੈਰੀ ਕ੍ਰਿਸਮਿਸ ਅਤੇ ਨਵਾਂ ਸਾਲ ਮੁਬਾਰਕ!

TOGETHER WE ARE STRONGER

NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਆਪਣੀਆਂ ਇੰਨਸ਼ੋਰੇਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸੋਰੇਂਸ
- ਗਰੁਪ ਇੰਨਸ਼ੋਰੇਂਸ਼
- ਮਾਰਗੇਜ ਇੰਨਸ਼ੋਰੇਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੇਂਸ

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

1507 - 330 Portage Avenue
Winnipeg, Manitoba R3C 0C4
Bus. 943-1526
Res. 694-0731

NORTH AMERICAN LIFE ASSURANCE CO.



Raj Singh Mann

# ਦੱਖਣੀ ਏਸ਼ੀਆ ਦੇ ਦੇਸ਼ਾਂ ਵਿਚਾਲੇ ਮਿਲਵਰਤਣ ਵਧਾਉਣ ਦਾ ਫੈਸਲਾ

ਢਾਕਾ — ਸਾਊਥ ਏਸ਼ੀਅਨ ਐਸੋ: ਆਫ ਰਿਜ਼ਨਲ ਕੋਆਪਰੇਸ਼ਨ (ਸਾਰਕ) ਨੇ ਸਾਂਝੇ ਤੌਰ 'ਤੇ ਇਕ ਚਾਰਟਰ ਉਪਰ ਦਸਤਖਤ ਕਰ ਕੇ ਦੱਖਣੀ ਏਸ਼ੀਆ ਦੇ ਸੱਤ ਦੇਸ਼ਾਂ ਦੇ ਆਪਸੀ ਸਹਿਯੋਗ ਨੂੰ ਵਧਾਉਣ ਅਤੇ ਇਸ ਖਿੱਤੇ ਵਿਚ ਅਮਨ ਤੇ ਮਿੱਤਰਤਾ ਨੂੰ ਉਤਸ਼ਾਹਤ ਕਰਨ ਲਈ ਇਕ ਨਵੇਂ ਯੁੱਗ ਦਾ ਆਰੰਭ ਕੀਤਾ। ਚਾਰਟਰ ਉਪਰ ਦਸਤਖਤ ਕਰਨ ਵਾਲਿਆਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ, ਸ੍ਰੀ ਲੰਕਾ ਦੇ ਰਾਸ਼ਟਰਪਤੀ ਜੂਨੀਅਸ ਜੈਵਰਧਨੇ, ਮਾਲਦੀਵ ਦੇ ਰਾਸ਼ਟਰਪਤੀ ਅਬਦੁਲ ਗਯੂਮ, ਨੇਪਾਲ ਦੇ ਸ਼ਾਹ ਬਿਰੇਂਦਰ, ਭੂਟਾਨ ਦੇ ਬਾਦਸ਼ਾਹ ਜਿੰਗਮੇ ਸਿੰਘੀਏ ਵਾਂਗਚੁਕ ਅਤੇ ਬੰਗਲਾ ਦੇਸ਼ ਦੇ ਰਾਸ਼ਟਰਪਤੀ ਲੈਫਟੀਨੈਂਟ ਜਨਰਲ ਹੁਸੈਨ ਮੁਹੰਮਦ ਇਰਸ਼ਾਦ ਸ਼ਾਮਲ ਹਨ। ਉਕਤ ਆਗੂਆਂ ਦਾ ਵਿਸ਼ਵਾਸ਼ ਹੈ ਕਿ ਸਾਰਕ ਦੇ ਹੋਂਦ ਵਿਚ ਆਉਣ ਨਾਲ ਇਸ ਖਿੱਤੇ ਨੂੰ ਦਰਪੇਸ਼ ਮੁਸ਼ਕਲਾਂ ਦਾਸਹਿਜੇ ਹੀ ਹੱਲ ਢੂੰਡਿਆ ਜਾ ਸਕੇਗਾ। ਸੱਤਾਂ ਦੇਸ਼ਾਂ ਦੇ ਆਗੂਆਂ ਨੇ ਇਕ ਦੂਜੇ ਨੂੰ ਭਰਵਾਂ ਸਹਿਯੋਗ ਦੇਣ ਦਾ ਪ੍ਰਣ ਲਿਆ।

ਇਸ ਸੰਮੇਲਨ ਨੂੰ ਸੱਤਾਂ ਦੇਸ਼ਾਂ ਵਿਚ ਵਸਦੇ 90 ਕਰੋੜ ਲੋਕਾਂ ਦੇ ਭਲੇ ਲਈ ਚੁਕੇ ਜਾ ਰਹੇ ਸਾਂਝੇ ਕਦਮਾਂ ਦੀ ਸ਼ੁਰੂਆਤ ਗਿਣਿਆ ਗਿਆ ਅਤੇ ਮੰਨਿਆ ਗਿਆ ਕਿ 'ਸਾਰਕ' ਦਾ ਮਕਸਦ ਉਕਤ ਦੇਸ਼ਾਂ ਦੀ ਆਰਥਿਕ ਤੇ ਸਮਾਜਕ ਉਨਤੀ ਕਰਨਾ ਹੈ। 'ਸਾਰਕ' ਦੇ ਮੈਂਬਰਾਂ ਨੇ ਕਿਹਾ ਇਹ ਜਥੇਬੰਦੀ ਕੌਮਾਂਤਰੀ ਮਾਮਲਿਆਂ ਵਿਚ ਵੀ ਮਹੱਤਵਪੂਰਨ ਸ਼ਕਤੀ ਬਣ ਕੇ ਉਸਾਰੂ ਰੋਲ ਅਦਾ ਕਰੇਗੀ ਉਨ੍ਹਾਂ ਕਿਹਾ ਕਿ ਸੱਤਾਂ ਦੇਸ਼ਾਂ ਦੀਆਂ ਸਮਾਜਕ, ਸਭਿਆਚਾਰਕ ਤੇ ਇਤਿਹਾਸਕ ਜੜ੍ਹਾਂ ਸਾਂਝੀਆਂ ਹਨ ਅਤੇ ਇਹ ਆਪਣੇ ਕੁਦਰਤੀ ਸਾਧਨਾਂ ਦੀ ਵਰਤੋਂ ਆਪਣੇ ਲੋਕਾਂ ਦੇ ਭਲੇ ਲਈ ਹੀ ਕਰਨਗੇ।

ਐਲਾਨਨਾਮੇ ਵਿਚ ਅਜੋਕੀ ਕੌਮਾਂਤਰੀ ਸਿਆਸੀ ਸਥਿਤੀ 'ਤੇ ਅਤੇ ਪ੍ਰਮਾਣੂ ਹਥਿਆਰਾਂ ਪ੍ਰਤੀ ਲੱਗੀ ਦੌੜ ਬਾਰੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। 'ਸਾਰਕ' ਨੇ ਇਸ ਸਬੰਧ ਵਿਚ ਪ੍ਰਮਾਣੂ ਹਥਿਆਰਾਂ ਪ੍ਰਤੀ ਉਸਾਰੂ ਦੇਸ਼ਾਂ ਨੂੰ ਕਿਸੇ ਸਰਵ-ਪ੍ਰਵਾਨਿਤ ਸਮਝੌਤੇ 'ਤੇ ਪੁੱਜਣ ਦਾ ਸੱਦਾ ਦਿਤਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸ੍ਰੀ ਰੋਨਾਲਡ ਰੀਗਨ ਅਤੇ ਸ੍ਰੀ ਮਿਖਾਇਲ ਗੋਰਬਾਚੋਵ ਵਿਚਕਾਰ ਹੋਇਆ ਵਿਚਾਰ-ਵਟਾਂਦਰਾ ਕੌਮਾਂਤਰੀ ਅਮਨ ਤੇ ਸੁਰੱਖਿਆ ਲਈ ਸਹਾਈ ਸਿਧ ਹੋਵੇਗਾ। ਬੰਗਲਾ ਦੇਸ਼ ਦੇ ਰਾਸ਼ਟਰਪਤੀ ਜਨਰਲ ਇਰਸ਼ਾਦ, ਜੋ ਕਿ 'ਸਾਰਕ' ਸੰਮੇਲਨ ਦੇ ਚੇਅਰਮੈਨ ਵੀ ਹਨ, ਨੇ ਸਮਾਪਤੀ ਸ਼ੈਸਨ ਨੂੰ ਸ਼ੁਰੂ ਕਰਦਿਆਂ ਨਵੀਂ ਜਥੇਬੰਦੀ ਦੇ ਜਨਮ 'ਤੇ ਸਭ ਨੂੰ ਵਧਾਈ ਦਿਤੀ। ਨੇਪਾਲ ਦੇ ਸ਼ਾਹ ਬਿਰੇਂਦਰ ਨੇ ਐਲਾਨਨਾਮਾ ਪੇਸ਼ ਕੀਤਾ ਜਿਸ ਨੂੰ ਸਾਰੇ ਆਗੂਆਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿਤੀ।

'ਸਾਰਕ' ਦੀਆਂ ਨੀਤੀਆਂ ਅਤੇ ਸਬੰਧਤ ਦੇਸ਼ਾਂ ਦੇ ਆਪਸੀ ਸਹਿਯੋਗ ਦੀ ਰੂਪ-ਰੇਖਾ ਉਲੀਕੀ ਜਾਵੇਗੀ। ਵਿਦੇਸ਼ ਮੰਤਰੀ ਫੈਸਲਾ ਕਰਨਗੇ ਕਿ 'ਸਾਰਕ' ਦਾ ਪੱਕਾ ਸਕੱਤਰੇਤ ਕਿਥੇ ਬਣਾਇਆ ਜਾਵੇ।

# ਦੰਗਾਪੀੜਤ ਵਿਧਵਾਵਾਂ ਨੂੰ ਮਾਸਿਕ ਪੈਨਸ਼ਨ ਦੇਣ ਦਾ ਫੈਸਲਾ

ਮੋਰਿੰਡਾ — ਪੰਜਾਬ ਸਰਕਾਰ ਨੇ ਪਿਛਲੇ ਸਾਲ ਨਵੰਬਰ ਵਿਚ ਹੋਏ ਦੰਗਿਆਂ ਵਿਚ ਮਰਨ ਵਾਲਿਆਂ ਦੀਆਂ ਵਿਧਵਾਵਾਂ ਨੂੰ 250 ਰੁਪਏ ਦੀ ਮਾਸਿਕ ਪੈਨਸ਼ਨ ਸਹਾਇਤਾ 31 ਮਾਰਚ, 1988 ਤੱਕ ਦੇਣ ਦਾ ਫੈਸਲਾ ਕੀਤਾ ਹੈ। ਪੈਨਸ਼ਨ ਵਜੋਂ ਦਿਤੀ ਜਾਣ ਵਾਲੀ ਇਹ ਰਕਮ ਸਮਾਜ ਭਲਾਈ ਵਿਭਾਗ ਰਾਹੀਂ ਅਦਾ ਕੀਤੀ ਜਾਵੇਗੀ। ਪੰਜਾਬ ਸਰਕਾਰ ਵਲੋਂ ਇਸ ਸਬੰਧ ਵਿਚ ਜਾਰੀ ਇਕ ਗਜ਼ਟ ਨੋਟੀਫਿਕੇਸ਼ਨ ਅਨੁਸਾਰ ਇਹ ਫੈਸਲਾ ਪਹਿਲੀ ਨਵੰਬਰ, 1984 ਤੋਂ ਲਾਗੂ ਕੀਤਾ ਜਾਵੇਗਾ। ਪੈਨਸ਼ਨ ਉਨ੍ਹਾਂ ਵਿਧਵਾਵਾਂ ਨੂੰ ਦਿੱਤੀ ਜਾਵੇਗੀ ਜਿਹੜੀਆਂ ਦੰਗਿਆਂ ਪਿਛੋਂ ਪੰਜਾਬ ਵਿਚ ਆ ਵਸੀਆਂ ਹਨ।

ਨੋਟੀਫਿਕੇਸ਼ਨ ਅਨੁਸਾਰ ਪੈਨਸ਼ਨ ਪ੍ਰਾਪਤ ਕਰਨ ਦੀਆਂ ਚਾਹਵਾਨ ਔਰਤਾਂ ਨੂੰ ਆਪਣੇ ਬਿਨੈਪੱਤਰ ਡਾਇਰੈਕਟਰ, ਸਮਾਜ ਭਲਾਈ, ਪੰਜਾਬ ਨੂੰ ਦੇਣੇ ਹੋਣਗੇ। 31 ਮਾਰਚ, 1988 ਨੂੰ ਇਨ੍ਹਾਂ ਪੈਨਸ਼ਨਾਂ ਦੀ ਮਿਆਦ ਖਤਮ ਹੋਣ ਉਤੇ ਲਾਚਾਰ, ਬਿਰਧ ਤੇ ਅਪਾਹਜ ਵਿਧਵਾਵਾਂ ਨੂੰ ਬੁਢਾਪਾ ਤੇ ਲਾਚਾਰੀ ਪੈਨਸ਼ਨ ਦੀ ਅਦਾਇਗੀ ਸ਼ੁਰੂ ਕਰ ਦਿਤੀ ਜਾਵੇਗੀ। ਬਾਕੀ ਵਿਧਵਾਵਾਂ ਨੂੰ ਵੱਖ ਵੱਖ ਕਿੱਤਿਆਂ ਵਿਚ ਖਪਾ ਕੇ ਰੋਜ਼ੀ-ਰੋਟੀ ਦੇ ਕਾਬਲ ਬਣਾਇਆ ਜਾਵੇਗਾ।

# ਪੰਜਾਬ ਵਿਚ ਅਤਿਵਾਦੀ ਸਰਗਰਮੀਆਂ ਵਿਚ ਭਾਰੀ ਕਮੀ — ਬਰਨਾਲਾ

ਲੁਧਿਆਣਾ — ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਥੇ ਕਿਹਾ ਕਿ ਰਾਜ ਵਿਚ ਅਤਿਵਾਦੀ ਦੀਆਂ ਸਰਗਰਮੀਆਂ ਵਿਚ ਕਾਫੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਵੈਸੇ ਕੁਝ ਲੋਕ ਅਜੇ ਵੀ ਹਿੰਸਕ ਵਾਰਦਾਤਾਂ ਵਿਚ ਲੱਗੇ ਹੋਏ ਹਨ ਪਰ ਉਨ੍ਹਾਂ ਲੋਕਾਂ ਦਾ ਕੋਈ ਦੀਨ-ਧਰਮ ਨਹੀਂ ਹੈ। ਮੁਖ ਮੰਤਰੀ ਨੇ ਦਾਅਵਾ ਕੀਤਾ ਕਿ ਹਿੰਸਕ ਵਾਰਦਾਤਾਂ ਪਿਛਲੇ ਸਾਲ ਨਾਲੋਂ ਤੀਜਾ ਹਿੱਸਾ ਹੀ ਹੋਈਆਂ ਹਨ। ਉਨ੍ਹਾ ਨੇ ਕਿਹਾ ਕਿ ਇਨ੍ਹਾਂ ਦੋਸ਼ਾਂ ਵਿਚ ਕੋਈ ਸਚਾਈ ਨਹੀਂ ਕਿ ਛੱਡੇ ਗਏ ਨੌਜਵਾਨ ਮੁੜ ਵਾਰਦਾਤਾਂ ਵਿਚ ਲਗ ਗਏ ਹਨ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਤਾਂ ਨੌਕਰੀਆਂ ਅਤੇ ਸਹਾਇਤਾ ਲਈ ਸਰਕਾਰ ਤਕ ਪਹੁੰਚ ਕਰ ਰਹੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਬਰਨਾਲਾ ਨੇ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਮ ਘਟਨਾਵਾਂ ਨੂੰ ਵਧਾ ਚੜ੍ਹਾ ਕੇ ਨਾ ਛਾਪਣ ਅਤੇ ਅਮਨ-ਕਾਨੂੰਨ ਦੀ ਸਥਿਤੀ ਸੁਧਾਰਨ ਵਿਚ ਸਰਕਾਰ ਦੀ ਮਦਦ ਕਰਨ।

ਮੁਖ ਮੰਤਰੀ ਨੇ ਕਿਹਾ ਕਿ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਬਾਰੇ ਕੋਈ ਮਤਭੇਦ ਨਹੀਂ। ਉਨ੍ਹਾਂ ਕਿਹਾ ਕਿ ਇਸ ਕਮੇਟੀ ਨੇ ਤਾਂ ਪੇਸ਼ਾਵਰ ਮੁਜਰਿਮਾਂ ਦੇ ਕੇਸਾਂ ਉਤੇ ਵਿਚਾਰ ਹੀ ਨਹੀਂ ਕੀਤੀ। ਮੁਖ ਮੰਤਰੀ ਨੇ ਕਿਹਾ ਕਿ ਪੰਜਾਬ ਸਮਝੌਤੇ ਹੇਠ ਚਡੀਗੜ੍ਹ 26 ਜਨਵਰੀ ਨੂੰ ਪੰਜਾਬ ਨੂੰ ਮਿਲ ਜਾਵੇਗਾ।

ਅਕਾਲੀ ਦਲ ਵਿਚ ਮੁਕੰਮਲ ਏਕਤਾ ਦਾ ਦਾਅਵਾ ਕਰਦਿਆਂ ਮੁਖ ਮੰਤਰੀ ਅਤੇ ਪਾਰਟੀ ਪ੍ਰਧਾਨ ਸ੍ਰੀ ਬਰਨਾਲਾ ਨੇ ਕਿਹਾ ਕਿ ਵਜ਼ਾਰਤ ਵਿਚ ਵਾਧਾ ਇਸ ਸਾਲ ਦੇ ਅੰਤ ਤੋਂ ਪਹਿਲਾਂ ਪਹਿਲਾਂ ਕਰ ਦਿੱਤਾ ਜਾਵੇਗਾ ਅਤੇ ਚਾਲੂ ਮਹੀਨੇ ਦੇ ਵਿਚ ਬੋਰਡ ਅਤੇ ਇੰਪਰੂਵਮੈਂਟ ਟਰਸਟ ਕਾਇਮ ਕਰ ਦਿਤੇ ਜਾਣਗੇ। ਮੁਖ ਮੰਤਰੀ ਨੇ ਦੱਸਿਆ ਕਿ ਦੰਗਿਆਂ ਪਿਛੋਂ ਬੇਘਰ ਹੋ ਕੇ ਪੰਜਾਬ ਵਿਚ ਰਹਿ ਰਹੇ ਦੰਗਾਂ ਪੀੜਤਾਂ ਨੂੰ ਗਰਮ ਕੱਪੜੇ ਖਰੀਦਣ ਲਈ ਇਕ ਇਕ ਹਜ਼ਾਰ ਰੁਪਏ ਦੀ ਸਹਾਇਤਾ ਅਤੇ ਫਲੈਟ ਦਿਤੇ ਜਾਣਗੇ।

ਜ਼ਿਲਾ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਮੁਖ ਮੰਤਰੀ ਨੇ ਉਨ੍ਹਾਂ ਨੂੰ ਸਰਕਾਰ ਦੀਆਂ ਨੀਤੀਆਂ ਨੂੰ ਅਮਲੀ ਰੂਪ ਦੇਣ ਲਈ ਕਿਹਾ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਤੁਰਤ ਨਿਪਟਾਰੇ ਦੀ ਸਲਾਹ ਦਿਤੀ। ਉਨ੍ਹਾਂ ਨੇ ਲੋਕਾਂ ਨੂੰ ਸਰਕਾਰ ਨੂੰ ਮਿਲਵਰਣ ਦੇਣ ਅਤੇ ਸ਼ਰਾਰਤੀਆਂ ਤੋਂ ਚੌਕਸ ਰਹਿਣ ਲਈ ਕਿਹਾ। ਮੁਖ ਮੰਤਰੀ ਨੇ ਕਿਹਾ ਕਿ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਅਤੇ ਭਗੌੜੇ ਫੌਜੀਆਂ ਦੇ ਮਾਮਲਿਆਂ ਨੂੰ ਪਹਿਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਅਕਾਲੀ ਦਲ ਦੀ ਭਗੌੜੇ ਫੌਜੀਆਂ ਪ੍ਰਤੀ ਖਾਸ ਜ਼ਿੰਮੇਵਾਰੀ ਬਣਦੀ ਹੈ।

ਜ਼ਿਲਾ ਰੈਡ ਕਰਾਸ ਸੁਸਾਇਟੀ ਦੇ ਸੀਨੀਅਰ ਸਿਟੀਜ਼ਨ ਹੋਮ ਵਿਚ ਐਲਡਜ਼ ਡੇ ਦੇ ਮੌਕੇ ਉਤੇ ਵਿਚਾਰ ਪ੍ਰਗਟ ਕਰਦਿਆਂ ਸ੍ਰੀ ਬਰਨਾਲਾ ਨੇ ਰੈਡ ਕਰਾਸ ਸੁਸਾਇਟੀ ਵਲੋਂ ਲੋਕਾਂ ਦੀ ਕੀਤੀ ਜਾ ਰਹੀ ਸੇਵਾ ਲਈ ਸੁਸਾਇਟੀ ਦੀ ਸਰਾਹਨਾ ਕੀਤੀ। ਮੁਖ ਮੰਤਰੀ ਦੀ ਪਤਨੀ ਸ੍ਰੀਮਤੀ ਸੁਰਜੀਤ ਕੌਰ ਨੇ ਇਸ ਕੌਮੇ ਉਤੇ ਬਜ਼ੁਰਗ ਔਰਤਾਂ ਨੂੰ ਸ਼ਾਲ ਵੰਡੇ।

# ਅਬੋਹਰ ਫਾਜ਼ਿਲਕਾ ਪੰਜਾਬ ਦਾ ਅਟੁੱਟ ਅੰਗ-ਹਿੰਦੂ ਸੰਗਠਨ

ਲੁਧਿਆਣਾ — ਪੰਜਾਬ ਹਿੰਦੂ ਸੰਗਠਨ ਦੇ ਪ੍ਰਧਾਨ ਸ੍ਰੀ ਸੁਰਿੰਦਰ ਕੁਮਾਰ ਬਿੱਲਾ ਨੇ ਕਿਹਾ ਹੈ ਕਿ ਅਬੋਹਰ-ਫਾਜ਼ਿਲਕਾ ਪੰਜਾਬ ਦਾ ਅਟੁੱਟ ਹਿੱਸਾ ਹੈ ਤੇ ਇਸ ਨੂੰ ਪੰਜਾਬ ਤੋਂ ਕੋਈ ਵੱਖ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਇਸ ਮਸਲੇ ਬਾਰੇ ਵਾਦ-ਵਿਵਾਦ ਤੁਰੰਤ ਖਤਮ ਕੀਤਾ ਜਾਣਾ ਚਾਹੀਦਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਦੀ ਸਥਾਪਨਾ ਦੇ ਬਾਅਦ ਰਾਜ ਵਿਚ ਤੀਹ ਵਿਅਕਤੀ ਦਹਿਸ਼ਤਪਸੰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਚੁੱਕੇ ਹਨ ਤੇ ਸਰਕਾਰ ਇਸ ਸਬੰਧ ਵਿਚ ਕੋਈ ਅਸਰਦਾਰ ਕਾਰਵਾਈ ਕਰਨ ਵਿਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਕਤਲ, ਲੁੱਟਮਾਰ ਤੇ ਹਿੰਸਕ ਕਾਰਵਾਈਆਂ ਦੇ ਕਿਸੇ ਦੋਸ਼ੀ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ ਜੋ ਅਮਨ ਕਾਨੂੰਨ ਕਾਇਮ ਰਖਣ ਵਾਲੀ ਮਸ਼ੀਨਰੀ ਦੀ ਨਾਕਾਮੀ ਤੇ ਬੇਬਸੀ ਦਾ ਸਬੂਤ ਹੈ।

ਸ੍ਰੀ ਬਿੱਲਾ ਨੇ ਕਿਹਾ ਕਿ ਦਹਿਸ਼ਤਪਸੰਦ ਤੇ ਫਿਰਕੂ ਤਾਕਤਾਂ ਵਿਰੁਧ ਸਖਤ ਕਦਮ ਚੁਕੇ ਬਿਨਾਂ ਰਾਜ ਵਿਚ ਅਮਨ ਤੇ ਆਮ ਵਰਗੀ ਹਾਲਤ ਬਹਾਲ ਨਹੀਂ ਕੀਤੀ ਜਾ ਸਕਦੀ ਪਰ ਸਰਕਾਰ ਇਸ ਪਾਸੇ ਆਪਣੀ ਜ਼ਿੰਮੇਵਾਰੀ ਤੋਂ ਕੰਨੀ ਕਤਰਾ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਪੰਜਾਬ ਵਿਚ ਮੁੜ ਅਪਰੇਸ਼ਨ ਬਿਲਊ ਸਟਾਰ ਤੋਂ ਪਹਿਲਾਂ ਵਾਲੀ ਹਾਲਤ ਪੈਦਾ ਕੀਤੀ ਜਾ ਰਹੀ ਹੈ ਅਤੇ ਧਾਰਮਕ ਅਸਥਾਨਾਂ ਨੂੰ ਮੁਜਰਿਮਾਂ ਤੇ ਅਤਿਵਾਦੀਆਂ ਦੀਆਂ ਪਨਾਹਗਾਹਾਂ ਬਣਾਇਆ ਜਾ ਰਿਹਾ ਹੈ।

# ਥੀਨ ਡੈਮ ਦੀ ਉਸਾਰੀ ਵਿਦੇਸ਼ੀ ਫਰਮ ਨੂੰ ਸੌਂਪੀ ਜਾਵੇਗੀ?

**ਸ਼ਿਆਮ ਖੋਸਲਾ**

ਚੰਡੀਗੜ੍ਹ — ਕੇਂਦਰ ਸਰਕਾਰ ਥੀਨ ਡੈਮ ਦੀ ਉਸਾਰੀ ਦਾ ਕੰਮ ਜਪਾਨ ਤੇ ਇਟਲੀ ਦੀ ਸਾਂਝੀ ਫਰਮ ਦੇ ਹਵਾਲੇ ਕਰਨ ਲਈ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਜੀਮਾ-ਇਮਰੇਲੀਗੋ ਨਾਮੀ ਇਸ ਫਰਮ ਨੇ ਇਹ ਪ੍ਰਾਜੈਕਟ 7 ਦੀ ਥਾਂ 5 ਸਾਲਾਂ 'ਚ ਮੁਕੰਮਲ ਕਰਨ ਤੇ ਭਾਰਤੀ ਇੰਜਨੀਅਰਾਂ ਵਲੋਂ ਲਾਏ ਗਏ ਅੰਦਾਜ਼ੇ ਤੋਂ ਕਿਤੇ ਘੱਟ ਖਰਚੇ ਨਾਲ ਸਾਰ ਲੈਣ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਪਰਚੇ ਦੀ ਅਦਾਇਗੀ ਵੀ ਬਾਅਦ 'ਚ ਕਿਸ਼ਤਾਂ 'ਚ ਲੈਣ ਦੀ ਪੇਸ਼ਕਸ਼ ਕੀਤੀ ਹੈ।

ਇਸ ਫਰਮ ਦੇ ਮਾਹਿਰਾਂ ਦੀ ਇਕ ਟੀਮ ਨੇ ਪਿਛਲੇ ਸਾਲ ਜੁਲਾਈ ਮਹੀਨੇ ਵਿਚ ਥੀਨ ਡੈਮ ਪ੍ਰਾਜੈਕਟ ਦੀ ਥਾਂ ਦਾ ਦੌਰਾ ਕਰ ਕੇ ਕੇਂਦਰੀ ਤੇ ਰਾਜ ਸਰਕਾਰਾਂ ਦੇ ਅਧਿਕਾਰੀਆਂ ਨਾਲ ਭਰਵਾਂ ਵਿਚਾਰ-ਵਟਾਂਦਰਾ ਕੀਤਾ। ਫਰਮ ਨੇ ਆਪਣੀ ਪੇਸ਼ਕਸ਼ ਸਬੰਧੀ ਕੇਂਦਰ ਸਰਕਾਰ ਨੂੰ 25 ਅਕਤੂਬਰ ਨੂੰ ਵਿਸਥਾਰ 'ਚ ਇਕ ਖਰੜਾ ਪੇਸ਼ ਕੀਤਾ। ਇਸ ਦੀ ਇਕ ਕਾਪੀ ਰਾਜ ਸਰਕਾਰ ਨੂੰ ਵੀ ਭੇਜੀ ਗਈ। ਉਧਰ ਪੰਜਾਬ ਦੇ ਸਿੰਚਾਈ ਤੇ ਬਿਜਲੀ ਸਕੱਤਰ ਸ੍ਰੀ ਤੇਜਿੰਦਰ ਖੰਨਾ ਨੇ ਪੰਜਾਬੀ ਟ੍ਰਿਬਿਊਨ ਨੂੰ ਦੱਸਿਆ ਕਿ ਸਰਕਾਰ ਨੇ ਫਰਮ ਦੀ ਪੇਸ਼ਕਸ਼ ਬਾਰੇ ਕੋਈ ਫੈਸਲਾ ਨਹੀਂ ਲਿਆ। ਉਨ੍ਹਾਂ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਕਿ ਕੇਂਦਰ ਨੇ ਫਰਮ ਨੂੰ ਠੇਕਾ ਦੇ ਦਿਤਾ ਹੈ ਤੇ ਪ੍ਰਾਜੈਕਟ ਦੇ ਮੁਕੰਮਲ ਹੋਣ ਬਾਅਦ ਇਸ ਤੋਂ ਹੁੰਦੀ ਆਮਦਨ ਵੀਹ ਸਾਲ ਤਕ ਫਰਮ ਨੂੰ ਦਿਤੀ ਜਾਂਦੀ ਰਹੇਗੀ।

ਪੰਜਾਬ ਸਿੰਚਾਈ ਵਿਭਾਗ ਦੇ ਇੰਜਨੀਅਰ ਅਜਿਹੀ ਕਿਸੇ ਵੀ ਚਾਲ ਦੇ ਵਿਰੁਧ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਾਜੈਕਟ ਦਾ ਕੰਮ ਵਿਦੇਸ਼ੀ ਫਰਮ ਨੂੰ ਸੌਂਪੇ ਜਾਣ ਦੀ ਸੂਰਤ 'ਚ ਜਿਥੇ ਇੰਜਨੀਅਰਾਂ 'ਚ ਬੇਰੁਜ਼ਗਾਰੀ ਫੈਲੇਗੀ ਉਥੇ ਪਹਿਲਾਂ ਹੀ ਨੌਕਰੀਆਂ ਉਤੇ ਲੱਗੇ ਇੰਜਨੀਅਰਾਂ ਦੀਆਂ ਤਰੱਕੀਆਂ ਰੁਕ ਜਾਣਗੀਆਂ।


**HELP WANTED**

Temporary help for Gardener.
North Shre Area. 6.00 /hr. to start. Fast and Physicaly fit person please.
Contact:
Ph. 926-4995

**SUKHI CONSTRUCTIONS**

FOR ALL KINDS OF CONSTRUCTION JOBS



- BASEMENT SUITES
- SUNDECKS
- GARAGES
- FRAMING
- PLUMBING
- ELECTRICAL
- COMPLETE DRY WALL SERVICE

Repairs to small jobs accepted

Reasonable rates   Free Estimate

CONTACT:
SUKHI
Ph. 590-1567

**DOSANJH & PIRANI**

#202 - 5887 Victoria Drive, Vancouver, B.C. V5P 3W5

MERRY CHRISTMAS &   Phone 327-6381   HAPPY NEW YEAR

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

# 85 ਵਿਚ ਚੰਗਿਆਈਆਂ, ਬੁਰਿਆਈ ਤੇ ਭਾਰੂ ਰਹੀਆਂ

1984 ਦੇ ਵਰ੍ਹੇ ਦੀਆਂ ਹਿਰਦੇ ਵੇਧਿਕ ਘਟਨਾਵਾਂ ਵਰ੍ਹੇ ਦੇ ਅੰਤ ਉਪਰ ਇਸ ਤਰ੍ਹਾਂ ਮਨਾਂ ਉਪਰ ਭਾਰੂ ਸਨ ਕਿ ਜਾਪਦਾ ਸੀ ਇਨ੍ਹਾਂ ਦਾ ਅਸਰ ਵਰ੍ਹਿਆਂ ਬੱਧੀ ਬਣਿਆ ਰਹੇਗਾ। ਕਿਉਂ ਜੋ ਇਨ੍ਹਾਂ ਘਟਨਾਵਾਂ ਦੇ ਦਾਗ ਇੰਨੇ ਡੂੰਘੇ ਸਨ, ਜਿਨ੍ਹਾਂ ਨੂੰ ਵੇਖ ਕੇ ਹਰ ਭਾਰਤੀ ਖਾਸ ਕਰਕੇ ਪੰਜਾਬੀ, ਕੰਬ ਉਠਦਾ ਸੀ। ਬਲੂ-ਸਟਾਰ ਤੋਂ ਪਹਿਲਾਂ ਪੰਜਾਬ ਵਿਚ ਬੇਗੁਨਾਹਾਂ ਦੇ ਅਨੇਕਾਂ ਕਤਲ, ਫਿਰ ਪ੍ਰਧਾਨ ਮੰਤਰੀ ਦਾ ਕਤਲ, ਦਿੱਲੀ ਦਾ ਕਤਲੇਆਮ, ਭੂਪਾਲ ਦੇ ਗੈਸ-ਕਾਂਡ ਨਾਲ ਹੋਈਆਂ ਮੌਤਾਂ ਆਦਿ ਅਜਿਹੀਆਂ ਘਟਨਾਵਾਂ ਸਨ, ਜੋ ਇਤਿਹਾਸ ਵਿਚ ਤਾਂ ਉਕਰੀਆਂ ਹੀ ਗਈਆਂ ਹਨ, ਲੋਕਾਂ ਦੇ ਮਨਾਂ ਤੇ ਵੀ ਪ੍ਰਭਾਵ ਛੱਡ ਗਈਆਂ ਹਨ। ਇਹ ਭੁੱਲਣ ਵਾਲੀ ਗੱਲ ਨਹੀਂ ਕਿ ਇਨ੍ਹਾਂ ਗੈਰ ਮਨੁੱਖੀ ਘਟਨਾਵਾਂ ਨੂੰ ਪੈਦਾ ਕਰਨ ਅਤੇ ਸਿਰੇ ਚਾੜ੍ਹਨ ਵਿਚ ਸਾਮਰਾਜੀਆਂ ਉਸ ਦੇ ਠੂਠੇ ਚੱਟ ਅਤਿਵਾਦੀਆਂ ਅਤੇ ਕੇਂਦਰੀ ਸਰਕਾਰ ਦੇ ਇਕ ਦੂਜੇ ਤੋਂ ਵੱਧ ਕੇ ਪਾਏ ਹਿੱਸੇ ਨਾਲ ਹੀ ਹੋਂਦ ਵਿਚ ਆਈਆਂ, ਜੋ ਆਪੋ ਆਪਣੇ ਤੰਗ ਨਜ਼ਰ ਲਾਭਾਂ ਲਈਆਂ ਆਪਣੀਆਂ ਸਾਜ਼ਸ਼ਾਂ ਨੂੰ ਅਮਲ ਵਿਚ ਲਿਆ ਰਹੇ ਸਨ।

ਪ੍ਰੰਤੂ 1985 ਦੇ ਸਾਲ ਵਿਚ, ਭਾਰਤ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਅਤੇ ਅਕਾਲੀ ਦਲ ਦੇ ਸ਼ਹੀਦ ਪ੍ਰਧਾਨ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਦੂਰ ਦਰਸ਼ਤਾ ਦੇ ਕਾਰਨ, ਉਲਝੇ ਹੋਏ ਮਸਲੇ ਨੂੰ ਸੁਲਝਾਉਣ ਵਿਚ ਦੇਰ ਨਾ ਲੱਗੀ। ਜੇ ਦੇਖੀਏ ਮਸਲਾ ਏਡਾ ਗੁੰਝਲਦਾਰ ਨਹੀਂ ਸੀ, ਜਿਨਾਂ ਉਪਰੋਕਤ ਜ਼ਿਕਰ ਕੀਤੇ ਤਿੰਨਾਂ ਤੱਤਾਂ ਨੇ ਬਣਾ ਦਿਤਾ। ਸ਼ਾਇਦ ਕੇਂਦਰੀ ਸਰਕਾਰ ਦੇ ਉਚ-ਵਿਭਾਗਾਂ ਵਿਚੋਂ ਫੜੇ ਸਾਮਰਾਜ ਦੇ ਏਜੰਟਾਂ ਦੀ ਪੁੱਠੀ ਸਲਾਹ ਦੀ ਅਣਹੋਂਦ ਨਵੇਂ ਪ੍ਰਧਾਨ ਮੰਤਰੀ ਨੂੰ ਸੁਤੰਤਰ ਢੰਗ ਨਾਲ ਸੋਚਣ ਦੇ ਯੋਗ ਬਣਾ ਸਕੀ। ਕੁਝ ਵੀ ਹੈ, ਸਮੇਂ ਦੀ ਅਤੇ ਭਾਰਤ ਦੇ ਵਿਸ਼ਾਲ ਜਨ-ਸਮੂਹ ਦੀ ਇਹੋ ਹੀ ਦਿਲੀ ਉਮੰਗ ਸੀ।

ਭਾਵੇਂ ਹਾਲੇ ਵੀ ਉਹ ਤੱਤ ਮੌਜੂਦ ਹਨ, ਜੋ ਸੁਧਰੇ ਮਾਹੌਲ ਨੂੰ ਵਿਗਾੜਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਜਿਵੇਂ ਟਿੱਡੀਦਲ ਦੇ ਲੰਘ ਜਾਣ ਮਗਰੋਂ ਉਸ ਦਾ ਬੱਚ ਵੀ ਉਨਾ ਹੀ ਹਾਨੀਕਾਰਕ ਹੁੰਦਾ ਹੈ, ਜੇਕਰ ਉਸ ਨੂੰ ਖੁਰਾਕ ਮਿਲ ਜਾਵੇ ਤਾਂ ਉਹ ਮੁੜ ਤਬਾਹੀ ਦਾ ਕਾਰਨ ਬਣ ਸਕਦਾ ਹੁੰਦਾ ਹੈ। ਇਸ ਤਰ੍ਹਾਂ ਹੀ ਅਤਿਵਾਦੀ ਤੱਤਾਂ ਨਾਲੋਂ ਪੰਜਾਬ ਦੀ ਹਾਕਮ ਪਾਰਟੀ ਅਕਾਲੀ ਦਲ ਅਤੇ ਉਸ ਦੀ ਸਰਕਾਰ ਵਲੋਂ ਕੀਤਾ ਨਿਖੇੜਾ ਅਤੇ ਰਾਜੀਵ-ਸੰਤ ਸਮਝੌਤੇ ਨੂੰ ਪੂਰੀ ਤਰ੍ਹਾਂ ਈਮਾਨਦਾਰੀ ਨਾਲ ਲਾਗੂ ਕਰਨਾ, ਅਤਿਵਾਦੀ ਤੱਤਾਂ ਦੇ ਪੈਰਾਂ ਹੇਠੋਂ ਜ਼ਮੀਨ ਨੂੰ ਕੱਢ ਦੇਵੇਗਾ, ਇਹ ਲੋਕਾਂ ਨਾਲੋਂ ਨਿਖੜ ਜਾਣਗੇ ਅਤੇ ਪੰਜਾਬ ਦੇ ਲੋਕ ਇਨ੍ਹਾਂ ਦੇ ਡਰਾਉਣੇ ਚਿਹਰੇ ਨੂੰ ਪਛਾਣ ਸਕਣਗੇ।

ਦੂਜੇ ਪਾਸੇ ਵੱਡਾ ਮਸਲਾ ਅਸਾਮ ਸੀ। ਜਿਸ ਦੇ ਬਾਰੇ ਵੀ ਸਮਝੌਤਾ ਹੋ ਗਿਆ ਅਤੇ ਚੋਣਾਂ ਹੋ ਗਈਆਂ ਹਨ। ਪ੍ਰੰਤੂ ਇਸ ਸਮਝੌਤੇ ਵਿਚ 1967 ਤੋਂ 1971 ਤਕ ਬੰਗਲਾ ਦੇਸ਼ ਤੋਂ ਆਏ ਰੀਫੀਊਜ਼ੀ ਲੋਕਾਂ ਨੂੰ ਵੋਟ ਦੇ ਹੱਕ ਤੋਂ ਬੰਚਤ ਕਰ ਦੇਣਾ, ਉਨ੍ਹਾਂ ਨਾਲ ਘੋਰ ਅਨਿਆਂ ਹੈ। ਇਹੋ ਲੋਕ ਹੀ ਹਜ਼ਾਰਾਂ ਦੀ ਗਿਣਤੀ ਵਿਚ ਬਹੁ ਗਿਣਤੀ ਦੇ ਜ਼ੁਲਮਾਂ ਦੀ ਕਰੋਪ ਚੰਡੀ ਦਾ ਸ਼ਿਕਾਰ ਹੋਏ ਹਨ। ਕੇਂਦਰ ਸਰਕਾਰ ਵਲੋਂ ਆਸਾਮ ਦੇ ਇਲਾਕਾ-ਪ੍ਰਸਤਾਂ ਅਗੇ ਗੋਡੇ ਟੇਕ ਦੇਣੇ ਨਿਸਚੇ ਹੀ ਨਿੰਦਣਯੋਗ ਹੈ, ਭਾਵੇਂ ਐਜੀਟੇਸ਼ਨ ਦੇ ਖਤਮ ਹੋਣ ਦਾ ਸੁਆਗਤ ਕੀਤਾ ਜਾਣਾ ਬਣਦਾ ਹੈ।

ਹਰੀਜਨਾਂ ਦੇ ਰਾਖਵੇਂ ਸਥਾਨਾਂ ਵਿਰੁਧ ਐਜੀਟੇਸ਼ਨ ਦਾ ਕਾਰਨ ਵੀ ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਗਰੀਬ ਹਰੀਜਨਾਂ, ਭੀਲਾਂ ਅਤੇ ਆਦੀਵਾਸੀਆਂ ਦਾ ਜੀਵਨ ਪੱਧਰ ਉਚਾ ਕਰਨ ਲਈ ਅਤੇ ਆਰਥਕ ਤੌਰ ਉਪਰ ਅਤੇ ਵਿਦਿਅਕ ਤੌਰ ਉਪਰ ਉਨ੍ਹਾਂ ਦਾ ਪਛੜਿਆਪਨ ਦੂਰ ਕਰਕੇ, ਉਨ੍ਹਾਂ ਦਾ ਸਭਿਆਚਾਰਕ ਪਛੜੇਵਾਂ ਦੂਰ ਕਰਨ ਵਿਚ ਪੂਰੀ ਅਸਫਲ ਰਹੀ ਹੈ। ਨਹੀਂ ਤੇ ਕੋਈ ਕਾਰਨ ਨਹੀਂ ਸੀ ਕਿ ਆਜ਼ਾਦੀ ਤੋਂ ਅਠੱਤੀ ਵਰ੍ਹੇ ਮਗਰੋਂ ਉਨ੍ਹਾਂ ਦੀ ਆਮ ਦਿਸ਼ਾ ਪਹਿਲਾਂ ਵਾਲੀ ਹੀ ਰਹਿੰਦੀ। ਹਾਂ ਉਨ੍ਹਾਂ ਵਿਚ ਕੁਝ ਇਕ ਨੂੰ ਜ਼ਰੂਰ ਲਾਭ ਪੁੱਜਾ ਹੈ। ਇਸ ਦਾ ਕਾਰਨ ਇਹੋ ਹੈ ਕਿ ਕਾਂਗਰਸ ਸਰਕਾਰ ਜਿਨ੍ਹਾਂ ਨੀਤੀਆਂ ਉਪਰ ਪਿਛਲੇ 38 ਸਾਲਾਂ ਤੋਂ ਅਮਲ ਕਰ ਰਹੀ ਹੈ ਉਨ੍ਹਾਂ ਭਾਰਤ ਦੇ ਪੂੰਜੀਪਤੀ ਘਰਾਣਿਆਂ ਅਤੇ ਜਗੀਰਦਾਰਾਂ ਨੂੰ ਹੀ ਅਮੀਰਾਂ ਤੋਂ ਹੋਰ ਅਮੀਰ ਬਣਾ ਦਿਤਾ ਹੈ। ਆਮ ਲੋਕਾਂ ਦੀ ਦਸ਼ਾ ਹੇਠਾਂ ਡਿੱਗੀ ਹੈ।

ਇਸ ਸਾਲ ਵਿਚ ਕੌਮਾਂਤਰੀ ਤੌਰ ਉਪਰ ਲਿਬਨਾਨ ਤੋਂ ਬਿਨਾਂ ਦੋ ਵੱਡੀਆਂ ਘਟਨਾਵਾਂ ਨੇ ਸੰਸਾਰ ਦਾ ਧਿਆਨ ਖਿਚਿਆ ਹੈ। ਪਹਿਲਾਂ ਸਵਾਲ ਸੰਸਾਰ-ਅਮਨ ਦਾ ਹੈ ਦੂਜਾ ਦੱਖਣੀ ਅਫਰੀਕਾ ਦਾ। ਅਮਨ ਦੇ ਸਵਾਲ ਉਪਰ ਸੰਸਾਰ ਦੀ ਅਮਨ ਲਹਿਰ ਬਹੁਤ ਵਧੀ ਹੈ, ਉਸ ਨੇ ਅਮਰੀਕਾ ਦੇ ਜੰਗ-ਵਾਦੀ ਪ੍ਰਧਾਨ ਰੇਗਨ ਦੀ ਜ਼ਿੱਦ ਨੂੰ ਪਛਾੜ ਦਿਤਾ ਹੈ ਕਿ ਉਸ ਨੂੰ ਸੋਵੀਅਤ ਯੂਨੀਅਨ ਨਾਲ ਸੰਸਾਰ ਤੋਂ ਐਟਮੀ ਜੰਗ ਦੇ ਖਾਤਮੇਂ ਲਈ ਗੱਲਬਾਤ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਭਾਵੇਂ ਕਿ ਉਸ ਨੇ 'ਸਟਾਰ-ਵਾਰ' ਦੇ ਆਪਣੇ ਖਤਰਨਾਕ ਪਰੋਗਰਾਮ ਨੂੰ ਤਿਆਗਣ ਤੋਂ ਨਾਂਹ ਕਰ ਦਿਤੀ ਹੈ। ਇਸ ਤਰ੍ਹਾਂ ਸੰਸਾਰ ਦੇ ਲੋਕਾਂ ਇਹ ਦੇਖ ਲਿਆ ਹੈ ਕਿ ਦੁਨੀਆ ਵਿਚ ਅਮਨ ਕੌਣ ਚਾਹੁੰਦਾ ਹੈ ਅਤੇ ਜੰਗ ਕੌਣ ਚਾਹੁੰਦਾ ਹੈ। ਅਸਲ ਵਿਚ ਅਮਰੀਕਾ ਦੀ ਐਟਮੀ ਧੌਂਸ ਦੇ ਟੁੱਟਣ ਨਾਲ ਇਹ ਕੋਈ ਹੋਰ ਅਜਿਹੀ ਸ਼ਕਤੀ ਦਾ ਮਾਲਕ ਬਣਨਾ ਚਾਹੁੰਦਾ ਹੈ, ਜਿਸਦੇ ਭੈ ਨਾਲ ਉਹ ਦੁਨੀਆਂ ਦੇ ਦੇਸ਼ਾਂ ਨੂੰ ਡਰਾ ਕੇ ਮਨ ਮਾਨੀਆਂ ਕਰ ਸਕੇ। ਪ੍ਰੰਤੂ ਸੰਸਾਰ ਅਮਨ ਲਹਿਰ ਪੂਰੀ ਤਰ੍ਹਾਂ ਚੌਕੰਨੀ ਹੈ ਜੋ ਅਮਰੀਕੀ ਸਾਮਰਾਜ ਨੂੰ ਮਨਮਾਨੀਆਂ ਕਰਨ ਦੀ ਆਗਿਆ ਨਹੀਂ ਦੇਵੇਗੀ।

ਦੱਖਣੀ ਅਫਰੀਕਾ ਦਾ ਸਵਾਲ ਸੰਸਾਰ ਭਰ ਵਿਚ ਉਭਰ ਕੇ ਸਾਹਮਣੇ ਆ ਚੁੱਕਾ ਹੈ, ਜਿਥੋਂ ਦੀ ਘਟ ਗਿਣਤੀ ਨਸਲਵਾਦੀ ਗੋਰੀ ਸਰਕਾਰ ਨੇ, ਰੰਗਭੇਦ ਨੂੰ ਕਾਨੂੰਨ ਰੂਪ ਦਿਤਾ ਹੋਇਆ ਹੈ। ਭਾਵੇਂ ਕਿ ਪਿਛਲੇ ਸਾਲਾਂ ਤੋਂ ਹੀ ਦੁਨੀਆਂ ਦੇ ਦੇਸ਼ ਦੱਖਣੀ ਅਫਰੀਕਾ ਦੀ ਨਿਖੇਧੀ ਕਰਦੇ ਆ ਰਹੇ ਸਨ ਅਤੇ ਉਸ ਦਾ ਬਾਈਕਾਟ ਕਰ ਰਹੇ ਸਨ, ਕਿ ਉਹ ਆਪਦੇ ਇਸ ਗੈਰ-ਮਨੁੱਖੀ, ਗੈਰ-ਜਮਹੂਰੀ ਅਤੇ ਅਸੱਭਿਆ ਨੀਤੀ ਨੂੰ ਤਿਆਗ ਕੇ ਕਾਲੇ ਲੋਕਾਂ ਨੂੰ ਬਰਾਬਰ ਦੇ ਹੱਕ ਦੇਵੇ। ਪ੍ਰੰਤੂ ਉਸ ਨੇ ਅਮਰੀਕਾ ਅਤੇ ਬਰਤਾਨੀਆ ਦੀ ਪਿਠਪੂਰਤੀ ਦੇ ਸਹਾਰੇ ਸਭ ਨੂੰ ਗੂਠਾ ਦਿ ਖਾਇਆ ਸੀ। ਹੁਣ ਜਦੋਂ ਦੱਖਣੀ ਅਫਰੀਕਾ ਦੇ ਲੋਕ ਬਰਾਬਰਤਾ ਅਤੇ ਨਿਆਂ ਲਈ ਜਿੱਤ ਤੱਕ ਸੰਘਰਸ਼ ਦਾ ਪਰਣ ਕਰਕੇ ਉਠ ਖਲੋਤੇ ਹਨ ਤਾਂ ਉਨ੍ਹਾਂ ਦੇ ਨਾਲ ਸੰਸਾਰ ਦੇ ਇਸ ਮਸਲੇ ਤੋਂ ਜਾਣੂੰ ਲੋਕ ਅਤੇ ਸਰਕਾਰਾਂ ਵੀ ਉਨ੍ਹਾਂ ਨਾਲ ਉਠ ਕੇ ਖਲੋ ਗਈਆਂ ਹਨ। ਇਸ ਹਾਲਤ ਵਿਚ ਅਮਰੀਕਾ ਅਤੇ ਬਰਤਾਨੀਆ ਦੇ ਨਸਲਵਾਦੀ ਦੱਖਣੀ ਅਫਰੀਕਾ ਦੀ ਸਰਕਾਰ ਨਾਲ ਸੰਬੰਧ ਨੰਗੇ ਹੋ ਗਏ ਹਨ। ਜਿਹੜੇ ਉਸ ਨਾਲ 14-14 ਬਿਲੀਅਨ ਡਾਲਰ ਦੇ ਕਰੀਬ ਉਥੇ ਪੂੰਜੀ ਲਾ ਚੁੱਕੇ ਹਨ ਜਿਸ ਤੋਂ ਮੁਨਾਫੇ ਅਤੇ ਵਪਾਰ ਦੀ ਮਿਕਦਾਰ ਦਾ ਅੰਦਾਜ਼ਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ। ਸੰਸਾਰ ਦੇ ਲੋਕਾਂ ਦੇ ਦਬਾਓ ਦੇ ਹੇਠ ਇਨ੍ਹਾਂ ਦੋਵੇਂ ਸਾਮਰਾਜੀ ਦੇਸ਼ਾਂ ਨੂੰ ਵੀ ਦੱਖਣੀ ਅਫਰੀਕਾ ਦੇ ਨਾਲ ਸਹਿਯੋਗ ਕਰਨ ਤੋਂ ਪਿਛੇ ਹਟਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਓਧਰ ਦੱਖਣੀ ਅਫਰੀਕਾ ਦੇ ਕਾਲੇ ਨੌਜੁਆਨ, ਆਪਣੂ ਜੇਲ੍ਹ ਵਿਚ 20 ਸਾਲਾਂ ਤੋਂ ਤੜੇ ਬੈਠੇ ਮਹਾਨ ਲੀਡਰ ਨੈਲਸਨ ਮੰਡੇਲਾ ਦੀ ਦ੍ਰਿੜਤਾ ਤੋਂ ਪਰੇਰਨਾ ਲੈ ਕੇ ਸਿਰ ਤਲੀਆਂ ਤੇ ਰੱਖ ਕੇ ਖਲੋ ਗਏ ਹਨ। ਜੋ ਹਰ ਰੋਜ਼ ਆਪਣੇ ਤੱਤੇ ਖੂਨ ਨਾਲ ਜ਼ਾਲਮ ਗੈਰ ਮਨੁੱਖੀ ਨਸਲੀ ਸਰਕਾਰ ਦੀਆਂ ਜੜ੍ਹਾਂ ਨੂੰ ਪੋਲਾ ਕਰ ਰਹੇ ਹਨ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ 1985 ਵਿਚ ਬੁਰਿਆਈ ਉਪਰ ਫਤੇਹ ਪ੍ਰਾਪਤੀ ਲਈ ਚੰਗਿਆਈ ਦਾ ਸੱਚੇ ਸੰਘਰਸ਼ ਵਿਚ ਪਲੜਾ ਭਾਰੀ ਰਿਹਾ ਹੈ।

ਕੈਨੇਡਾ ਦਰਪਣ ਨਵੇਂ ਸਾਲ ਲਈ ਆਪਣੇ ਸਮੂਹ ਪਾਠਕਾਂ, ਸੁਹਿਰਦਾਂ ਅਤੇ ਲੇਖਕਾਂ ਲਈ ਵਿਸ਼ੇਸ਼ ਤੌਰ ਤੇ ਸ਼ੁਭ ਕਾਮਨਾਵਾਂ ਕਰਦਾ ਹੈ। ਅਤੇ ਸਮੁੱਚੀ ਮਨੁੱਖ ਜਾਤੀ ਦੀ ਭਲਾਈ ਲਈ ਜੂਝ ਰਹੇ ਪੰਜਾਂ ਦੀਪਾਂ ਦੇ ਕਰੋੜਾਂ ਲੋਕਾਂ ਦੀਆਂ ਜਿੱਤਾਂ ਦੀਆਂ ਸ਼ੁਭ ਕਾਮਨਾਵਾਂ ਲੋਚਦਾ ਹੈ।

# ਵਿਸ਼ਵ ਸ਼ਾਂਤੀ ਅਤੇ ਯੂ. ਐਨ. ਓ.

—ਦਰਬਾਰਾ ਸਿੰਘ ਕਾਹਲੋਂ—

ਲੜਨ ਦੀ ਕੁਦਰਤੀ ਪ੍ਰਵਿਰਤੀ ਹਰ ਮਨੁੱਖ ਦੇ ਸੁਭਾਅ ਵਿਚ ਜਨਮ ਤੋਂ ਹੀ ਹੁੰਦੀ ਹੈ। ਇਸ ਦੀ ਪ੍ਰਬਲਤਾ ਵਿਅਕਤੀਗਤ ਝਗੜਿਆਂ ਤੋਂ ਉਪਰ ਉਠ ਕੇ ਸਮਾਜ ਵਿਚ ਵੱਖ ਵੱਖ ਵਰਗਾਂ, ਗਰੁੱਪਾਂ, ਪਾਰਟੀਆਂ ਅਤੇ ਕੌਮਾਂ ਦੇ ਝਗੜਿਆਂ ਵਿਚ ਬਦਲ ਜਾਂਦੀ ਹੈ। ਲੜਾਈ ਦੀ ਭਿਆਨਕਤਾ ਤੋਂ ਡਰਦਿਆਂ ਮਨੁੱਖ ਨੇ ਸ਼ਾਂਤੀ ਦਾ ਰਸਤਾ ਅਪਨਾਉਣ ਦੀ ਸੋਚੀ। ਕਈ ਵਾਰ ਸ਼ਾਂਤੀ ਦੀ ਤਲਾਸ਼ ਲਈ ਉਸ ਨੂੰ ਜੰਗ ਕਰਨੀ ਪਈ।

### ਠੋਸ ਮਿਸਾਲਾਂ

ਭਾਰਤ ਦੇ ਇਤਿਹਾਸ ਵਿਚ ਸਾਨੂੰ ਕੁਝ ਠੋਸ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਅਸ਼ੋਕ ਮਹਾਨ ਦੀ ਮਿਸਾਲ ਪ੍ਰਮੁੱਖ ਹੈ। 261 ਈ. ਪੂ. ਵਿਚ ਹੋਈ ਕਾਲਿੰਗਾ ਦੀ ਇਤਿਹਾਸਕ ਜੰਗ ਦੀ ਤਬਾਹੀ ਤੋਂ, ਜਿਸ ਵਿਚ ਲਗਭਗ ਚਾਰ ਲੱਖ ਜਾਨਾਂ ਗਈਆਂ ਸਨ, ਨਿਰਕੁੰਸ਼ ਬਾਦਸ਼ਾਹ ਅਸ਼ੋਕ ਦਾ ਹਿਰਦਾ ਐਸਾ ਕੰਬਿਆ ਕਿ ਉਹ ਬਾਅਦ ਵਿਚ ਇਕ ਸੰਤ ਸੁਭਾਅ ਮਨੁੱਖ ਦੇ ਰੂਪ ਵਿਚ ਬਦਲ ਗਿਆ ਅਤੇ ਸਾਰੀ ਜ਼ਿੰਦਗੀ ਮਨੁੱਖ ਦੇ ਰੂਪ ਵਿਚ ਬਦਲ ਗਿਆ ਅਤੇ ਸਾਰੀ ਜ਼ਿੰਦਗੀ ਸ਼ਾਂਤੀ, ਧਰਮ ਅਤੇ ਮਨੁੱਖੀ ਭਲਾਈ ਲਈ ਅਰਪਨ ਕਰ ਦਿਤੀ। ਦੁਨੀਆਂ ਦੇ ਇਤਿਹਾਸ ਵਿਚ ਹਰ ਜੰਗ ਨੇ ਮਨੁੱਖ ਨੂੰ ਅੱਗੇ ਨਾਲੋਂ ਵਧੇਰੇ ਸਭਿਅਥ ਅਤੀ ਚੇਤੰਨ ਬਣਨ ਵਿਚ ਮਦਦ ਦਿੱਤੀ। ਇਵੇਂ ਉਹ ਆਪਣੇ ਰਾਜਨੀਤਕ, ਸਮਾਜਕ ਅਤੇ ਆਰਥਿਕ ਜੀਵਨ ਵਿਚ ਤਿੱਖੀਆਂ ਤਬਦੀਲੀਆਂ ਕਰਦਾ ਗਿਆ। ਨਿਰੰਕੁਸ਼ ਰਾਜਸ਼ਾਹੀ ਤੋਂ ਲੋਕਤੰਤਰੀ ਅਤੇ ਸਮਾਜਵਾਦੀ ਪ੍ਰਬੰਧ ਦੀ ਸੋਚ ਵੱਲ ਵਧਿਆ। ਪਰ ਉਸ ਨੇ ਸਾਮਰਾਜਵਾਦੀ, ਡਿਕਟੇਟਰਸ਼ਿਪ ਅਤੇ ਉਪਨਿਵੇਸ਼ਵਾਦ ਸੋਚ ਨੂੰ ਵੀ ਤਿਲਾਂਜਲੀ ਨਾ ਦਿੱਤੀ। ਇਸ ਸੋਚ ਸਦਕਾ ਪਹਿਲੀ ਸੰਸਾਰ ਜੰਗ ਹੋਂਦ ਵਿਚ ਆਈ। ਉਸ ਦੀ ਬਰਬਾਦੀ ਤੋਂ ਤੰਗ ਆ ਕੇ ਸਾਮਰਾਜਵਾਦੀ ਤੇ ਸਰਮਾਏਦਾਰੀ ਨਿਜ਼ਾਮ ਵਾਲੇ ਦੇਸ਼ਾਂ ਨੇ 'ਲੀਗ ਆਫ ਨੇਸ਼ਨਜ਼' ਸੰਗਠਨ ਨੂੰ ਹੋਂਦ ਵਿਚ ਲਿਆਂਦਾ ਤਾਂ ਕਿ ਵਿਸ਼ਵ ਸ਼ਾਂਤੀ ਨੂੰ ਕਾਇਮ ਰੱਖਿਆ ਜਾ ਸਕੇ।

ਇਸ ਸੰਗਠਨ ਵਿਚ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰੀ ਖਾਸ ਰਾਸ਼ਟਰਾਂ ਦੇ ਵਿਅਕਤੀਗਤ ਹਿਤਾਂ ਨਾਲੋਂ ਜਨਤਕ ਹਿਤਾਂ ਨੂੰ ਪ੍ਰੋੜ੍ਹਤਾ ਦੇਣ ਦੇ ਸਿਧਾਂਤ ਨੂੰ ਹੋਂਦ ਵਿਚ ਲਿਆਂਦਾ ਗਿਆ। ਲੇਕਿਨ 'ਲੀਗ ਆਫ ਨੇਸ਼ਨਜ਼' ਦੀ ਕਮਜ਼ੋਰੀ ਕਾਰਨ ਦੂਸਰੀ ਵੱਡੀ ਜੰਗ ਹੋਂਦ ਵਿਚ ਆਈ। ਜਰਮਨ ਫਾਸ਼ੀਵਾਦ ਅਤੇ ਜਪਾਨੀ ਫੌਜੀਵਾਦ ਉਤੇ ਸ਼ਾਂਤੀ ਅਤੇ ਸੁਤੰਤਰਤਾ ਪ੍ਰੇਮੀ ਰਾਸ਼ਟਰ ਦੀ ਜਿੱਤ ਦੇ ਕੁਦਰਤੀ ਸਿੱਟੇ ਵਜੋਂ ਸੰਯੁਕਤ ਰਾਸ਼ਟਰ ਹੋਂਦ ਵਿਚ ਆਇਆ। ਦੁਨੀਆਂ ਦੀਆਂ 50 ਕੌਮਾਂ ਨੇ ਇਸ ਦੇ ਚਾਰਟਰ ਨੂੰ ਸਵੀਕਾਰਦਿਆਂ ਇਸ ਦੀ ਕਾਰਕਰਦਗੀ ਦੇ ਬਲਬੂਤੇ ਸੰਸਾਰ ਵਿਚ ਭਵਿੱਖੀ ਜੰਗਾਂ ਰੋਕਣ ਅਤੇ ਸਦੀਵੀ ਸ਼ਾਂਤੀ ਲਈ ਆਸਾਂ ਲਾਈਆਂ।

ਪਰ ਇਕ ਪਾਸੇ ਤਾਂ ਉਸ ਵਕਤ ਯੂ. ਐਨ. ਓ. ਦੇ ਚਾਰਟਰ ਨੂੰ ਅੰਤਮ ਰੂਪ ਦਿਤਾ ਜਾ ਰਿਹਾ ਸੀ ਤੇ ਦੂਸਰੇ ਪਾਸੇ ਸ਼ਾਂਤੀ ਦੇ ਝੰਡਾ ਬਰਦਾਰ ਅਮਰੀਕਾ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਵਿਚ ਐਟਮੀ ਬੰਬ ਬਰਸਾ ਕੇ ਸੰਸਾਰ ਅਮਨ ਨੂੰ ਐਟਮੀ ਸ਼ਕਤੀ ਦੀ ਧੌਂਸ ਦੱਸਣ ਦੀ ਕੋਸ਼ਿਸ਼ ਕੀਤੀ। ਪਰ ਜਿਉਂ ਜਿਉਂ ਯੂ. ਐਨ. ਓ. ਦੀ ਮੈਂਬਰਸ਼ਿਪ ਵਧਦੀ ਗਈ ਜਿਸ ਵਿਚ ਬਹੁਤੀ ਗਿਣਤੀ ਵਿਕਾਸਸ਼ੀਲ ਰਾਸ਼ਟਰਾਂ ਦੀ ਹੈ, ਜੋ ਬਹੁਤੇ ਗੁੱਟ-ਨਿਰਲੇਪਤਾ ਦੀ ਲਹਿਰ ਨਾਲ ਜੁੜੇ ਹੋਏ ਹਨ ਅਤੇ ਜਿਉਂ ਜਿਉਂ ਰੂਸ ਦੀ ਸ਼ਕਤੀ ਅਮਰੀਕਾ ਦੇ ਮੁਕਾਬਲੇ ਵਧਦੀ ਗਈ ਤਿਉਂ ਤਿਉਂ ਅਮਰੀਕਾ ਨੇ 'ਸ਼ਕਤੀ ਦੀ ਧੌਂਸ ਦੀ ਸ਼ਾਂਤੀ' ਦੇ ਸੁਪਨੇ ਮਿੱਟੀ ਵਿਚ ਮਿਲਦੇ ਗਏ।

1950 ਵਿਚ ਕੋਰੀਆ ਦੇ ਮਸਲੇ 'ਤੇ ਪਹਿਲੀ ਵਾਰ ਅਮਰੀਕੀ ਸਾਮਰਾਜ ਆਪਣੀ ਸ਼ਕਤੀ ਦੀ ਧੌਂਸ ਦੀ ਸ਼ਾਂਤੀ ਕਾਇਮ ਕਰਨ ਵਿਚ ਕਾਮਯਾਬ ਹੋਇਆ ਸੀ ਜਦ ਕਿ ਇਸ ਤੋਂ ਪਹਿਲਾਂ ਫਲਸਤੀਨੀ, ਇੰਡੋਨੇਸ਼ੀਆ ਅਤੇ ਕਸ਼ਮੀਰ ਦੇ ਮਸਲਿਆਂ 'ਤੇ ਯੂ. ਐਨ. ਓ. ਦੀ ਸੁਰੱਖਿਆ ਕੌਂਸਲ ਜੰਗਬੰਦੀ ਦੀ ਨੀਤੀ 'ਤੇ ਚਲਦੀ ਰਹੀ। ਕੋਰੀਆ ਵਿਚ ਯੂ. ਐਨ. ਓ. ਦੇ ਝੰਡੇ ਹੇਠ ਹਥਿਆਰ ਅਤੇ ਫੌਜ ਅਮਰੀਕਾ ਦੀ ਸੀ। 1956 ਵਿਚ ਨਹਿਰ ਸੁਏਜ਼ 'ਤੇ ਹਮਲਾ ਸਾਮਰਾਜੀ ਸ਼ਕਤੀਆਂ ਦੀ ਚਾਲ ਹੀ ਸੀ। ਇਸਰਾਈਲ ਤੋਂ ਇਲਾਵਾ ਫਰਾਂਸ ਅਤੇ ਇੰਗਲੈਂਡ ਨੇ ਇਸ ਵਿਚ ਸਿੱਧੀ ਦਖਲਅੰਦਾਜ਼ੀ ਕੀਤੀ। ਇਸਰਾਈਲ ਦੀ ਫਲਸਤੀਨ ਵਿਚ ਹੋਂਦ ਜੋ 1948 ਵਿਚ ਅਮਲ ਵਿਚ ਆਈ, ਸਾਮਰਾਜ ਦੀ ਜ਼ਬਰਦਸਤੀ ਸੀ। ਇਹ ਹੋਂਦ ਸਰਾਸਰ ਅਰਕ ਜਗਤ ਦੀ ਮਰਜ਼ੀ ਦੇ ਵਿਰੁਧ ਸੀ। ਇਸ ਨੇ ਫਲਸਤੀਨੀਆਂ ਨੂੰ ਭਵਿਖ ਵਿਚ ਟੱਪਰੀਵਾਸ ਬਣਾ ਦਿਤਾ। ਇਸਰਾਈਲ ਨੇ ਸਾਮਰਾਜ ਦੀ ਸ਼ਹਿ 'ਤੇ 1949,1956,1967 ਅਤੇ 1973 ਵਿਚ ਅਰਬਾਂ 'ਤੇ ਜ਼ਬਰਦਸਤ ਹਮਲੇ ਕੀਤੇ। ਉਸ ਦੀ ਹਮਲਾਵਰ ਗਤੀਵਿਧੀਆਂ ਅਜੇ ਵੀ ਅਰਬਾਂ ਪ੍ਰਤੀ ਉਵੇਂ ਹੀ ਹਨ।

1945 ਤੋਂ 1975 ਤੱਕ ਯੂ. ਐਨ. ਓ. ਦੀ ਹੋਂਦ ਉਪਰੰਤ 142 ਨਿੱਕੀਆਂ ਤੇ ਸਥਾਨਕ ਲੜਾਈਆਂ ਹੋ ਚੁੱਕੀਆਂ ਸਨ। ਇਨ੍ਹਾਂ ਵਿਚ ਹੁਣ ਤਕ ਦੋ ਕਰੋੜ ਲੋਕਾਂ ਤੋਂ ਵੱਧ ਮੌਤ ਦੇ ਮੂੰਹ ਵਿਚ ਉਤਰੇ ਹਨ। ਆਰਥਿਕ ਅਤੇ ਭੂਗੋਲਿਕ ਨੁਕਸਾਨ ਦਾ ਵੀ ਕੋਈ ਅੰਤ ਨਹੀਂ। ਬਹੁਤੀਆਂ ਜੰਗਾਂ ਦਾ ਮੰਤਵ ਵਿਕਾਸਸ਼ੀਲ ਦੇਸ਼ਾਂ ਤੇ ਸਾਮਰਾਜ ਵਲੋਂ ਆਪਣੀ ਧੌਂਸ ਨੂੰ ਕਾਇਮ ਰੱਖਣਾ ਸੀ। 1981 ਤਕ ਵਿਕਾਸਸ਼ੀਲ ਦੇਸ਼ਾਂ ਨੂੰ ਹਥਿਆਰਾਂ ਅਤੇ ਫੌਜ ਉਤੇ 81 ਅਰਬ ਡਾਲਰ ਖਰਚਣ 'ਤੇ ਮਜ਼ਬੂਰ ਹੋਣਾ ਪਿਆ ਜਦ ਕਿ 1972 ਤਕ ਉਨ੍ਹਾਂ ਦਾ ਇਹ ਖਰਚਾ 32 ਅਰਬ ਡਾਲਰਾਂ ਦੇ ਲਗਭਗ ਸੀ। ਅੱਜ ਯੂ. ਐਨ. ਓ. ਦੀ ਮੈਂਬਰਸ਼ਿਪ 50 ਤੋਂ ਵੱਧ ਕੇ 159 ਹੋ ਗਈ ਹੈ। ਇਸ ਦੇ ਨਾਲ ਹੀ ਸ਼ਕਤੀ ਦੇ ਤਰਾਜ਼ੂ ਦੀ ਦਿਸ਼ਾ ਬਦਲ ਗਈ ਹੈ ਜੇ ਕਦੇ ਸਾਮਰਾਜਵਾਦੀ ਦੇਸ਼ ਜਾਂ ਉਸ ਦੇ ਪਿਛਲੱਗ ਯੂ. ਐਨ. ਓ. ਦੇ ਮਤਿਆਂ ਦੀ ਉਲੰਘਣਾ ਕਰਦੇ ਰਹਿੰਦੇ ਸਨ ਤਾਂ ਅੱਜ ਵਿਕਾਸਸ਼ੀਲ ਦੇਸ਼ ਵੀ ਐਸੀ ਸਮਰੱਥਾ ਰੱਖਦੇ ਹਨ।

### ਕਮੀਆਂ

ਜੂਨ 1985 ਵਿਚ ਯੂ. ਐਨ. ਓ. ਦੇ ਗਿਆਰਾਂ ਸਾਬਕ ਅਤੇ ਮੌਜੂਦਾ ਪ੍ਰਧਾਨਾਂ ਨੇ ਇਕ ਐਲਾਨ-ਨਾਮੇ ਰਾਹੀਂ ਇਸ ਵਿਚ ਪੈਦਾ ਹੋ ਚੁੱਕੀਆਂ ਕਮੀਆਂ ਨੂੰ ਵਿਸ਼ਵ ਸਾਹਮਣੇ ਲਿਆਂਦਾ। ਉਨ੍ਹਾਂ ਵਿਚੋਂ ਪ੍ਰਮੁਖ ਸਨ : ਸਥਾਨਕ ਯੁੱਧਾਂ ਨੂੰ ਰੋਕਣ ਵਿਚ ਅਸਫਲਤਾ, ਯੂ. ਐਨ. ਅਸੈਂਬਲੀ ਤੇ ਕੌਂਸਲ ਦੇ ਮਤਿਆਂ ਤੇ ਅਮਲ ਅਣਹੋਂਦ, ਨਿਊਕਲਾਈ ਅਤੇ ਤਾਰਾ ਜੰਗ ਦਾ ਖਤਰਾ, ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ, ਇਰਾਨ, ਇਰਾਕ, ਮੱਧ ਏਸ਼ੀਆ, ਅਫਗਾਨ, ਦੱਖਣੀ ਅਫਰੀਕਾ, ਲਾਤੀਨੀ ਅਮਰੀਕਾ, ਕੰਪੂਚੀਆ ਆਦਿ ਲਮਕਦੇ ਮਸਲੇ, ਗਰੀਬ ਰਾਸ਼ਟਰਾਂ ਦੀ ਤਕੜੇ ਰਾਸ਼ਟਰਾਂ ਵਲੋਂ ਲੁੱਟ-ਖਸੁੱਟ ਇਤਿਆਦਿ। ਉਨ੍ਹਾਂ ਨੇ

(ਬਾਕੀ ਪੰਨਾ 5 ਤੇ)

FOGG MOTORS
60 - 10th Street, New Westminster
ਨਵਾਂ ਸਾਲ ਮੁਬਾਰਕ
ਅਸੀਂ ਹਰ ਐਤਵਾਰ 11 ਵਜੇ ਸਵੇਰ ਤੋਂ ਲੈ ਕੇ 4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।
ਸਾਡੇ ਕੋਲੋਂ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ, ਪਿੱਕ ਅਪ ਤੇ ਵੈਨਾਂ ਬੜੀ ਸਸਤੀ ਕੀਮਤ ਤੇ ਮਿਲ ਸਕਦੀਆਂ ਹਨ
ਚੰਗੀਆਂ ਕਾਰਾਂ, ਵੈਨਾਂ ਤੇ ਪਿੱਕ ਅਪ(ਨਵੀਆਂ ਜਾਂ ਪੁਰਾਣੀਆਂ) ਖ੍ਰੀਦਣ ਵਾਸਤੇ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। GMC Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ। ਕਾਰਾਂ ਸਸਤੇ ਰੇਟ ਤੇ ਅਸਾਨ ਕਿਸ਼ਤਾਂ ਵੀ ਮਿਲ ਸਕਦੀਆਂ ਹਨ।
ਇਕ ਵਾਰ ਜ਼ਰੂਰ ਦਰਸ਼ਨ ਦਿਓ



Sukhjinder Bath (Sukhi)
Bus: 522-2821 Res: 594-7712

# ਅਹਿਮਦਗੜ੍ਹ ਦੇ ਨੇੜੇ ਸ੍ਰੀ ਆਂਸਲ ਮਿਲ ਦੇ ਜ਼ਹਿਰੀਲੇ ਪਾਣੀ ਦਾ ਮਾਮਲਾ ਲੋਕ ਸਭਾ ’ਚ

ਸੰਗਰੂਰ — ਇਥੋਂ ਲਗਭਗ 42 ਕਿਲੋਮੀਟਰ ਦੂਰ ਅਹਿਮਦਗੜ੍ਹ ਮੰਡੀ ਦੇ ਨਜ਼ਦੀਕ ਸ੍ਰੀ ਆਂਸਲ ਮਿਲ ਜੰਡਾਲੀ ਦੀ ਰਾਖ ਅਤੇ ਇਸ ਦੇ ਜ਼ਹਿਰੀਲੇ ਪਾਣੀ ਕਾਰਨ ਇਲਾਕੇ ਭਰ ਦੇ ਲੋਕ ਲਗਭਗ ਪਿਛਲੇ ਤਿੰਨ ਸਾਲਾਂ ਤੋਂ ਦੁਖੀ ਚਲੇ ਆ ਰਹੇ ਸਨ, ਪਰ ਪਿਛਲੇ ਦਿਨੀਂ ਲੋਕ ਸਭਾ ਵਿਚ ਅਕਾਲੀ ਦਲ ਦੇ ਨੇਤਾ ਸ. ਬਲਵੰਤ ਸਿੰਘ ਰਾਮੂਵਾਲੀਆ ਵਲੋਂ ਉਪਰੋਕਤ ਮਿਲ ਸਬੰਧੀ ਮਸਲਾ ਜਦੋਂ ਸਭਾ ਵਿਚ ਉਠਾਇਆ ਤਾਂ ਸ੍ਰੀ ਆਂਸਲ ਮਿਲ ਤੋਂ ਹੋ ਰਹੇ ਨੁਕਸਾਨ ਬਾਰੇ ਜਿਥੇ ਸਾਰੇ ਰਾਸ਼ਟਰ ਨੂੰ ਪਤਾ ਲਗਾ ਉਥੇ ਪਾਸ ਕਰੇ ਇਸ ਇਲਾਕੇ ਦੇ ਲੋਕਾਂ ਨੂੰ ਇਸ ਪੱਖੋਂ ਰਾਹਤ ਮਿਲੀ ਕਿ ਉਨ੍ਹਾਂ ਦੇ ਦੁਖਾਂ ਦੀ ਕਹਾਣੀ ਨੂੰ ਉਨ੍ਹਾਂ ਦੇ ਪ੍ਰਤੀਨਿਧ ਨੇ ਲੋਕ ਸਭਾ ਵਿਚ ਬੜੀ ਸਪਸ਼ਟਤਾ ਨਾਲ ਪੇਸ਼ ਕੀਤਾ ਹੈ। ਲੋਕ ਸਭਾ ਵਿਚ ਸ. ਰਾਮੂਵਾਲੀਆ ਨੇ ਦੱਸਿਆ ਕਿ ਮਿਲ ਦੇ ਪ੍ਰਬੰਧਕਾਂ ਵਲੋਂ ਅਜੇ ਤੱਕ ਦੂਸ਼ਿਤ ਵਾਤਾਵਰਣ ਰੋਕੂ ਉਪਰਾਲੇ ਨਹੀਂ ਕੀਤੇ ਗਏ। ਇਸ ਮਿਲ ਵਿਚੋਂ ਜੋ ਸੁਆਹ ਉਡਦੀ ਹੈ ਉਹ ਅਹਿਮਦਗੜ੍ਹ ਅਤੇ ਇਸ ਦੇ ਨਾਲ ਲਗਦੇ ਪਿੰਡਾਂ ਦੇ ਜਨ-ਜੀਵਨ ਨੂੰ ਨਰਕ ਬਣਾ ਰਹੀ ਹੈ। ਇਸੇ ਤਰ੍ਹਾਂ ਇਸ ਮਿਲ ਵਿਚੋਂ ਨਿਕਲਦੇ ਗੰਦੇ ਪਾਣੀ ਨੂੰ ਬਠਿੰਡਾ ਨਹਿਰ ਵਿਚ ਸੁੱਟਿਆ ਜਾਂਦਾ ਹੈ, ਜਿਸ ਨਾਲ ਇਹ ਜ਼ਹਿਰੀਲੀ ਪਾਣੀ 150 ਕਿਲੋਮੀਟਰ ਤਕ ਉਨ੍ਹਾਂ ਪਸ਼ੂਆਂ ਉਤੇ ਬੜਾ ਮਾਰੂ ਅਸਰ ਪਾ ਰਿਹਾ ਹੈ, ਜਿਹੜੇ ਪਸ਼ੂ ਇਸ ਪਾਣੀ ਨੂੰ ਪੀਂਦੇ ਹਨ। ਇਸ ਜ਼ਹਿਰੀਲੇ ਪਾਣੀ ਨੂੰ ਪੀਣ ਬਾਅਦ ਜਿਥੇ ਬਹੁਤ ਸਾਰੇ ਪਸ਼ੂ ਮਰ ਗਏ ਹਨ, ਉਥੇ ਹਜ਼ਾਰਾਂ ਪਸ਼ੂ ਗੰਭੀਰ ਰੋਗਾਂ ਵਿਚ ਵੀ ਗਰੱਸੇ ਗਏ ਹਨ।

ਅਕਾਲੀ ਨੇਤਾ ਰਾਮੂਵਾਲੀਆ ਨੇ ਅੱਗੇ ਚਲ ਕੇ ਲੋਕ ਸਭਾ ਨੂੰ ਦੱਸਿਆ ਕਿ ਮਿਲ ’ਚੋਂ ਉਡਦੀ ਸੁਆਲ ਲੋਕਾਂ ਦੀਆਂ ਨਜ਼ਰਾਂ ’ਤੇ ਵੀ ਭੈੜਾ ਅਸਰ ਪਾ ਰਹੀ ਹੈ। ਇਹ ਸੁਆਹ ਮਿਲ ਦੇ ਆਲੇ ਦੁਆਲੇ ਕਈ ਕਿਲੋਮੀਟਰ ਤਕ ਪਸ਼ੂਆਂ ਦੇ ਬੀਜੇ ਜਾ ਰਹੇ ਚਾਰੇ ਅਤੇ ਸਬਜ਼ੀਆਂ ’ਤੇ ਅਜਿਹਾ ਅਸਰ ਪਾ ਰਹੀ ਹੈ ਕਿ ਇਹ ਚਾਰਾ ਪਸ਼ੂਆਂ ਅਤੇ ਸਬਜ਼ੀਆਂ ਲੋਕਾਂ ਦੇ ਖਾਣ ਦੇ ਯੋਗ ਨਹੀਂ ਰਹਿੰਦੀਆਂ। ਇਹ ਸਬਜ਼ੀਆਂ ਤੇ ਚਾਰਾ ਸੁਆਹ ਨਾਲ ਦੂਸ਼ਿਤ ਹੋ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਸ਼ਰਕਾਰ ਲੋਕਾਂ ਦੇ ਬਚਾਅ ਲਈ ਕੰਮ ਕਰੇ।

# ਦਰਬਾਰ ਸਾਹਿਬ ਵਿਚ ਮਰਿਆਦਾ ਕਾਇਮ ਰੱਖੀ ਜਾਵੇਗੀ — ਉਬੋਕੇ

ਫਗਵਾੜਾ — ਪੰਜਾਬ ਦੇ ਮਾਲ ਮੰਤਰੀ ਮੇਜਰ ਸਿੰਘ ਉਬੋਕੇ ਨੇ ਕਿਹਾ ਹੈ ਕਿ ਸ਼ਰੋਮਣੀ ਕਮੇਟੀ ਦਰਬਾਰ ਸਾਹਿਬ ਕੰਪਲੈਕਸ ਦੀ ਮਰਿਆਦਾ ਕਾਇਮ ਰੱਖਣ ਲਈ ਢੁਕਵੇਂ ਕਦਮ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਗਿਆਨੀ ਸਾਹਿਬ ਸਿੰਘ ’ਤੇ ਕਾਤਲਾਨਾ ਹਮਲੇ ਵਰਗੀਆਂ ਵਾਰਦਾਤਾਂ ਦੁਹਰਾਏ ਜਾਣ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਸ੍ਰੀ ਉਬੋਕੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਪੰਜਾਬ ਸਰਕਾਰ ਵਲੋਂ ਨਜ਼ਰਬੰਦਾਂ ਦੀ ਬਿਨਾ ਸੋਚੇ ਸਮਝੇ ਰਿਹਾਈ ਦਹਿਸ਼ਤਪਸੰਦੀ ਦੀਆਂ ਘਟਨਾਵਾਂ ਵਿਚ ਹਾਲੀਆ ਵਾਧੇ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿਰਫ ਉਨ੍ਹਾਂ ਯੁਵਕਾਂ ਨੂੰ ਰਿਹਾਅ ਕੀਤਾ ਹੈ ਜਿਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਸੀ।

ਉਨ੍ਹਾਂ ਕਿਹਾ ਕਿ ਰਿਹਾਅ ਹੋਏ ਯੁਵਕਾਂ ਨੇ ਕਿਸੇ ਵੀ ਕਿਸਮ ਦੀ ਇੰਤਹਾਪਸੰਦੀ ਨਾਲੋਂ ਨਾਤਾ ਤੋੜਨ ਦਾ ਭਰੋਸਾ ਦਿਤਾ ਹੈ ਅਤੇ ਉਨ੍ਹਾਂ ਵਿਚੋਂ ਕੋਈ ਵੀ ਦਹਿਸ਼ਤਪਸੰਦੀ ਦੀਆਂ ਹਾਲੀਆਂ ਘਟਨਾਵਾਂ ਵਿਚ ਸ਼ਰੀਕ ਨਹੀਂ।

ਸ੍ਰੀ ਉਬੋਕੇ ਨੇ ਦੱਸਿਆ ਕਿ ਪੰਜਾਬ ਸਰਕਾਰ ਨਜ਼ਰਬੰਦ ਯੁਵਕਾਂ ਨੂੰ ਰਿਹਾਅ ਕਰਨ ਦਾ ਸਿਲਸਿਲਾ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਰਾਜ ਵਿਚ ਅਮਨ-ਚੈਨ ਦੀ ਬਹਾਲੀ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੈ, ਕੇਂਦਰ ਸਰਕਾਰ ਨਹੀਂ।

# ਖੱਬੇ ਪੱਖੀ ਨੌਜਵਾਨਾਂ ਬਾਰੇ ਖੁਫੀਆ ਰਿਪੋਰਟਾਂ

ਬਸੀ ਪਠਾਣਾ — ਪੰਜਾਬ ਸਰਕਾਰ ਦੀਆਂ ਖੁਫੀਆ ਏਜੰਸੀਆਂ ਵਲੋਂ ਖੱਬੇ ਪੱਖੀ ਵਿਚਾਰਧਾਰਾ ਨਾਲ ਸਬੰਧਤ ਨੌਜਵਾਨਾਂ ਦੇ ਵੇਰਵੇ ਇਕੱਠੇ ਕੀਤੇ ਜਾਣ ਦੇ ਸਮਾਚਾਰ ਮਿਲੇ ਹਨ। ਉਨ੍ਹਾਂ ਦੀਆਂ ਕਾਰਗੁਜ਼ਾਰੀਆਂ, ਰਿਸ਼ਤੇਦਾਰੀਆਂ ਅਤੇ ਪਾਸਪੋਰਟ ਸਾਇਜ਼ ਦੀਆਂ ਫੋਟੋਆਂ ਮੰਗੀਆਂ ਜਾਂ ਰਹੀਆਂ ਹਨ।

# ਅਮਰੀਕਾ ਦੀ ‘ਸਟਾਰ-ਵਾਰ’ ਦੀ ਚੜ੍ਹਤ ਉਤੇ ਸੋਵੀਅਤ ਵਾਰ

ਮਾਸਕੋ — ਸੋਵੀਅਤ ਯੂਨੀਅਨ ਦੇ ਪੁਲਾੜ-ਵਿਗਿਆਨੀਆਂ ਸ੍ਰੀ ਰੋਲਡ ਸੈਗਦੀਵ ਅਤੇ ਜੈਵਗਨੀ ਵੈਲੋਵ ਨੇ ਅਮਰੀਕਨ-ਸਾਮਰਾਜੀਆਂ ਅਤੇ ਉਸ ਦੇ ਜੰਗਵਾਦੀ ਭਾਈਵਾਨਾਂ ਨੂੰ ਦੁਬਿਧਾ ਵਿਚ ਪਾ ਦਿਤਾ ਜਦੋਂ ਉਨ੍ਹਾਂ ਕਿਹਾ ਕਿ ਅਮਰੀਕਾ ਦੀ ਬਹੁ ਚਰਚਤ ‘ਸਟਾਰ-ਵਾਰ’ ਦੀ ਖੋਜ ਦਾ ਪਰੋਗਰਾਮ ਨਿਰਾ “ਕੂੜਾ” ਬਣ ਕੇ ਸਿੱਧ ਹੋਵੇਗਾ ਜਦੋਂ ਅਸੀਂ ਉਸ ਦੇ ਮੁਕਾਬਲੇ ਲਈ ਆਕਾਸ਼ ਵਿਚ ਮਸਨੂਈ ਮਿਸਲਾਂ ਅਤੇ ਚਮਕੀਲੇ ਰਾਕਟਰਾਂ ਦੀਆਂ ਡਾਰਾਂ ਦੀਆਂ ਡਾਰਾਂ ਛੱਡ ਦਿਤੀਆਂ। ਉਨ੍ਹਾਂ ਕਿਹਾ ਅਸੀਂ ਆਪਣੇ ਦੂਰ ਮਾਰ ਕਰਨ ਵਹਲੇ ਬਹੁ-ਨਿਸ਼ਾਨੇਦਾਰ ਮਿਸਲਾਂ ਦੀ ਯੋਗਤਾ ਅਤੇ ਮਾਰ ਵਿਚ ਹੋਰ ਸੁਧਾਰ ਕਰਕੇ ਵਧੇਰੇ ਚੰਗੀ ਤਰ੍ਹਾਂ ਮੁਕਾਬਲਾ ਕਰ ਸਕਦੇ ਹਾਂ।

ਯਾਦ ਰਹੇ ਜਦੋਂ ਕਿ ਅਮਰੀਕਾ ਸਟਾਰ-ਵਾਰ ਦੀ ਖੋਜ ਦੇ ਪਥੋਗਰਾਮ ਉਪਰ 26 ਬਿਲੀਅਨ ਡਾਲਰ ਖਰਚ ਕਰਨ ਦਾ ਮਨਸੂਬਾ ਬਣਾ ਚੁੱਕਾ ਹੈ, ਜਿਸ ਦਾ ਸੰਸਾਰ ਭਰ ਦੇ ਅਮਨ ਇੱਛਕ ਕਰੋੜਾਂ ਲੋ*ਕਾਂ ਅਤੇ ਸਰਕਾਰਾਂ ਵਲੋਂ ਵਿਰੋਧ ਕੀਤਾ ਜਾਂਦਾ ਰਿਹਾ ਹੈ। ਪ੍ਰੰਤੂ ਪ੍ਰਧਾਨ ਰੇਗਨ ‘ਸਟਾਰ-ਵਾਰ’ ਨੂੰ ਆਪਣੀ ਵੱਡੀ ਚੜ੍ਹਤ ਦੀ ਜਿੱਤ ਵਜੋਂ ਹੰਕਾਰੀ ਭਾਵ ਨਾਲ ਜਾਰੀ ਰੱਖਣ ਲਈ ਬਜ਼ਿੱਦ ਹੈ।

ਸੰਸਾਰ ਅਮਨ ਦੇ ਦਰਸ਼ਕਾਂ ਦਾ ਵਿਚਾਰ ਹੈ ਕਿ ਸੋਵੀਅਤ ਯੂਨੀਅਨ ਦੇ ਆਗੂਗ ਸ੍ਰੀ ਗੋਰਬਾਚੋਵ ਵਲੋਂ ਪ੍ਰਧਾਨ ਰੇਗਨ ਨੂੰ ਜਨੇਵਾ ਵਿਚ ਅਤੇ ਪਹਿਲਾਂ ਬਾਰ ਬਾਰ ਏਸੇ ਲਈ ਕਿਹਾ ਜਾਂਦਾ ਸੀ ਕਿ ਉਹ ਸਟਾਰ ਵਾਰ ਦਾ ਪਰੋਗਰਾਮ ਕੈਂਸਲ ਕਰ ਦੇਵੇ ਕਿ ਇਸ ਨਾਲ ਅਕਾਸ਼ ਵਿਚ ਮਾਰੂ ਐਟਮੀ ਹਥਿਆਰਾਂ ਦੀ ਦੌੜ ਤੇਜ਼ ਹੋ ਜਾਵੇਗੀ, ਪ੍ਰੰਤੂ ਪ੍ਰਧਾਨ ਰੇਗਨ ਇਸ ਵਿਸ਼ੇ ਉਪਰ ਗੱਲ ਕਰਨ ਲਈ ਵੀ ਤਿਆਰ ਨਹੀਂ ਸੀ। ਹੁਣ ਜਦੋਂ ਸੋਵੀਅਤ ਮਾਹਰਾਂ ਨੇ ਜੁਆਬੀ ਕਦਮ ਚੁੱਕਣ ਵੱਲੇ ਸੰਕੇਤ ਕੀਤਾ ਹੈ ਤਾਂ ਰੇਗਨ ਸਮੇਤ ਵਾਈਟ ਹਾਊਸ ਅਤੇ ਪੈਂਟਾਗਨ ਦੇ ਸਭੇ ਬੁਲਾਰਿਆਂ ਬੁੱਲ ਸੀਅ ਲਏ ਹਨ ਅਤੇ ਇਸ ਦੇ ਜੁਆਬ ਲਈ ਯੋਗ ਉਤਰ ਭਾਲ ਰਹੇ ਹਨ। ਉਨ੍ਹਾਂ ਦੀ ਚਿੰਤਾ ਵਾਲੀ ਗੱਲ ਇਕ ਇਹ ਵੀ ਹੈ ਕਿ ਸੋਵੀਅਤ ਬੁਲਾਰੇ ਨੇ ਇਹ ਵੀ ਆਖ ਦਿਤਾ ਹੈ ਕਿ ਇਸ ਸਕੀਮ ਉਪਰ ਉਨ੍ਹਾਂ ਦਾ ਖਰਚ ਅਮਰੀਕੀ ਸਟਾਰ ਵਾਰ ਦੇ ਖਰਚਾਂ ਦਾ ਇਕ ਜਾਂ ਦੋ ਫੀ ਸਦੀ ਤੋਂ ਵੱਧ ਨਹੀਂ ਹੋਵੇਗਾ।

# ਰਾਜੀਵ-ਜ਼ਿਆ ਮੁਲਾਕਾਤ ਲਾਹੇਬੰਦੀ ਰਹੀ

ਨਵੀਂ ਦਿੱਲੀ — ਪਾਕਿਸਤਾਨ ਦੇ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਨੇ ਦੋ ਦਿਨਾਂ ਭਾਰਤ ਦਾ ਦੌਰਾ ਕੀਤਾ। ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਆਪਸੀ ਸੰਬੰਧਾਂ ਉਪਰ ਵਿਚਾਰ ਵਟਾਂਦਰਾ ਕੀਤਾ। ਦੋਵਾਂ ਧਿਰਾਂ ਦੇ ਬੁਲਾਰਿਆਂ ਨੇ ਗੱਲਬਾਤ ਨੂੰ ਖੁਲੀ ਅਤੇ ਲਾਹੇਬੰਦੀ ਕਿਹਾ।

ਦੋਵਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਸਬੰਧ ਵਿਗੜੇ ਹੋਏ ਸਨ। ਯਾਦ ਰਹੇ ਭਾਰਤ ਸਰਕਾਰ, ਪੰਜਾਬ ਵਿਚ ਗੜਬੜ ਕਰਨ ਵਾਲੇ ਅਤਿਵਾਦੀਆਂ ਨੂੰ ਪਾਕਿਸਤਾਨੀ ਸਹਾਇਤਾ ਅਤੇ ਟਰੇਨਿੰਗ ਦੇਣ ਦਾ ਦੋਸ਼ ਲਾਉਂਦੀ ਆ ਰਹੀ ਹੈ।

ਦੋਵਾਂ ਹਾਕਮਾਂ ਵਿਚਕਾਰ ਕਿਸੇ ਗੱਲ ਉਪਰ ਸਮਝੌਤਾ ਨਹੀਂ ਹੋ ਸਕਿਆ ਪ੍ਰੰਤੂ ਦੋਵੇਂ ਇਸ ਲਈ ਸਹਿਮਤ ਸਨ ਕਿ ਆਪਸੀ ਵਪਾਰ ਅਤੇ ਹੋਰ ਸਬੰਧਾਂ ਵਿਚ ਵਾਧਾ ਕੀਤਾ ਜਾਵੇ। ਦੋਵਾਂ ਦੇਸ਼ਾਂ ਵਿਚਕਾਰ ‘ਲੜਾਈ-ਬੰਦੀ’ ਦੇ ਵਿਸ਼ੇ ਤੇ ਕੋਈ ਸਮਝੌਤਾ ਨਹੀਂ ਹੋ ਸਕਿਆ ਪ੍ਰੰਤੂ ਦੋਵਾਂ ਦੇਸ਼ਾਂ ਵਲੋਂ ਇਸ ਵਿਸ਼ੇ ਉਪਰ ਪੇਸ਼ ਕੀਤੇ ਗਏ ਪਰਸਤਾਵਾਂ ਦੇ ਮਸੌਦਿਆਂ ਨੂੰ ਧਿਆਨ ਵਿਚ ਰਖਦਿਆਂ, ਕਿਸੇ ਸਾਂਝੇ ਸਹਿਮਤੀ ਵਾਲੇ ਫੈਸਲੇ ਉਪਰ ਪਹੁੰਚਣ ਲਈ ਸਹਿਮਤੀ ਹੋ ਗਈ ਹੈ। ਇਸ ਲਈ ਦੋਵਾਂ ਦੇਸ਼ਾਂ ਦੇ ਅਧਿਕਾਰੀ ਮੀਟਿੰਗਾਂ ਕਰਕੇ ਅੰਤਮ ਮਸੌਦਾ ਭਵਿਖ ਵਿਚ ਤਿਆਰ ਕਰਨਗੇ।

(ਪੰਨਾ 4 ਦੀ ਬਾਕੀ)

ਇਸ ਗੱਲ ’ਤੇ ਜ਼ੋਰ ਦਿਤਾ ਕਿ ਸੰਯੁਕਤ ਰਾਸ਼ਟਰ ਸੰਘ ਨੂੰ ਮੁੜ ਤੋਂ ਸੁਯੋਗ ਬਣਾਉਣ, ਜ਼ਿਆਦਾ ਅਮਲੀ ਹੋਣ ਅਤੇ ਘੱਟ ਖਰਚੀਲਾ ਹੋਣ ਲਈ ਸੁਹਿਰਦਤਾ ਨਾਲ ਸਾਰੇ ਮੈਂਬਰ ਰਾਸ਼ਟਰਾਂ ਨੂੰ ਸੋਚਣਾ ਚਾਹੀਦਾ ਹੈ ਤਾਂ ਕਿ ਵਿਸ਼ਵ ਸ਼ਾਂਤੀ ਅਤੇ ਭਾਈਚਾਰਾ ਕਾਰਗਾਰ ਢੰਗ ਨਾਲ ਵਿਕਸਤ ਹੋ ਸਕੇ।

ਅੱਜ ਸੰਯੁਕਤ ਰਾਸ਼ਟਰ ਸੰਘ ਨੂੰ ਵਡੇਰੀਆਂ ਸ਼ਕਤੀਆਂ ਦੀ ਸ਼ਾਂਤੀ ਪ੍ਰਤੀ ਵਚਨਬੱਧਤਾ ਅਤੇ ਅਮਲੀ ਫੌਜੀ, ਰਾਜਨੀਤਕ ਤੇ ਆਰਥਿਕ ਮਦਦ ਦੀ ਜ਼ਿਆਦਾ ਜ਼ਰੂਰਤ ਹੈ। ਜੂਨ 1985 ਵਿਚ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਨੇ ਇਸ ਗੱਲ ’ਤੇ ਜ਼ੋਰ ਦਿਤਾ ਕਿ ਰੂਸ ਤੇ ਅਮਰੀਕਾ ਦੇ ਫੌਜੀ ਦਸਤਿਆਂ ਨੂੰ ਸੰਘ ਦੇ ਸ਼ਾਂਤੀ ਯਤਨਾਂ ਵਿਚ ਵਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਜਿਵੇਂ ਸੀਰੀਆ-ਇਸਰਾਈਲ ਤਨਾਜ਼ੇ ਵਿਚ ਸੰਯੁਕਤ ਰਾਸ਼ਟਰ ਸ਼ਾਂਤੀ ਦਸਤੇ ਗੋਲਾਨ ਪਹਾੜੀਆਂ ’ਤੇ ਕਾਮਯਾਬ ਰਹੇ ਹਨ ਇਵੇਂ ਹੀ ਭਵਿੱਖ ਵਿਚ ਹਰ ਥਾਂ ਕਾਮਯਾਬ ਰਹਿ ਸਕਦੇ ਹਨ।

ਅੱਜ ਸਲਾਮਤੀ ਕੌਂਸਲ ਨੇ ਨਸਲਵਾਦੀ ਦੱਖਣੀ ਅਫਰੀਕਾ ਦੀ ਸਰਕਾਰ ਵਿਰੁੱਧ ਸਖਤੀ ਨਾਲ ਪੇਸ਼ ਆਉਣਾ ਹੈ ਤਾਂ ਕਿ ਉਸ ਦੇਸ਼ ਵਿਚ ਘੱਟ ਗਿਣਤੀ ਦੀ ਸਰਕਾਰ ਦੀ ਮਨਮਾਨੀ ਖਤਮ ਹੋ ਸਕੇ ਅਤੇ ਉਥੋਂ ਦੀਆਂ ਖਾਣਾਂ ਦਾ 64 ਪ੍ਰਤੀਸ਼ਤ ਉਤਪਾਦਨ ਬਾਹਰ ਸਪਲਾਈ ਹੋਣੋਂ ਰੁਕ ਸਕੇ; ਤਾਂ ਕਿ ਉਸ ਦੇਸ਼ ਤੋਂ ਨਾਮੀਬੀਆ ਨੂੰ ਆਜ਼ਾਦ ਕਰਵਾਇਆ ਜਾ ਸਕੇ। ਇਸ ਲਈ ਅਮਰੀਕਾ ਨੂੰ ਆਪਣੇ ਆਰਥਿਕ ਲਾਭ ਛੱਡ ਕੇ ਯੂ. ਐਨ. ਓ. ਦੀ ਪਿਠ ’ਤੇ ਬਾਕੀ ਵਿਕਾਸਸ਼ੀਲ, ਗੁੱਟ ਨਿਰਲੇਪ ਅਤੇ ਸਮਾਜਵਾਦੀ ਦੇਸ਼ਾਂ ਵਾਂਗ ਸਟੈਂਡ ਲੈਣਾ ਪਵੇਗਾ। ਇਵੇਂ ਹੀ 1967 ਤੋਂ ਇਸਰਾਈਲ ਦੇ ਕਬਜ਼ੇ ਹੇਠੋਂ ਅਰਬ ਇਲਾਕੇ ਆਜ਼ਾਦ ਕਰਵਾਉਣ, ਫਲਸਤੀਨ ਨੂੰ ਸੁਤੰਤਰ ਰਾਜ ਪ੍ਰਦਾਨ ਕਰਨ, ਅਫਗਾਨ, ਸਾਇਪਰਸ, ਨਿਕਾਰਗੁਆ ਤੇ ਕੰਪੂਚੀਆਈ ਸਮੱਸਿਆਵਾਂ ਹੱਲ ਕਰਨ ਲਈ ਰੂਸ ਅਤੇ ਅਮਰੀਕਾ ਨੂੰ ਆਪਣੇ ਰਾਜਨੀਤਕ, ਆਰਥਿਕ ਅਤੇ ਭੂਗੋਲਿਕ ਹਿਤਾਂ ਨੂੰ ਵਿਸ਼ਵ ਸ਼ਾਂਤੀ ਲਈ ਤਜਣਾ ਪਵੇਗਾ। ਇਰਾਨ-ਇਰਾਕ ਜੰਗ ਨੂੰ ਰੋਕਣ ਲਈ ਵੀ ਇਨ੍ਹਾਂ ਨੂੰ ਪੂਰਾ ਦਬਾਅ ਵਰਤਣਾ ਪਵੇਗਾ। ਸੰਯੁਕਤ ਰਾਸ਼ਟਰ ਨੂੰ ਭਾਸ਼ਨ ਕਰਨ, ਤਜਵੀਜ਼ਾਂ ਰੱਖਣ ਅਤੇ ਮਤੇ ਪਾਸ ਕਰਨ ਦੀ ਸਟੇਜ ਤੋਂ ਅਮਲੀ ਸਟੇਜ ਵੱਲ ਲਿਜਾਉਣਾ ਪਵੇਗਾ।

ਇਕ ਸਰਵੇਖਣ ਅਨੁਸਾਰ ਹਰ ਸਾਲ ਢਾਈ ਲੱਖ ਬੱਚੇ ਪ੍ਰਮਾਣੂ ਤਜਰਬਿਆਂ ਕਾਰਨ ਕੁਢਬੇ ਜੰਮਦੇ ਹਨ ਜਦ ਕਿ ਸਾਢੇ ਚਾਰ ਲੱਖ ਦੇ ਕਰੀਬ ਮਾਂਵਾਂ ਦੇ ਪੇਟ ਵਿਚ ਮਰ ਜਾਂਦੇ ਹਨ। ਠੀਕ ਹੈ ਕਿ ਨਿਊਕਲਾਈ ਤਜ਼ਰਬੇ ਯੂ. ਐਨ. ਓ. ਦੀ ਰੋਕਣ ਦੀ ਸ਼ਕਤੀ ਤੋਂ ਅਜੇ ਬਾਹਰ ਹਨ। ਪਰ ਇਨ੍ਹਾਂ ਨੂੰ ਲੋਕ ਭਲਾਈ, ਤਕਨੀਕੀ ਅਤੇ ਵਿਗਿਆਨਕ ਵਿਕਾਸ ਲਈ ਤਾਂ ਵਰਤਿਆ ਜਾਵੇ। ਯੂ. ਐਨ. ਓ. ਹਮੇਸ਼ਾ ਹੀ ਸੰਸਾਰ ਦੀਆਂ ਦੋ ਮਹਾਂ ਸ਼ਕਤੀਆਂ ਵਲੋਂ ਨਿਊਕਲਾਈ ਹਥਿਆਰਾਂ ਦੀ ਦੌੜ-ਬੰਦੀ ਦਾ ਚਾਹਵਾਨ ਰਿਹਾ ਹੈ।

ਅੱਜ ਸੰਯੁਕਤ ਰਾਸ਼ਟਰ ਸੰਘ ਦੇ ਬਜਟ ਦਾ 77 ਪ੍ਰਤੀਸ਼ਤ ਇਸ ਦੇ ਸਟਾਫ ’ਤੇ ਖਰਚਿਆ ਜਾਂਦਾ ਹੈ। ਰਹਿੰਦੀ ਰਾਸ਼ੀ ਤੋਂ ਅਸੀਂ ਇਸ ਦੀ ਕਾਰਕਰਦਗੀ ਦਾ ਭਲੀਭਾਂਤ ਅਨੁਮਾਨ ਲਗਾ ਸਕਦੇ ਹਾਂ। ਬਹੁਤ ਸਾਰੇ ਰਾਸ਼ਟਰ ਐਸੇ ਹਨ ਜੋ ਆਪਣੇ ਹਿੱਸੇ ਦਾ ਖਰਚਾ ਕਈ ਸਾਲ ਨਹੀਂ ਦਿੰਦੇ। ਅਮਰੀਕਾ ਖੁਦ ਕਈ ਰਾਜਸੀ ਤੇ ਆਰਥਿਕ ਢੁੱਚਰਾਂ ਲਾ ਕੇ ਰਕਮ ਦਬਾਅ ਜਾਂਦੇ ਹਨ। ਇਵੇਂ ਇਸ ਨੂੰ ਬਹੁਤ ਸਾਰੇ ਪਰੋਗਰਾਮ ਅਮਲ ਤੋਂ ਬਗੈਰ ਛੱਡਣੇ ਪੈਂਦੇ ਹਨ। ਮਿਲਟਰੀ ਸਟਾਫ ਕਮੇਟੀ ਅਧੀਨ ਸ਼ਾਂਤੀ ਦਸਤੇ ਰੱਖਣ ਲਈ ਬਹੁਤ ਧੰਨ ਅਤੇ ਨਵੀਨਤਮ ਹਥਿਆਰਾਂ ਦੀ ਜ਼ਰੂਰਤ ਹੈ। ਇਸ ਲਈ ਸਮੇਂ ਸਮੇਂ ਸਿਰ ਬਦਲੀਆਂ ਪ੍ਰਸਥਿਤੀਆਂ ਅਤੇ ਜ਼ਰੂਰਤਾਂ ਅਨੁਸਾਰ ਰਾਸ਼ਟਰਾਂ ਨੂੰ ਹਰ ਹੀਲੇ ਸੰਯੁਕਤ ਰਾਸ਼ਟਰ ਲਈ ਲੋੜੀਂਦੇ ਮਾਇਕ ਹਿੱਸੇ ਦਾ ਭੁਗਤਾਨ ਕਰਨਾ ਚਾਹੀਦਾ ਹੈ।

### ਸੁਰੱਖਿਅਤ

ਮੰਨਣਾ ਪਵੇਗਾ ਕਿ ਮਨੁੱਖਤਾ ਨੇ ਦੂਸਰੀ ਵੱਡੀ ਜੰਗ ਤੋਂ ਬਾਅਦ ਵਿਸ਼ਵ ਸ਼ਾਤੀ ਬਰਕਰਾਰ ਰੱਖੀ ਹੈ। ਇਸ ਦਾ ਸਿਹਰਾ ਸੰਯੁਕਤ ਰਾਸ਼ਟਰ ਦੇ ਸਿਰ ਲੱਖ ਅਸਫਲਤਾਵਾਂ ਦੇ ਬਾਵਜੂਦ ਬੱਝਦਾ ਹੈ। ਭਵਿਖ ਵਿਚ ਸਾਰੇ ਰਾਸ਼ਟਰ ਇਸ ਮਨੁੱਖਤਾ ਨੂੰ ਇਸ ਦੀ ਪ੍ਰਸਤਾਵਨਾ ਦੀ ਵਚਨਬੱਧਤਾ ਅਨੁਸਾਰ ਜੰਗ ਦੀ ਤਬਾਹੀ ਤੋਂ ਬਚਾਉਣਾ ਚਾਹੁੰਦੇ ਹਨ ਤਾਂ ਉਹ ਇਸ ਪੂਰਨ ਨਿਸ਼ਠਾ ਨਾਲ ਮੌਲਿਕ ਰੂਪ ਵਿਚ ਸੁਦ੍ਰਿੜ ਬਣਾਉਣ। ਇਸ ਦੀ ਸੁਦ੍ਰਿੜਤਾ, ਅਮਲੀ ਸਰਗਰਮੀ ਅਤੇ ਕਾਮਯਾਬੀ ਵਿਚ ਹੀ ਮਨੁੱਖੀ ਜੀਵਨ ਤੇ ਵਿਕਾਸ ਸੁਰੱਖਿਅਤ ਹੈ।


BUYING & SELLING
MERRY CHRISTMAS & HAPPY NEW YEAR
Farms—Home—Lots
& Commercial Properties
Bus. 877-1138
Pager 667-0868
BEST CHOICE REALTY LTD.
1331 Kingsway, Vancouver, B.C. V5V 3E3
(24 HRS) PHONE: 877-1138



KULDIP [KAL] RANGI
RES: 278-8320

NON-SMOKERS & SMOKERS
TOGETHER WE ARE STRONGER
NORTH AMERICAN LIFE

MERRY CHRISTMAS & HAPPY NEW YEAR
Permanent & Terms Plan
- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335



SUDESH KALIA

# ਸਰਕਾਰ ਅਤਿਵਾਦੀਆਂ ਨਾਲ ਤਕੜੇ ਹੱਥੀਂ ਨਿਪਟੇਗੀ

ਪਟਿਆਲਾ — ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਆਖਿਆ ਕਿ ਸਰਕਾਰ ਅਤਿਵਾਦੀਆਂ ਨਾਲ ਤਕੜੇ ਹੱਥੀਂ ਨਿਪਟੇਗੀ। ਇਥੋਂ ਨੇੜੇ ਪਿੰਡ ਖਾਨਪੁਰ ਵਿਖੇ ਧਾਰਮਿਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜਿਹੜੇ ਲੋਕ ਹਿੰਸਕ ਤੇ ਸਮਾਜ-ਵਿਰੋਧੀ ਸਰਗਰਮੀਆਂ ਕਰ ਰਹੇ ਹਨ ਉਹ ਗੁੰਮਰਾਹ ਹੋਏ ਹਨ ਤੇ ਉਨ੍ਹਾਂ ਦਾ ਕਿਸੇ ਧਰਮ ਵਿਚ ਵਿਸ਼ਵਾਸ਼ ਨਹੀਂ। ਸ੍ਰੀ ਬਰਨਾਲਾ ਨੇ ਕਿਹਾ ਕਿ ਇਹ ਲੋਕ ਸ਼ਾਂਤੀ ਭੰਗ ਕਰ ਕੇ ਸਿੱਖਾਂ ਦਾ ਵਕਾਰ ਖਰਾਬ ਕਰਨਾ ਚਾਹੁੰਦੇ ਹਨ।

ਖੇਤੀਬਾੜੀ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜ ਦੀ ਆਰਥਿਕਤਾ ਪਿਛਲੇ ਤਿੰਨ ਸਾਲਾਂ ਦੌਰਾਨ ਪੂਰੀ ਤਰ੍ਹਾਂ ਤਹਿਸ ਨਹਿਸ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਰਾਜ ਦੀ ਖੁਸ਼ਹਾਲੀ ਲਈ ਸ਼ਾਂਤੀ ਜ਼ਰੂਰੀ ਹੈ। ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਰਾਜ ਵਿਚ ਅਮਨ ਕਾਨੂੰਨ ਕਾਇਮ ਰਖਣ ਲਈ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਕੰਮ ਇਕੱਲਿਆਂ ਸਰਕਾਰ ਤੇ ਪੁਲਸ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਆਮ ਕਰਕੇ ਪੰਜਾਬੀਆਂ ਤੇ ਖਾਸਕਰ ਸਿੱਖਾਂ ਨੇ ਦੁਖ ਭੋਗਿਆ ਹੈ। ਭਾਵੇਂ ਸਥਿਤੀ ਵਿਚ ਸੁਧਾਰ ਹੋਇਆ ਹੈ ਪਰ ਅਜੇ ਸ਼ਾਂਤੀ ਲਈ ਕੁਰਬਾਨੀਆਂ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੂਬੇ ਤੋਂ ਬਾਹਰਲੇ ਸਨਅਤਕਾਰ ਰਾਜ ਵਿਚ ਸਨਅਤਾਂ ਲਾਉਣ ਦੇ ਕੰਮ ਵਿਚ ਦਿਲਚਸਪੀ ਲੈ ਰਹੇ ਹਨ ਪਰ ਅਜਿਹਾ ਤਾਂ ਹੀ ਸੰਭਵ ਹੈ ਜੇ ਰਾਜ ਵਿਚ ਸ਼ਾਂਤੀ ਹੋਵੇ। ਉਨ੍ਹਾਂ ਪਿੰਡ ਦੇ ਪ੍ਰਾਇਮਰੀ ਸਕੂਲ ਦਾ ਦਰਜਾ ਵਧਾਉਣ, ਡਿਸਪੈਂਸਰੀ ਕਾਇਮ ਕਰਨ ਤੇ ਹੋਰ ਵਿਕਾਸ ਦੇ ਕੰਮ ਕਰਨ ਦਾ ਐਲਾਨ ਕੀਤਾ।

# ਬਠਿੰਡਾ ਦੀ ਰਸਾਇਣ ਫੈਕਟਰੀ ਵਿਚੋਂ ਗੈਸਾਂ ਰਿਸਣ ਵਿਰੁਧ ਚਿਤਾਵਨੀ

ਬਠਿੰਡਾ — ਪੰਜਾਬ ਸੇਰਾਮਿਕਸ ਲਿਮ: ਬਠਿੰਡਾ ਦੇ ਕਾਰਜਕਾਰੀ ਡਾਇਰੈਕਟਰ ਕੇ. ਐਸ. ਬਾਸੀ ਨੇ ਸ਼ਹਿਰ ਵਿਚ ਸਥਿਤ ਮੂਨਕ ਕੈਮੀਕਲਜ਼ ਲਿਮ: ਵਿਚੋਂ ਜ਼ਹਿਰੀਲੀ ਗੈਸ ਰਿਸਣ ਦੇ ਖਤਰੇ ਬਾਰੇ ਚਿਤਾਵਨੀ ਦਿਤੀ ਹੈ।

ਨਗਰ ਪਾਲਿਕਾ, ਮੁਖ ਮੰਤਰੀ ਪੰਜਾਬ, ਕੇਂਦਰੀ ਰਸਾਇਣ ਮੰਤਰੀ ਅਤੇ ਕੇਂਦਰੀ ਪੋਲੂਸ਼ਨ ਬੋਰਡ ਦੇ ਡਾਇਰੈਕਟਰ ਨੂੰ ਖਤ ਭੇਜ ਕੇ ਕਿਹਾ ਹੈ ਕਿ ਇਸ ਫੈਕਟਰੀ ਤੋਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਰਹਿੰਦੀਆਂ ਹਨ ਜਿਸ ਨਾਲ ਫੈਕਟਰੀ ਦੇ ਆਲੇ-ਦੁਆਲੇ ਰਹਿੰਦੇ ਲੋਕਾਂ ਵਿਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਹੈ ਕਿ ਇਸ ਪਲਾਂਟ ਵਿਚੋਂ ਸਲਫਿਊਰਿਕ ਏਸਿਡ ਨਾਲ ਸਬੰਧਤ ਗੈਸਾਂ ਨਿਕਲ ਕੇ ਹਵਾ ਵਿਚ ਮਿਲਦੀਆਂ ਹਨ, ਇਸ ਨਾਲ ਆਮ ਲੋਕਾਂ ਅਤੇ ਖਾਸ ਕਰ ਕੇ ਬੱਚਿਆਂ ਤੇ ਗਰਭਵਤੀ ਔਰਤਾਂ ਦੀ ਸਿਹਤ ਉਤੇ ਮਾੜਾ ਅਸਰ ਪੈਂਦਾ ਹੈ।

ਸ੍ਰੀ ਬਾਸੀ ਨੇ ਮੰਗ ਕੀਤੀ ਹੈ ਕਿ ਗੈਸਾਂ ਦੇ ਲਗਾਤਾਰ ਰਿਸਣ ਬਾਰੇ ਪੜਤਾਲ ਕਰਨ ਲਈ ਉਚ ਪੱਧਰੀ ਜਾਂਚ ਕਮੇਟੀ ਕਾਇਮ ਕੀਤੀ ਜਾਵੇ ਅਤੇ ਇਸ ਪਲਾਂਟ ਨੂੰ ਮਿਊਂਸਪਲ ਹੱਦਾਂ ਤੋਂ ਬਾਹਰ ਲਿਜਾਇਆ ਜਾਵੇ।

# ਕੰਪਿਊਟਰ ਰਾਹੀਂ ਪੜ੍ਹਾਈ

ਚੰਡੀਗੜ੍ਹ — ਚੰਡੀਗੜ੍ਹ ਪ੍ਰਸ਼ਾਸਨ ਨੇ ਦੋ ਸਕੂਲਾਂ ਵਿਚ ਕੰਪਿਊਟਰ ਰਾਹੀਂ ਪੜ੍ਹਾਈ ਸ਼ੁਰੂ ਕਰ ਦਿਤੀ ਹੈ। ਅਗਲੇ ਵਿਦਿਅਕ ਸਾਲ ਤੋਂ ਅੱਠ ਹੋਰ ਸਕੂਲਾਂ ਵਿਚ ਕੰਪਿਊਟਰ ਰਾਹੀਂ ਪੜ੍ਹਾਈ ਦਾ ਪਰੋਗਰਾਮ ਸ਼ੁਰੂ ਕੀਤਾ ਜਾਵੇਗਾ। ਇਸ ਦਾ ਐਲਾਨ ਪ੍ਰਸ਼ਾਸਨ ਦੇ ਵਿੱਤ ਸਕੱਤਰ ਸ੍ਰੀ ਬੀ. ਆਰ. ਬਜਾਜ ਨੇ ਸਰਕਾਰੀ ਮਾਡਲ ਸਕੂਲ ਸੈਕਟਰ 22 ਦੇ ਇਨਾਮ ਵੰਡ ਸਮਾਰੋਹ ਵਿਚ ਬੋਲਦਿਆਂ ਕੀਤਾ। ਵਿੱਤ ਸਕੱਤਰ ਨੇ ਕਿਹਾ ਹੈ ਕਿ ਮਾਪਿਆਂ ਤੇ ਅਧਿਆਪਕਾਂ ਦੀ ਐਸੋ: ਨੇ ਚੰਡੀਗੜ੍ਹ ਦੇ ਸਕੂਲਾਂ ਦਾ ਵਿਦਿਅਕ ਮਿਆਰ ਉਚਾ ਕਰਨ ਵੱਲ ਵਿਸ਼ੇਸ਼ ਭੂਮਿਕਾ ਨਿਭਾਈ ਹੈ ਵਿੱਤ ਸਕੱਤਰ ਨੇ ਸਕੂਲ ਵਿਚ ਸਭਿਆਚਾਰਕ ਪਰੋਗਰਾਮ ਲਈ ਉਤਸ਼ਾਹ ਪੈਦਾ ਕਰਨ ਲਈ 5000 ਰੁਪਏ ਦੀ ਗਰਾਂਟ ਮਨਜ਼ੂਰ ਕੀਤੀ। ਵਿੱਤ ਸਕੱਤਰ ਨੇ ਵਿਦਿਆਰਥੀਆਂ ਵਿਚ ਇਨਾਮ ਵੰਡੇ।

# ਰਾਜ ਸਭਾ ਲਈ ਚੋਣ

ਜੰਮੂ — ਕਾਂਗਰਸ (ਆਈ) ਉਮੀਦਵਾਰ ਤੀਰਥ ਰਾਮ ਆਮਲਾ ਨੇ ਇਥੇ ਰਾਜ ਸਭਾ ਸੀਟ ਲਈ ਹੋਈ ਚੋਣ ਵਿਚ ਨੈਸ਼ਨਲ ਕਾਨਫਰੰਸ (ਫਾਰੂਕ) ਦੇ ਉਮੀਦਵਾਰ ਸ਼ਰੀਫਉਦੀਨ ਸ਼ਰੀਕ ਨੂੰ ਪੰਜ ਵੋਟਾਂ ਦੇ ਫਰਕ ਨਾਲ ਹਰਾਇਆ।

# ਸਾਥੀਆਂ ਨੂੰ ਮੁੜ ਪਾਰਟੀ ਵਿਚ ਲਿਆਉਣ ਲਈ ਤਲਵੰਡੀ 'ਤੇ ਦਬਾਅ

ਲੁਧਿਆਣਾ — ਸੰਯੁਕਤ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਜਗਦੇਵ ਸਿੰਘ ਤਲਵੰਡੀ 'ਤੇ ਪਾਰਟੀ ਦੇ ਸੀਨੀਅਰ ਆਗੂਆਂ ਵਲੋਂ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਆਪਦੇ ਹਮਾਇਤੀਆਂ ਨੂੰ ਪਾਰਟੀ ਵਿਚ ਮੁੜ ਆਉਣ ਲਈ ਮਨਾਉਣ। ਜਥੇਦਾਰ ਤਲਵੰਡੀ ਦੇ ਸੱਤ ਹਮਾਇਤੀ ਜਿਨ੍ਹਾਂ ਵਿਚ ਸ੍ਰੀ ਰਣਧੀਰ ਸਿੰਘ ਚੀਮਾ, ਸ੍ਰੀ ਮਤੀ ਸਤਵੰਤ ਕੌਰ ਅਤੇ ਸ੍ਰੀ ਜਸਵਿੰਤਰ ਸਿੰਘ ਬਰਾੜ ਦੇ ਨਾਂ ਵੀ ਸ਼ਾਮਲ ਹਨ, ਪਾਰਟੀ ਦੇ ਕੁਝ ਨੇਤਾਵਾਂ ਦੇ ਤਾਨਾਸ਼ਾਹੀ ਰਵੱਈਏ ਦੇ ਵਿਰੋਧ ਵਜੋਂ ਸੰਯੁਕਤ ਅਕਾਲੀ ਦਲ ਛੱਡ ਗਏ ਸਨ। ਬਾਅਦ ਵਿਚ ਸ੍ਰੀ ਪ੍ਰਕਾਸ਼ ਸਿੰਘ ਮਜੀਠਾ ਤੇ ਕੁਝ ਹੋਰ ਆਗੂ ਪਾਰਟੀ ਤੋਂ ਵੱਖ ਹੋ ਗਏ ਸਨ।

ਸੰਯੁਕਤ ਅਕਾਲੀ ਦਲ ਦੇ ਕਨਵੀਨਰ ਬਾਬਾ ਜੋਗਿੰਦਰ ਸਿੰਘ, ਜਨਰਲ ਸਕੱਤਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸ੍ਰੀ ਜਗਜੀਤ ਸਿੰਘ ਰੋਡੇ ਤਲਵੰਡੀ ਵਿਖੇ ਜਥੇਦਾਰ ਤਲਵੰਡੀ ਨੂੰ ਮਿਲੇ। ਉਨ੍ਹਾਂ ਜਥੇਦਾਰ ਤਲਵੰਡੀ ਨੂੰ ਸਰਗਰਮ ਹੋਣ ਲਈ ਕਿਹਾ ਤੇ ਇਹ ਵੀ ਆਖਿਆ ਕਿ ਉਹ ਆਪਣੇ ਹਮਾਇਤੀਆਂ ਨੂੰ ਇਹ ਕਹਿਣ ਕਿ ਉਹ ਕੋਈ ਅਜਿਹਾ ਕਦਮ ਨਾ ਉਠਾਉਣ ਜਿਸ ਨਾਲ ਸੰਯੁਕਤ ਅਕਾਲੀ ਦਲ ਨੂੰ ਨੁਕਸਾਨ ਪਹੁੰਚਦਾ ਹੋਵੇ।

ਜਥੇਦਾਰ ਤਲਵੰਡੀ ਦਾ ਰਵੱਈਆ ਵੀ ਬਦਲਿਆ ਹੋਇਆ ਸੀ ਤੇ ਉਹ ਕਈ ਦੇਰ ਤੋਂ ਦਲ ਦੀਆਂ ਮੀਟਿੰਗਾਂ ਵਿਚ ਭਾਗ ਨਹੀਂ ਸਨ ਲੈਂਦੇ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮ ਇਜਲਾਸ ਵਿਚ ਵੀ ਸ਼ਾਮਲ ਨਹੀਂ ਹੋਏ ਜਿਸ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਚੌਦਵੀਂ ਵਾਰ ਪ੍ਰਧਾਨ ਚੁਣੇ ਗਏ ਹਨ।

ਉਧਰ ਸੰਯੁਕਤ ਅਕਾਲੀ ਦਲ ਤੋਂ ਵੱਖ ਹੋਏ ਨੇਤਾਵਾਂ ਨੇ ਬਰਾਬਰ ਦਾ ਦਲ ਬਨਾਉਣ ਬਾਰੇ ਐਲਾਨ ਅਜੇ ਰੋਕ ਲਿਆ ਹੈ। ਸ੍ਰੀ ਜਸਵਿੰਦਰ ਸਿੰਘ ਬਰਾੜ ਸ੍ਰੀ ਜਗਦੇਵ ਸਿੰਘ ਤਲਵੰਡੀ ਨੂੰ ਸਾਥੀਆਂ ਦਾ ਸੁਨੇਹਾ ਲੈ ਕੇ ਮਿਲੇ ਸਨ। ਸੰਯੁਕਤ ਦਲ ਦੇ ਨੇਤਾਵਾਂ ਨੇ ਸ੍ਰੀ ਤਲਵੰਡੀ ਨੂੰ ਦਲ ਦੇ ਕੰਮ-ਕਾਜ ਵਿਚ ਸੁਧਾਰ ਕਰਨ ਦਾ ਭਰੋਸਾ ਦਿਵਾਇਆ।

# ਦੋ ਕਥਿਤ ਅਤਿਵਾਦੀ ਪੁਲੀਸ ਕੋਲ ਪੇਸ਼

ਗੁਰਦਾਸਪੁਰ — ਬਟਾਲਾ ਸਬ ਡਵੀਜ਼ਨ ਦੇ ਪਿੰਡ ਹਰਚੋਵਾਲ ਦੇ ਦੋ ਸਕੇ ਭਰਾਵਾਂ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਨੇ ਪੁਲੀਸ ਕਪਤਾਨ ਜੇ. ਪੀ. ਵਿਰਦੀ ਅਗੇ ਆਤਮਸਮਰਪਣ ਕਰ ਦਿਤਾ। ਇਹ ਦੋਵੇਂ ਕਈ ਅਤਿਵਾਦੀ ਵਾਰਦਾਤਾਂ ਵਿਚ ਲੋੜੀਂਦੇ ਸਨ। ਦੋਵਾਂ ਦੀ ਹੀ ਗ੍ਰਿਫਤਾਰੀ ਲਈ ਦਸ-ਦਸ ਹਜ਼ਾਰ ਰੁਪਏ ਦੇ ਇਨਾਮ ਸਨ। ਪੁਲਸ ਕਪਤਾਨ ਅਨੁਸਾਰ ਇਹ ਪੰਦਰਾਂ ਕੇਸਾਂ ਵਿਚ ਲੋੜੀਂਦੇ ਸਨ ਜਿਨ੍ਹਾਂ ਵਿਚ ਪੰਜ ਕਤਲਾਂ ਦੇ ਅਤੇ ਤਿੰਨ ਕਤਲ ਦੀਆਂ ਕੋਸ਼ਿਸ਼ਾਂ ਦੇ ਕੇਸ ਵੀ ਸ਼ਾਮਲ ਹਨ। ਕਾਦੀਆਂ ਦੇ ਚੰਨਣ ਸਿੰਘ ਪਾਸੋਂ ਕੁਝ ਸਮਾਂ ਪਹਿਲਾਂ ਫੜੇ ਗਏ ਹਥਿਆਰ ਇਨ੍ਹਾਂ ਦੇ ਹੀ ਸਨ।

# ਚੰਡੀਗੜ੍ਹ 'ਚ "ਏਜੰਟਾਂ" ਵਲੋਂ ਲਾਇਸੈਂਸ ਬਣਾ ਕੇ ਦੇਣ ਦਾ ਧੰਦਾ

ਚੰਡੀਗੜ੍ਹ — ਸੈਕਟਰ 17 ਦੇ ਅਸਟੇਟ ਦਫਤਰ ਵਿਚ ਜਦੋਂ ਡਰਾਈਵਿੰਗ ਲਾਇਸੈਂਸ ਲਈ ਕਾਗਜ਼ ਖਰੀਦਣ ਵਾਸਤੇ ਲੋਕ ਜਾਂਦੇ ਹਨ ਤਾਂ ਕੁਝ "ਏਜੰਟ" ਉਥੇ ਲਾਇਸੈਂਸ ਛੇਤੀ ਬਣਾ ਕੇ ਦੇਣ ਲਈ ਆਪਣੀਆਂ "ਸੇਵਾਵਾਂ" ਪੇਸ਼ ਕਰਦੇ ਹਨ। ਜੇਕਰ ਲਾਇਸੈਂਸ ਸ਼ਾਮ ਨੂੰ ਚਾਹੀਦਾ ਹੈ ਤਾਂ, ਉਸ ਦੀ ਦਸ ਰੁਪਏ ਫੀਸ ਅਤੇ ਜੇਕਰ ਮੌਕੇ ਉਤੇ ਚਾਹੀਦਾ ਹੈ ਤਾਂ ਵੀਹ ਰੁਪਏ ਫੀਸ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਉਹ ਇਸ ਰਕਮ ਵਿਚੋਂ ਕਲਰਕ ਨੂੰ "ਹਿੱਸਾ ਪ੍ਰਤੀ" ਦੇਣ ਦਾ ਦਾਅਵਾ ਵੀ ਕਰਦੇ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਕਈ ਪੰਜਾਹ ਰੁਪਏ ਤੋਂ ਤਿੰਨ ਸੌ ਰੁਪਏ ਤਕ ਰੋਜ਼ਾਨਾ ਦੀ ਦਿਹਾੜੀ ਪਾਉਂਦੇ ਹਨ। ਇਹ "ਏਜੰਟ" ਕੇਵਲ ਪੁਰਾਣੇ ਲਾਇਸੈਂਸ ਹੀ ਨਹੀਂ ਨਵਿਆਉਂਦੇ ਸਗੋਂ ਨਵੇਂ ਵੀ ਬਣਾ ਕੇ ਦਿੰਦੇ ਹਨ। ਕਈ ਕੇਸਾਂ ਵਿਚ ਅਜਿਹੇ ਵਿਅਕਤੀਆਂ ਦੇ ਵੀ ਲਾਇਸੈਂਸ ਬਣੇ ਹਨ ਜਿਹੜੇ ਕਿ ਇਥੇ ਰਹਿੰਦੇ ਹੀ ਨਹੀਂ। ਇਹ 'ਏਜੰਟ' ਜਿਥੇ ਇਕ ਦਿਨ ਵਿਚ ਕੰਮ ਕਰਾਉਣ ਦਾ ਦਾਅਵਾ ਕਰਦੇ ਹਨ ਉਥੇ ਸਧਾਰਨ ਤੌਰ ਉਤੇ ਤਿੰਨ ਤੋਂ ਤੀਹ ਦਿਨ ਲਗ ਜਾਂਦੇ ਹਨ।

# 17 ਸੈਨਿਕਾਂ ਦੀਆਂ ਸਜ਼ਾਵਾਂ ਬਾਰੇ ਅਧਿਕਾਰੀਆਂ ਵਲੋਂ ਪੁਸ਼ਟੀ

ਚੰਡੀਗੜ੍ਹ — ਜਨਰਲ ਕੋਰਟ ਮਾਰਸ਼ਲ ਵਲੋਂ 9ਵੀਂ ਸਿਖ ਬਟਾਲੀਅਨ ਦੇ 17 ਫੌਜੀਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਦੀ ਅਧਿਕਾਰੀਆਂ ਵਲੋਂ ਪੁਸ਼ਟੀ ਕਰ ਦਿਤੀ ਗਈ ਹੈ। ਕੋਰਟ ਮਾਰਸ਼ਲ ਵਲੋਂ ਇਨ੍ਹਾਂ ਸਾਰਿਆਂ ਦੇ ਕੇਸਾਂ ਦੇ ਤਿਆਰ ਕੀਤੇ ਵੇਰਵਿਆਂ ਦੀ ਵੀ ਪੁਸ਼ਟੀ ਹੋ ਗਈ ਹੈ। ਸਜ਼ਾ ਪਾ ਚੁੱਕੇ ਇਨ੍ਹਾਂ ਸੈਨਿਕਾਂ ਨੂੰ ਜੇਲ੍ਹਾਂ ਵਿਚ ਰੱਖਣ ਲਈ ਸਿਵਲ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ ਇਸੇ ਬਟਾਲੀਅਨ ਦੇ ਚਾਰ ਹੋਰ ਸੈਨਿਕਾਂ ਨੂੰ ਦਿਤੀ ਗਈ ਸਜ਼ਾ ਦੀ ਅਜੇ ਤਕ ਪੁਸ਼ਟੀ ਨਹੀਂ ਹੋ ਸਕੀ ਕਿਉਂਕਿ ਉਨ੍ਹਾਂ ਦੇ ਵਕੀਲ ਰਿਟਾਇਰਡ ਬ੍ਰਿਗੇਡੀਅਰ ਜੇ. ਐਸ. ਗਿੱਲ ਵਲੋਂ ਪੁਸ਼ਟੀ ਤੋਂ ਪਹਿਲਾਂ ਦਿਤੀ ਗਈ ਪਟੀਸ਼ਨ ਉਤੇ ਅਜੇ ਤਕ ਵਿਚਾਰ ਕੀਤਾ ਜਾਣ ਵਾਲਾ ਹੈ।

ਹਵਾਲਦਾਰ ਰਣਬੀਰ ਸਿੰਘ ਨੂੰ 14 ਸਾਲ ਦੀ ਕੈਦ ਦੀ ਸਜ਼ਾ ਦਿਤੀ ਗਈ ਹੈ ਜਦ ਕਿ ਨਾਇਕ ਕੁਲਦੀਪ ਸਿੰਘ ਨੂੰ 12 ਸਾਲ ਦੀ ਸਖਤ ਕੈਦ ਦੀ ਸਜ਼ਾ ਦਿਤੀ ਗਈ ਹੈ। ਸਿਪਾਹੀ ਪ੍ਰੀਤਮ ਸਿੰਘ, ਕੁਲਵੰਤ ਸਿੰਘ, ਕਰਮ ਸਿੰਘ, ਬਲਵਿੰਦਰ ਸਿੰਘ ਤੇ ਹਰਪਾਲ ਸਿੰਘ ਨੂੰ ਦਸ-ਦਸ ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ। ਸਿਪਾਹੀ ਪਿਆਰਾ ਸਿੰਘ ਨੂੰ ਸੱਤ ਸਾਲ ਦੀ ਸਖਤ ਕੈਦ ਤੇ ਲੈਸ ਨਾਇਕ ਜਗਮੇਲ ਸਿੰਘ ਤੇ ਪ੍ਰਗਟ ਸਿੰਘ ਨੂੰ ਦਸ-ਦਸ ਸਾਲਾਂ ਦੀ ਸਖਤ ਸਜ਼ਾ ਦਿਤੀ ਗਈ ਹੈ। ਹਵਾਲਦਾਰ ਜਰਨੈਲ ਸਿੰਘ ਤੇ ਹੋਰਨਾਂ ਨੂੰ ਬਾਰਾਂ ਸਾਲ ਦੀ ਸਖਤ ਕੈਦ, ਲੈਸ ਨਾਇਕ ਮਲਕੀਅਤ ਸਿੰਘ ਨੂੰ ਦਸ ਸਾਲ, ਸਿਪਾਹੀ ਚੰਨਣ ਸਿੰਘ, ਜਗਤਾਰ ਸਿੰਘ, ਅਵਤਾਰ ਸਿੰਘ ਤੇ ਰਣਜੀਤ ਸਿੰਘ ਨੂੰ ਸੱਤ-ਸੱਤ ਸਾਲ ਤੇ ਸਿਪਾਹੀ ਗੁਰਦੇਵ ਸਿੰਘ ਨੂੰ ਪੰਜ ਸਾਲ ਦੀ ਸਖਤ ਕੈਦ ਦੀ ਸਜ਼ਾ ਦਿਤੀ ਗਈ ਹੈ।

# ਤਿੰਨ ਲੱਖ ਦਾ ਵਿਦੇਸ਼ੀ ਸਿੱਕਾ ਬਰਾਮਦ

ਜਲੰਧਰ — ਐਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਦੇ ਸਥਾਨਕ ਰੇਲਵੇ ਸਟੇਸ਼ਨ 'ਤੇ ਇਕ ਔਰਤ ਪਾਸੋਂ ਤਿੰਨ ਲੱਖ ਰੁਪਏ ਦਾ ਵਿਦੇਸ਼ੀ ਸਿੱਕਾ ਬਰਾਮਦ ਕੀਤਾ। ਇਸ ਸਬੰਧ ਵਿਚ ਉਸ ਔਰਤ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਡਾਇਰੈਕਟੋਰੇਟ ਦੇ ਸਹਾਇਕ ਡਾਇਰੈਕਟਰ ਸ੍ਰੀ ਐਮ. ਐਸ. ਬੱਧਣ ਨੇ ਦੱਸਿਆ ਕਿ ਇਹ ਔਰਤ ਹੁਸ਼ਿਆਰਪੁਰ ਤੋਂ ਵਿਦੇਸ਼ੀ ਸਿੱਕਾ ਲੈ ਕੇ ਆਉਂਦੀ ਸੀ ਅਤੇ ਦਿੱਲੀ ਬਲੈਕ ਮਾਰਕੀਟ ਵਿਚ ਵੇਚਿਆ ਕਰਦੀ ਸੀ। ਵਿਦੇਸ਼ੀ ਸਿੱਕਾ ਉਸਦੇ ਸੂਟਕੇਸ ਦੇ ਹੇਠਲੇ ਹਿੱਸੇ ਵਿਚੋਂ ਬਰਾਮਦ ਹੋਇਆ।


BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food




AMIN LADHA

AMIN ON MARINE
Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car
dueck
CHEVROLET-OLDSMOBILE-CADILLAC LTD.
86 SE Marine Dr., [between Main & Cambie]
Ph: 324-7222
Res.: 433-1681
Pager 687-7711 Pager #2122
DUECK CHEVROLET OLDSMOBILE CADILLAC LTD.



United Realty Ltd.
3879 Oak Street, Vancouver, B.C. V6H 2M6

Malkit Dhami, M.A. (Eco.)
■ BUYING
■ SELLING
Free Evaluation For Your Property Call Any Time Without Any Obligation
Bus. 736-3831 or Res. 434-8548
Pager— 524-8581, +2229

# ਪੰਜਾਬ ਨੂੰ ਕੇਂਦਰੀ ਬਿਜਲੀ ਪ੍ਰਾਜੈਕਟਾਂ ਤੋਂ ਪੂਰਾ ਹਿੱਸਾ ਨਹੀਂ — ਆਰਿਫ

ਊਰਜਾ ਰਾਜ ਮੰਤਰੀ ਸ੍ਰੀ ਆਰਿਫ ਮੁਹੰਮਦ ਖਾਨ ਨੇ ਲੋਕ ਸਭਾ ਵਿਚ ਅਕਾਲੀ ਮੈਂਬਰ ਸ੍ਰੀ ਮੇਵਾ ਸਿੰਘ ਗਿੱਲ ਦੇ ਸਵਾਲ ਦੇ ਜਵਾਬ ਵਿਚ ਮੰਨਿਆ ਕਿ ਪੰਜਾਬ ਨੂੰ ਕੇਂਦਰੀ ਪ੍ਰਾਜੈਕਟਾਂ — ਸਿੰਗਰੌਲੀ ਅਤੇ ਬੈਰਾਸਿਊਲ ਤੋਂ ਆਪਣੇ ਹਿੱਸੇ ਦੀ ਪੂਰੀ ਬਿਜਲੀ ਨਹੀਂ ਮਿਲ ਰਹੀ। ਮੰਤਰੀ ਨੇ ਕਿਹਾ ਕਿ ਦਿੱਲੀ ਅਤੇ ਉਤਰ ਪ੍ਰਦੇਸ਼ ਵਲੋਂ ਆਪਣੇ ਹਿੱਸੇ ਤੋਂ ਵਧੇਰੇ ਬਿਜਲੀ ਦੀ ਖਪਤ ਕਾਰਨ ਪੰਜਾਬ ਨੂੰ ਪੂਰਾ ਹਿੱਸਾ ਨਹੀਂ ਮਿਲ ਰਿਹਾ। ਮੰਤਰੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਰਾਜਾਂ ਨੂੰ ਬਿਜਲੀ ਘੱਟ ਵਰਤਣ ਲਈ ਕਿਹਾ ਜਾ ਰਿਹਾ ਹੈ। ਮੰਤਰੀ ਨੇ ਦੱਸਿਆ ਕਿ 184-1984-85 ਪੰਜਾਬ ਨੂੰ ਬੈਰਾਸਿਊਲ ਤੋਂ 26.07 ਕਰੋੜ ਯੂਨਿਟਾਂ ਦੀ ਥਾਂ ਕੇਵਲ 12.7 ਕਰੋੜ ਯੂਨਿਟ ਬਿਜਲੀ ਹੀ ਮਿਲੀ ਜਦਕਿ ਸਿੰਗਰੌਲੀ ਤੋਂ 38.82 ਕਰੋੜ ਯੂਨਿਟਾਂ ਦੀ ਥਾਂ ਸਿਰਫ 9.3 ਕਰੋੜ ਯੂਨਿਟ ਬਿਜਲੀ ਹੀ ਮਿਲੀ।

ਚਾਲੂ ਮਾਲੀ ਸਾਲ ਦੇ ਅਕਤੂਬਰ ਮਹੀਨੇ ਤੱਕ ਪੰਜਾਬ ਨੂੰ ਸਿੰਗਰੌਲੀ ਤੋਂ 24.47 ਕਰੋੜ ਯੂਨਿਟਾਂ ਦੇ ਕੋਟੇ ਦੀ ਥਾਂ ਸਿਰਫ 2.7 ਕਰੋੜ ਯੂਨਿਟ ਹੀ ਮਿਲੀ ਹੈ ਸ੍ਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਸਵਾਲਾਂ ਦੇ ਜਵਾਬ ਵਿਚ ਸੰਚਾਰ ਮੰਤਰੀ ਸ੍ਰੀ ਮਿਰਧਾ ਨੇ ਕਿਹਾ ਕਿ ਸੰਗਰੂਰ ਟੈਲੀਫੋਨ ਐਕਸਚੇਂਜ ਠੀਕ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਪੰਜਾਬ ਦੇ ਦਿਹਾਤੀ ਇਲਾਕੇ ਵਿਚ ਟੈਲੀਫੋਨ ਸੇਵਾ ਆਮ ਕਰਕੇ ਤਸੱਲੀਬਖਸ਼ ਹੈ।

# ਬਾਗੀ ਕਬਾਇਲੀਆਂ ਵਿਰੁੱਧ ਫੌਜੀ ਕਾਰਵਾਈ

ਇਸਲਾਮਾਬਾਦ — ਪਾਕਿਸਤਾਨ ਸਰਕਾਰ ਨੇ ਕਮਿਊਨਿਸਟਾਂ ਦਾ ਅਸਰ ਖਤਮ ਕਰਨ ਲਈ ਬਾਗੀ ਪਸ਼ਤੂ ਕਬਾਇਲੀ ਨੇਤਾਵਾਂ ਵਿਰੁਧ ਕਾਰਵਾਈ ਸ਼ੁਰੂ ਕਰ ਦਿਤੀ ਹੈ। ਖੈਬਰ ਦੱਰੇ ਦੇ ਇਸ ਇਲਾਕੇ ਵਿਚ ਰਹਿੰਦੇ 16 ਕਬਾਇਲੀ ਪਸ਼ਤੂ ਨੇਤਾਵਾਂ ਵਿਚੋਂ ਦੋ ਨੂੰ ਛੱਡ ਕੇ ਬਾਕੀਆਂ ਨੇ ਸਰਕਾਰ ਦੇ ਅਲਟੀਮੇਟਮ ਨੂੰ ਰੱਦ ਕਰ ਦਿਤਾ ਹੈ।

ਪਾਕਿਸਤਾਨੀ ਸਰਕਾਰ ਨੇ ਇਨ੍ਹਾਂ ਨੇਤਾਵਾਂ ਨੂੰ ਧਮਕੀ ਦਿਤੀ ਸੀ ਕਿ ਜਾਂ ਤਾਂ ਉਹ ਸਰਕਾਰ ਅੱਗੇ ਆਤਮ ਸਮਰਪਣ ਕਰ ਦੇਣ ਨਹੀਂ ਤਾਂ ਫਿਰ ਉਨਾਂ ਦੇ ਘਰਾਂ ਨੂੰ ਢਾਹ ਢੇਰੀ ਕਰ ਦਿਤਾ ਜਾਵੇਗਾ ਅਤੇ ਸਮਾਂ ਦਿਤਾ ਗਿਆ ਸੀ। ਪਾਕਿਸਤਾਨੀ ਸਰਕਾਰ ਨੇ ਧਮਕੀ ਨੂੰ ਅਮਲੀ ਰੂਪ ਦੇਣ ਲਈ ਟੈਂਕਾਂ ਅਤੇ ਤੋਪਾਂ ਨਾਲ ਹਥਿਆਰਬੰਦ ਹਜ਼ਾਰਾਂ ਜਵਾਨ ਉਸ ਇਲਾਕੇ ਵਿਚ ਭੇਜ ਦਿਤੇ ਹਨ। ਸਮਝਿਆ ਜਾਂਦਾ ਹੈ ਕਿ ਖੈਬਰ ਦੱਰੇ ਦੇ ਇਲਾਕੇ ਵਿਚ ਬਾਗੀਆਂ ਨਾਲ ਸਿੱਝਣ ਲਈ ਸਰਕਾਰ ਵਲੋਂ ਪਹਿਲੀ ਵੇਰ ਏਡੀ ਵੱਡੀ ਪੱਧਰ ਉਤੇ ਫੌਜੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਇਲਾਕੇ ਵਿਚ ਵਲੀ ਖਾਨ ਕੁਨੀਖੇਲ ਦੀ ਸਰਦਾਰੀ ਹੈ। ਉਸ ਨੇ ਬੀਤੇ ਦਿਨੀਂ ਧਮਕੀ ਦਿਤੀ ਸੀ ਕਿ ਉਹ ਅਫਗਾਨ ਬਾਗੀਆਂ ਨੂੰ ਆਪਣੇ ਖੇਤਰ ਵਿਚ ਵੜਨ ਤੋਂ ਰੋਕਣ ਲਈ ਕਾਬਲ ਤੋਂ ਕਾਲਾਸ਼ਨੀਕੋਵ ਕਿਸਮ ਦੀਆਂ ਰਾਈਫਲਾਂ ਲੈਣਗੇ।

ਖੈਬਰ ਦੱਰੇ ਤੋਂ ਪੁੱਜੀਆਂ ਖਬਰਾਂ ਅਨੁਸਾਰ ਦੱਰੇ ਨੂੰ ਸੀਲ ਕਰ ਦਿਤਾ ਗਿਆ ਹੈ ਅਤੇ ਪਾਕਿਸਤਾਨੀ ਫੌਜ ਦੇ ਟੈਂਕ ਅਤੇ ਤੋਪਾਂ ਨੇ ਪੁਜੀਸ਼ਨਾਂ ਲੈ ਲਈਆਂ ਹਨ। ਪਾਕਿਸਤਾਨੀ ਫੌਜ ਵਲੋਂ ਘਰਾਂ ਨੂੰ ਢਾਹੁਣ ਬਾਰੇ ਅਲਟੀਮੇਟਮ ਉਤੇ ਅਮਲ ਬਾਰੇ ਫਿਲਹਾਲ ਕੁਓਂ ਵੱਖ ਵੱਖ ਖਬਰਾਂ ਮਿਲ ਰਹੀਆਂ ਹਨ।

# ਤਿੰਨ ਪੰਜਾਬੀਆਂ ਨੂੰ ਸਨਮਾਨ

ਲੁਧਿਆਣਾ — ਤਿੰਨ ਉਘੇ ਪੰਜਾਬੀਆਂ ਸ. ਬਰਜਿੰਦਰ ਸਿੰਘ ਮੈਨੇਜਿੰਗ ਐਡੀਟਰ 'ਅਜੀਤ', ਸ. ਹਰਿਭਜਨ ਸਿੰਘ ਦਿਓਲ (ਬਿਜਲੀ ਬੋਰਡ ਦੇ ਪ੍ਰਸ਼ਾਸਕੀ ਮੈਂਬਰ) ਅਤੇ ਸ. ਪ੍ਰਿਥੀਪਾਲ ਸਿੰਘ ਕਪੂਰ (ਪ੍ਰੋ: ਵੀ. ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੂੰ ਖਾਲਸਾ ਐਜੂਕੇਸ਼ਨ ਕੌਂਸਲ ਵਲੋਂ ਉਨ੍ਹਾਂ ਦੁਆਰਾ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਨਿਭਾਏ ਰੋਲ ਅਤੇ ਪੰਜਾਬ ਸਮਝੌਤੇ ਲਈ ਸਾਜ਼ਗਰ ਹਾਲਤ ਪੈਦਾ ਕਰਨ ਲਈ ਕੀਤੇ ਯਤਨਾਂ ਵਜੋਂ ਸਨਮਾਨਿਤ ਕੀਤਾ। ਯਾਦ ਰਹੇ ਖਾਲਸਾ ਐਜੂਕੇਸ਼ਨ ਕੌਂਸਲ ਸਥਾਨਕ ਖਾਲਸਾ ਕਾਲਜ ਦਾ ਪ੍ਰਬੰਧ ਕਰਦੀ ਹੈ।

ਐਡਵਰਟਾਈਜ਼ਮੈਂਟ ਲਈ ਫੋਨ :
581-4473

# ਸਾਬਕਾ ਐਸ. ਐਚ. ਓ. ਵਲੋਂ ਆਤਮ ਸਮਰਪਣ

ਲੁਧਿਆਣਾ — ਪਾਇਲ ਪੁਲੀਸ ਸਟੇਸ਼ਨ ਦੇ ਸਾਬਕਾ ਐਸ. ਐਚ. ਓ. ਜਗਜੀਤ ਸਿੰਘ ਬੇਦੀ ਨੇ ਪਾਇਲ ਕਤਲ ਕੇਸ ਦੇ ਸਿਲਸਿਲੇ ਵਿਚ ਪਿਛਲੇ ਦਿਨ ਸ੍ਰੀ ਜੇ. ਐਸ. ਭਾਟੀਆ ਦੀ ਕਚਹਿਰੀ ਵਿਚ ਆਤਮ ਸਮਰਪਣ ਕਰ ਦਿਤਾ। ਸਾਬਕਾ ਐਸ. ਐਚ. ਓ. ਦੇ ਵਕੀਲ ਐਸ. ਐਸ. ਅਟਵਾਲ ਨੇ ਕਚਹਿਰੀ ਨੂੰ ਦੱਸਿਆ ਕਿ ਜਗਜੀਤ ਸਿੰਘ ਬੇਦੀ ਕਿਸੇ ਇਨਵੈਸਟੀਗੇਸ਼ਨ ਦੇ ਮਾਮਲੇ ਵਿਚ ਹਿਮਾਚਲ ਪ੍ਰਦੇਸ਼ ਗਿਆ ਹੋਇਆ ਸੀ ਅਤੇ ਉਸ ਨੂੰ ਬਾਅਦ ਵਿਚ ਆਪਣੇ ਰਿਸ਼ਤੇਦਾਰਾਂ ਤੋਂ ਖਬਰ ਮਿਲੀ ਸੀ ਕਿ ਉਸ ਦੀ ਪਾਇਲ ਕਤਲ ਕੇਸ ਵਿਚ ਜ਼ਰੂਰਤ ਹੈ। ਕਚਹਿਰੀ ਵਲੋਂ ਉਸ ਨੂੰ ਛੇ ਦਸੰਬਰ ਤਕ ਦੇ ਸਮੇਂ ਲਈ ਅਦਾਲਤੀ ਹਵਾਲਾਤ ਵਿਚ ਭੇਜ ਦਿਤਾ ਗਿਆ ਹੈ।

ਰਾਜ ਅਨਮੋਲ ਸਿੰਘ, ਦਲੀਪ ਸਿੰਘ, ਨਿਰਮਲ ਸਿੰਘ ਅਤੇ ਡਾ. ਜਗਜੀਤ ਸਿੰਘ ਨਾਂ ਦੇ ਚਾਰ ਵਿਅਕਤੀਆਂ ਨੂੰ 14 ਅਗਸਤ 1983 ਦੇ ਦਿਨ ਰਾੜਾ ਸਾਹਿਬ ਦੇ ਨਜ਼ਦੀਕ ਕਥਿਤ ਤੌਰ 'ਤੇ ਪੁਲੀਸ ਮੁਕਾਬਲੇ ਵਿਚ ਹਲਾਕ ਕਰ ਦਿਤਾ ਗਿਆ ਸੀ। ਇਸ ਘਟਨਾ ਦੇ ਸਬੰਧ ਵਿਚ ਸਾਬਕਾ ਐਸ. ਐਚ. ਓ. ਜਗਜੀਤ ਸਿੰਘ ਬੇਦੀ ਨੂੰ ਭਗੌੜਾ ਕਰਾਰ ਦਿਤਾ ਗਿਆ ਸੀ।

# ਪੰਜਾਬ ਸਰਕਾਰ ਵਲੋਂ ਛੁੱਟੀਆਂ ਦੀ ਨਵੀਂ ਸੂਚੀ ਦਾ ਐਲਾਨ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਰਾਜ ਦੇ ਸਮੂਹ ਸਰਕਾਰੀ ਦਫਤਰਾਂ ਵਿਚ 1986 ਦੇ ਸਾਲ ਦੌਰਾਨ ਸਰਕਾਰੀ ਛੁੱਟੀਆਂ ਦੀ ਸੂਚੀ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਹੇਠ ਲਿਖੀਆਂ ਛੁੱਟੀਆਂ ਤੋਂ ਇਲਾਵਾ ਸਮੂਹ ਸ਼ਨਿਚਰਵਾਰ ਅਤੇ ਐਤਵਾਰ ਵੀ ਸ਼ਾਮਲ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਵਸ 17 ਜਨਵਰੀ, ਗਣਤੰਤਰ ਦਿਵਸ 26 ਜਨਵਰੀ, ਸ੍ਰੀ ਗੁਰੂ ਰਵੀਦਾਸ ਦਾ ਜਨਮ ਦਿਵਸ 24 ਫਰਵਰੀ, ਸ਼ਿਵਰਾਤਰੀ 8 ਮਾਰਚ, ਸ. ਭਗਤ ਸਿੰਘ ਦਾ ਸ਼ਹੀਦੀ ਦਿਵਸ 23 ਮਾਰਚ, ਗੁੱਡ ਫਰਾਈਡੇ 28 ਮਾਰਚ, ਵਿਸਾਖੀ 13 ਅਪਰੈਲ, ਡਾ. ਬੀ. ਆਰ. ਅੰਬੇਦਕਰ ਦਾ ਜਨਮ ਦਿਵਸ 14 ਅਪਰੈਲ, ਰਾਮ ਨੌਮੀ 18 ਅਪਰੈਲ, ਮਹਾਂਵੀਰ ਜੈਯੰਤੀ 22 ਅਪਰੈਲ, ਮਈ ਦਿਵਸ ਪਹਿਲੀ ਮਈ, ਈਦ-ਉਲ-ਫਿਤਰ 9 ਜੂਨ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ 11 ਜੂਨ, ਆਜ਼ਾਦੀ ਦਿਵਸ 15 ਅਗਸਤ, ਜਨਮ ਅਸ਼ਟਮੀ 27 ਅਗਸਤ, ਮਹਾਤਮਾ ਗਾਂਧੀ ਦਾ ਜਨਮ ਦਿਵਸ 2 ਅਕਤੂਬਰ, ਦੁਸਹਿਰਾ 12 ਅਕਤੂਬਰ, ਮਹਾਂਰਿਸ਼ੀ ਬਾਲਮੀਕ ਜੀ ਦਾ ਜਨਮ ਦਿਵਸ 17 ਅਕਤੂਬਰ, ਪੰਜਾਬ ਦਿਵਸ/ਦੀਵਾਲੀ 1 ਨਵੰਬਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ 16 ਨਵੰਬਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਦਿਵਸ 5 ਦਸੰਬਰ ਅਤੇ ਕ੍ਰਿਸਮਿਸ ਦਿਵਸ 25 ਦਸੰਬਰ।

ਪੰਜਾਬ ਸਰਕਾਰ ਨੇ ਰਾਖਵੀਆਂ ਛੁੱਟੀਆਂ ਦਾ ਐਲਾਨ ਵੀ ਕੀਤਾ ਹੈ ਜਿਸ ਅਨੁਸਾਰ ਕਰਮਚਾਰੀ ਇਹ ਛੁੱਟੀਆਂ ਲੈ ਸਕਦੇ ਹਨ। ਇਨ੍ਹਾਂ ਵਿਚ ਨਵਾਂ ਸਾਲ ਦਿਵਸ ਪਹਿਲੀ ਜਨਵਰੀ, ਲੋਹੜੀ 13 ਜਨਵਰੀ, ਬਸੰਤ ਪੰਚਮੀ 13 ਫਰਵਰੀ, ਨਿਰਜਲ ਇਕਾਦਸ਼ੀ 18 ਜੂਨ, ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ 29 ਜੂਨ, ਈਦ-ਉਲ-ਜ਼ੁਹਾ 17 ਅਗਸਤ, ਮੁਹਰਮ 15 ਸਤੰਬਰ, ਕਰਵਾ ਚੌਥ 30 ਅਕਤੂਬਰ, ਗਵਰਧਨ ਪੂਜਾ ਅਤੇ ਵਿਸ਼ਵਕਰਮਾ ਦਿਵਸ 2 ਨਵੰਬਰ, ਸ਼ਹੀਦੀ ਜੋੜਾ ਮੇਲਾ ਫਤਹਿਗੜ੍ਹ ਸਾਹਿਬ ਦਸੰਬਰ 26, 27, 28, [illegible] ਸਵੇਰੇ ਪਹਿਲੇ ਦੋ ਘੰਟੇ ਆਦਿ ਦੀਆਂ ਛੁੱਟੀਆਂ ਸ਼ਾਮਲ ਹਨ।

# ਅਖਬਾਰਾਂ ਨੇ ਚੰਗਾ ਰੋਲ ਨਿਭਾਇਆ

ਜਲੰਧਰ — ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਫਿਰਕੂਪੁਣੇ ਵਿਰੁਧ ਡਟਣ ਦਾ ਸੱਦਾ ਦਿਤਾ। ਇਥੇ ਪਾਰਟੀ ਵਰਕਰਾਂ ਦੀ ਇਕ ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅਖਬਾਰਾਂ ਨੇ ਇਸ ਮਾਮਲੇ ਵਿਚ ਚੰਗਾ ਰੋਲ ਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪੱਤਰਕਾਰਾਂ ਦੀਆਂ ਤੇ ਖਾਸ ਕਰ ਜ਼ਿਲਾ ਹੈਡਕੁਆਰਟਰਾਂ 'ਤੇ ਕੰਮ ਕਰਦੇ ਪੱਤਰਕਾਰਾਂ ਦੀਆਂ ਉਚਿਤ ਮੰਗਾਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਨੁਕਸਾਨ ਸਹਿਣ ਵਾਲੇ ਨੌਜਵਾਨਾਂ ਨੂੰ ਮੁੜ ਵਸਾਉਣ ਲਈ ਰਾਜ ਸਰਕਾਰ ਵਚਨਬੱਧ ਹੈ। ਮੁਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਦੀ ਸਮੱਸਿਆ ਨੂੰ ਅਮਨ-ਕਾਨੂੰਨ ਦੀ ਸਮਸਿਆ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਬੜੇ ਹੀ ਮਾਨਸਿਕ ਤਣਾਓ 'ਚੋਂ ਗੁਜ਼ਰਨਾ ਪੈ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਜਲੰਧਰ ਦੇ ਦੰਗਾ-ਪੀੜਤਾਂ ਦੇ ਮਸਲਿਆਂ ਵੱਲ ਧਿਆਨ ਦਿਤਾ ਜਾਵੇਗਾ। ਜ਼ਿਲਾ ਅਕਾਲੀ ਜਥਾ(ਸ਼ਹਿਰੀ) ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਨੇ ਸਹਿਰ ਦੇ ਲੋਕਾਂ ਵਲੋਂ ਮੁਖ ਮੰਤਰੀ ਨੂੰ ਸਿਰੋਪਾ ਭੇਟ ਕੀਤਾ।

# ਪੰਜਾਬੀ ਨਾਟਕ ਨੂੰ ਕੌਮੀ ਪੱਧਰ 'ਤੇ 3 ਇਨਾਮ

ਅੰਮ੍ਰਿਤਸਰ — ਪਿਛਲੇ ਦਿਨੀਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ 'ਆਲ ਇੰਡੀਆ ਡਰਾਮਾ ਕਾਂਗਰਸ' ਕਰਵਾਈ ਗਈ ਜਿਸ ਵਿਚ ਹਿੰਦੋਸਤਾਨ ਭਰ ਦੀਆਂ ਯੂਨੀਵਰਸਿਟੀਆਂ ਵਿਚੋਂ ਡੈਲੀਗੇਟ ਅਤੇ ਨਾਟ-ਸੰਸਥਾਵਾਂ ਸ਼ਾਮਲ ਹੋਈਆਂ। ਅਲੀਗੜ੍ਹ ਯੂਨੀਵਰਸਿਟੀ ਦੇ 25 ਸਾਲ ਦੇ ਰੰਗਮੰਚੀ ਇਤਿਹਾਸ ਵਿਚ ਪਹਿਲੀ ਵਾਰ ਪੰਜਾਬੀ ਨਾਟਕ 'ਇਕ ਰਮਾਇਣ ਹੋਰ' ਪੇਸ਼ ਕੀਤਾ ਗਿਆ। ਅਜਮੇਰ ਸਿੰਘ ਔਲਖ ਦੇ ਲਿਖੇ ਇਸ ਇਕਾਂਗੀ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਡਰਾਮਾ ਅਤੇ ਸੰਗੀਤ ਕਲੱਬ' ਵਲੋਂ ਡਾ. ਮਨਜੀਤ ਪਾਲ ਕੌਰ ਦੀ ਸਰਪ੍ਰਸਤੀ ਥੱਲੇ ਕੈਂਪਸ ਦੇ ਵਿਦਿਆਰਥੀਆਂ ਨੇ ਜਨਮੀਤ ਦੀ ਨਿਰਦੇਸ਼ਨਾ ਵਿਚ ਪੇਸ਼ ਕੀਤਾ। ਪੰਜਾਬੀ ਨਾਟਕ ਨੇ ਤਿੰਨ ਇਨਾਮ ਪ੍ਰਾਪਤ ਕੀਤੇ : ਓਵਰਆਲ ਟੀਮ ਪਰਫਾਰਮੈਂਸ ਦਾ ਪੁਰਸਕਾਰ, ਸਾਰੇ ਨਾਟਕਾਂ ਵਿਚੋਂ ਦੂਸਰਾ ਸਥਾਨ ਅਤੇ ਉਤਮ ਅਭਿਨੇਤਾ ਦਾ ਪੁਰਸਕਾਰ। 'ਨੈਸ਼ਨਲ ਸਕੂਲ ਆਫ ਡਰਾਮਾ' ਦੇ ਡਾਇਰੈਕਟਰ ਮੋਹਨ ਮਹਾਂਰਿਸ਼ੀ ਨੇ ਉਚੇਚੇ ਤੌਰ 'ਤੇ ਨਾਟਕ ਦੀ ਪ੍ਰਸੰਸਾ ਕੀਤੀ।



NORTH AMERICAN LIFE ASSURANCE COMPANY
HAPPY NEW YEAR MERRY CHRISTMAS &



NORTH AMERICAN LIFE

- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167



MINT AUTO BODY LTD.

MERRY CHRISTMAS & HAPPY NEW YEAR

Phone: 433-1207

ALIGNMENT and FRAME



■ Repair All Makes and Models ■

All Work Fully Guaranteed :: Courtesy Cars Available

Bhupinder (Bob) Sihota

MINT AUTO BODY LTD.
5590 Lane Street, Burnaby, B.C. V5H 2H5

# ਚਰਨਪਾਲ ਗਿੱਲ ਬੀ. ਸੀ. ਹਿਊਮਨ ਰਾਈਟਸ ਦਾ ਬੁਲਾਰਾ ਨਿਯੁਕਤ ਕੀਤਾ ਗਿਆ

ਬੀ. ਸੀ. ਹਿਊਮਨ ਰਾਈਟਸ ਦੇ ਡੇਲੀਗੇਟਾਂ ਦੀ ਦਸੰਬਰ ਛੇ, ਸੱਤ ਅਤੇ ਅੱਠ ਨੂੰ ਛਾਤੋ ਗਰੇਨਵਿਲ ਹੋਟਲ, ਵੈਨਕੂਵਰ ਵਿਖੇ ਕਾਨਫਰੰਸ ਹੋਈ। ਇਸ ਕਾਨਫਰੰਸ ਵਿਚ ਸਾਰੇ ਬੀ. ਸੀ. ਦੇ ਡੇਲੀਗੇਟ ਸ਼ਾਮਲ ਸਨ। ਇਸ ਵਿਚ ਬੀ. ਸੀ. ਦੇ ਸੂਬੇ ਵਿਚ ਮਨੁੱਖੀ ਹੱਕਾਂ ਦੀ ਕਟਾ ਕਟੌਤੀ ਤੇ ਘੱਟ ਗਿਣਤੀ ਦੇ ਲੋਕਾਂ ਨੂੰ ਨਸਲੀ ਲਾਈਟਾ ਦੇ ਆਧਾਰ ਤੇ ਫੜਨ ਦੇ ਮਨਸੂਬੇ ਤੇ ਕਮਿਊਨਿਟੀਆਂ ਨੂੰ ਇਕਲੌਤੇ ਕਰਨ ਦੀਆਂ ਤਜਵੀਜ਼ਾਂ ਤੇ ਚਾਨਣਾਂ ਪਾਇਆ ਗਿਆ।

ਅੰਜ਼ਤਰਰਾਸ਼ਟਰੀ ਹਿਊਮਨ ਰਾਈਟਸ ਦੇ ਦਿਵਸ ਉਤੇ ਇਕ ਵਿਸ਼ੇਸ਼ ਮਤਾ ਪਾਸ ਹੋਇਆ। ਇਸ ਮਤੇ ਵਿਚ ਪੁਛਿਆ ਗਿਆ ਕੀ ਲੋਕੋ ਤੁਹਾਡੇ ਮਨੁੱਖੀ ਅਧਿਕਾਰਾਂ ਵਿਚ ਵਾਧਾਂ ਹੋਇਆ ਹੈ ? ਪਰੀਮੀਅਰ ਬੈਨਿਟ ਆਪ ਨੂੰ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰੇਗਾ ਕਿ ਬੀ. ਸੀ. ਹਿਊਮਨ ਰਾਈਟਸ ਐਕਟ ਕੈਨੇਡਾ ਵਿਚ ਇਕ ਨੰਬਰ ਤੇ ਹੈ। ਜੇ ਤੁਸੀਂ ਬਜ਼ੁਰਗ, ਔਰਤ, ਗਰੀਬ, ਲੂਲੇ ਲੰਗੜੇ ਜਾਂ ਰੰਗਦਾਰ ਲੋਕਾਂ ਵਿਚੋਂ ਹੋ ਤਾਂ ਤੁਹੀਂਡੇ ਅਧਿਕਾਰ ਅੱਗੇ ਨਾਲੋਂ ਭੀ ਘੱਟ ਗਏ ਹਨ। ਹੁਣ ਤੁਹਾਡੇ ਲਈ ਘੱਟ ਹਿਫਾਜ਼ਤ, ਸ਼ਿਕਾਇਤਾਂ ਦੇ ਹੱਲ ਭੀ ਤਸੱਲੀਬਖਸ਼ ਨਹੀਂ ਹਨ। ਬੱਚਿਆਂ, ---ਗੇਰਾਂ ਅਤੇ ਲੈਸਬੀਅਨਾਂ ਦੇ ਹੱਕਾਂ ਲਈ ਤਾਂ ਇਹ ਸਰਕਾਰ ਗੱਲ ਕਰਨ ਨੂੰ ਵੀ ਤਿਆਰ ਨਹੀਂ।

ਪਿਛਲੇ ਸਾਲ ਕੈਨੇਡਾ ਵਿਚ ਜਮਹੂਰੀ ਅਤੇ ਮਨੁੱਖੀ ਹੱਕਾਂ ਦਾ ਚਾਰਟਰ ਲਾਗੂ ਹੋਇਆ ਪਰ ਬੀ. ਸੀ. ਵਿਚ ਹੱਕਾਂ ਦੀ ਕਟੌਤੀ ਹੋਈ ਤੇ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਨਹੀਂ ਕੀਤਾ।

ਇਸ ਸੰਸਥਾ ਨੇ ਇਹ ਭੀ ਮੰਗ ਕੀਤੀ ਕਿ ਲ ਲਾਇਲ ਆਈਲੈਂਡ ਵਿਚ ਉਨਾ ਚਿਰ ਦਰੱਖਤ ਨਾ ਕਾਟੇ ਜਾਣ ਜਿੰਨਾ ਚਿਰ ਅਦਿਵਾਸੀ ਲੋਕਾਂ ਦੇ ਹੱਕਾਂ ਦੀ ਗੱਲਬਾਤ ਸ਼ੁਰੂ ਨਹੀਂ ਹੁੰਦੀ। ਬੀ. ਸੀ. ਹਿਊਮਨ ਰਾਈਟਸ ਕੁਲੀਸ਼ਨ ਆਦਿਵਾਸੀਆਂ ਦੇ ਸੱਚੇ ਸੁੱਚੇ ਹੱਕਾਂ ਦੀ ਜਦੋਜਹਿਦ ਦੀ ਸਾਥ ਦੇਂਦੀ ਹੈ ਤੇ ਪੁਰਜ਼ੋਰ ਮਦਦ ਕਰੇਗੀ। ਤੇ ਇਹ ਭੀ ਮੰਗ ਕੀਤੀ ਕਿ ਹਾਇਡਾ ਲੋਕਾਂ ਤੇ ਇਨਜੰਕਸ਼ਨ ਹਟਾਏ ਜਾਣ ਤੇ ਬੀ. ਸੀ. ਸਰਕਾਰ ਆਪਦੀ ਜ਼ਿੰਮੇਵਾਰੀ ਪਛਾਣੇ ਤੇ ਉਨ੍ਹਾਂ ਨਾਲ ਗੱਲ ਕਾਬ ਤਸ਼ੁਰੂ ਕਰੇ।

ਇਸ ਕਾਨਫਰੰਸ ਨੇ ਐਨ. ਡੀ. ਪੀ. ਦੀ ਟਾਸਕ ਫੋਰਸ ਦੀ ਸਹਾਇਤਾ ਦਾ ਮਤਾ ਪਾਸ ਕੀਤਾ। ਇਹ ਟਾਸਕ ਫੋਰਸ ਬੀ. ਸੀ. ਵਿਚ ਮਨੁੱਖੀ ਹੱਕਾਂ ਤੇ ਨਸਲਵਾਦ ਦੇ ਅਸਰਾਂ ਦੀ ਘੋਖਣਾ ਕਰੇਗੀ। ਇਸੇ ਕਾਨਫਰੰਸ ਵਿਚ ਚਰਨਪਾਲ ਗਿੱਲ ਨੂੰ ਬੀ. ਸੀ. ਹਿਊਮਨ ਰਾਈਟਸ ਕੁਲੀਸ਼ਨ ਦਾ ਬੁਲਾਰਾ ਨਿਯੁਕਤ ਕੀਤਾ ਗਿਆ।

# ਪਿੰਡ ਦਦੇਹਰ ਵਿਚ ਗਦਰ ਪਾਰਟੀ ਮੈਮੋਰੀਅਲ ਬਣੇਗਾ

ਅੰਮ੍ਰਿਤਸਰ — ਪੰਜਾਬ ਦੇ ਸਿਹਤ ਮੰਤਰੀ ਸ. ਬਸੰਤ ਸਿੰਘ ਖਾਲਸਾ ਨੇ ਐਲਾਨ ਕੀਤਾ ਹੈ ਕਿ ਪਿੰਡ ਦਦੇਹਰ ਵਿਚ ਗਦਰ ਪਾਰਟੀ ਦੇ ਮਹਾਨ ਨਾਇਕਾਂ ਦੀ ਯਾਦ ਵਿਚ ਮੈਮੋਰੀਅਲ ਦੀ ਉਸਾਰੀ ਕਰਾਈ ਜਾਵੇਗੀ। ਉਹ ਇਥੋਂ ਥੋੜੀ ਦੂਰ ਪਿੰਡ ਦਦੇਹਰ ਵਿਖੇ ਮਹਾਨ ਗਦਰੀ ਸੂਰੀਬੀਰ ਸੰਤ ਬਾਬਾ ਵਸਾਖਾ ਸਿੰਘ ਦੀ ਯਾਦ ਵਿਚ ਆਯੋਜਿਤ ਕੀਤੇ ਗਏ ਇਕ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ।

ਇਸ ਮੌਕੇ 'ਤੇ ਜੁੜੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਜਨਰਲ ਸਕੱਤਰ ਸ੍ਰੀ ਓਂਕਾਰ ਸਿੰਘ ਮਤੇ ਨੰਗਲ ਨੇ ਦੱਸਿਆ ਕਿ ਸ਼ਰੋਮਣੀ ਕਮੇਟੀ ਵਲੋਂ ਗਦਰ ਪਾਰਟੀ ਦੇ ਨੇਤਾਵਾਂ ਦੀ ਯਾਦ ਵਿਚ ਜਲਦੀ ਹੀ ਪਿੰਡ ਅੰਦਰ ਲਾਇਬਰੇਰੀ ਵੀ ਕਾਇਮ ਕੀਤੀ ਜਾਵੇਗੀ। ਸਿਹਤ ਮੰਤਰੀ ਨੇ ਇਸ ਸਮੇਂ ਪ੍ਰਾਇਮਰੀ ਹੈਲਥ ਸੈਂਟਰ ਸਿਰਹਾਲੀ ਦਾ ਸਬ ਸੈਂਟਰ ਇਸ ਪਿੰਡ ਵਿਚ ਖੋਲ੍ਹੇ ਜਾਣ ਲਈ ਸਬੰਧਤ ਸਿਹਤ ਅਧਿਕਾਰੀਆਂ ਨੂੰ ਆਦੇਸ਼ ਵੀ ਦਿਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਗਦਰ ਪਾਰਟੀ ਮੈਮੋਰੀਅਲ ਦੀ ਉਸਾਰੀ ਲਈ ਆਪਣੇ ਕੋਟੇ ਵਿਚੋਂ 10,000 ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਇਕੱਤਰਤਾ ਨੂੰ ਇਲਾਕੇ ਦੇ ਵਿਧਾਇਕ ਹਰਭਜਨ ਸਿੰਘ ਸੰਧੂ ਅਤੇ ਦਲ ਦੇ ਪ੍ਰੈਸ ਸਕੱਤਰ ਸ. ਸੁਰਜੀਤ ਸਿੰਘ ਸੇਖੀ ਨੇ ਵੀ ਸੰਬੋਧਨ ਕੀਤਾ।

---

ਇਕ ਸਰਕਾਰੀ ਪ੍ਰੈਸ ਨੋਟ ਅਨੁਸਾਰ 1200 ਤਕਲਿਆਂ ਵਾਲੇ ਅਤੇ 4 ਕਰੋੜ ਦੇ ਖਰਚੇ ਨਾਲ ਤਿਆਰ ਹੋਣ ਵਾਲੇ ਦੋ ਉਨ ਕਤਾਈ ਦੇ ਯੂਨਿਟ ਜ਼ਿਲਾ ਅੰਮ੍ਰਿਤਸਰ ਵਿਚ ਕਾਇਮ ਕੀਤੇ ਜਾ ਰਹੇ ਹਨ।

# ਸੋਵੀਅਤ ਯੂਨੀਅਨ ਦੇ ਮੁਸਲਮਾਨਾਂ ਦਾ ਗੌਰਭਮਈ ਜੀਵਨ

## (ਗੁਲਾਮ ਸਰਵਰ ਮਨਸੂਰ)

ਅਫਗਾਨਸਤਾਨ ਜਮਹੂਰੀ ਰੀਪਬਲਿਕ ਦੇ ਵਿਦਵਾਨਾਂ ਅਤੇ ਧਾਰਮਕ ਆਗੂਆਂ ਦੇ ਸੁਪਰੀਮ ਕੌਂਸਲ ਦੇ ਚੇਅਰਮੈਨ ਗੁਲਾਮ ਸਰਵਰ ਮਨਸੂਰ ਨੇ ਸੋਵੀਅਤ ਯੂਨੀਅਨ ਦੀ ਮਧ ਏਸ਼ੀਆਈ ਰੀਪਬਲਕ ਉਜ਼ਬੇਕਸਤਾਨ ਦਾ ਪਿਛਲੇ ਦਿਨਾਂ ਵਿਚ ਦੌਰਾ ਕਰਨ ਤੋਂ ਮਗਰੋਂ ਸੋਵੀਅਤ ਯੂਨੀਅਨ ਦੇ ਮੁਸਲਮਾਨਾਂ ਦੀ ਜ਼ਿੰਦਗੀ ਦੇ ਬਾਰੇ ਆਪਣੇ ਪ੍ਰਭਾਵ ਦਸਦਿਆਂ ਕਿਹਾ ਹੈ :

ਸੋਵੀਅਤ ਯੂਨੀਅਨ ਦਾ ਇਹ ਮੇਰਾ ਪਹਿਲਾ ਦੌਰਾ ਸੀ ਪ੍ਰੰਤੂ ਮੈਂ ਕਹਿ ਸਕਦਾ ਹਾਂ ਕਿ ਇਹ ਅਤੀ ਲਾਭਕਾਰੀ ਸੀ। ਬੁਖਾਰਾ ਵਿਚ ਠਹਿਰਨ ਦੇ ਦੌਰਾਨ ਮੈਨੂੰ ਮਹਾਨ ਅਰਬ ਦੇ ਸਕੂਲੋ ਦੇ ਕੰਮ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਸਮਰਕੰਦ ਵਿਚ, ਮੈਂ ਮੱਧ ਯੁਗ ਦੇ ਮੁਸਲਮ ਕਲਾ ਦੀ ਉਸਾਰੀ ਨਾਲ ਸੰਬੰਧਿਤ ਆਲੀਸ਼ਾਨ ਯਾਦਗਾਰੀ ਇਮਾਰਤਾਂ ਦੇਖੀਆਂ। ਇਨ੍ਹਾਂ ਨੂੰ ਧਿਆਨ ਨਾਲ ਸੰਭਾਲਿਆ ਹੋਇਆ ਹੈ, ਅਤੇ ਇਹ ਬੜੀ ਚੰਗੀ ਹਾਲਤ ਵਿਚ ਹਨ। ਤਾਸ਼ਕੰਦ ਵਿਚ ਇਮਾਮ ਅਲ-ਬੁਖਾਰੀ ਇਨਸਟੀਚੂਟ ਅਤੇ ਮੱਧ ਏਸ਼ੀਆ ਦੇ ਬਾਰੇ, ਮੁਸਲਮ ਬੋਰਡ ਦੀ ਸ਼ਾਨਦਾਰ ਲਾਇਬਰੇਰੀ ਤੋਂ ਜਿਸ ਵਿਚ ਹਜ਼ਾਰਾਂ ਦਹੀ ਵਡਮੁੱਲੀਆਂ ਇਸਲਾਮੀ ਕਿਤਾਬਾਂ ਹਨ, ਮੈਂ ਬੇਹੱਦ ਪ੍ਰਭਾਵਤ ਹੋਇਆ।

ਮੈਂ ਮਸਜਦਾਂ ਵਿਚ ਆਪਣੇ ਸੋਵੀਅਤ ਮੁਸਲਮਾਨ ਭਾਈਆਂ ਦੇ ਨਾਲ ਨਮਾਜ਼ ਪੜ੍ਹੀ ਅਤੇ ਕਈ ਲੋਕਾਂ ਨਾਲ ਗੱਲਬਾਤ ਕੀਤੀ। ਏਥੇ ਮੈਂ ਜੋ ਕੁਝ ਦੇਖਿਆ ਉਸ ਦਾ ਇਹ ਤੱਤ ਸਾਰ ਹੈ ਕਿ ਲੋਕ ਇੱਲਾਮ ਦੀ ਪੈਰਵੀ ਕਰਨ ਦੇ ਲਈ ਬਿਲਕੁਲ ਆਜ਼ਾਦ ਹਨ। ਸੋਵੀਅਤ ਯੂਨੀਅਨ ਵਿਚ ਮੁਸਲਮਾਨ ਭਰਪੂਰ ਜ਼ਿੰਦਗੀ ਜੀਉਂਦੇ ਹਨ। ਉਨ੍ਹਾਂ ਨੂੰ ਉਹ ਸਾਰੇ ਹੱਕ ਪ੍ਰਾਪਤ ਹਨ, ਜੋ ਬਾਕੀ ਸੋਵੀਅਤ ਦੇ ਆਮ ਸ਼ਹਿਰੀ ਮਾਣ ਰਹੇ ਹਨ। ਇਸਲਾਮੀ ਰਸਮਾਂ ਅਦਾ ਕਰਨ ਲਈ ਉਨ੍ਹਾਂ ਨੂੰ ਸਭ ਜ਼ਰੂਰੀ ਹਾਲਾਤ ਪ੍ਰਾਪਤ ਹਨ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਕੋਈ ਨਹੀਂ ਰੋਕਦਾ।

ਮੈਂ ਉਜ਼ਬੇਕਸਤਾਨ ਦੇ ਸਥਾਨਕ ਪ੍ਰਬੰਧਕਾਂ ਦੀ ਪ੍ਰਸ਼ੰਸਾ ਕਰਨੀ ਚਾਹੁੰਦਾ ਹਾਂ ਕਿਉਂਕਿ ਉਹ ਮੁਸਲਮ ਵਿਰਸੇ ਦੀਆਂ ਯਾਦਗਾਰਾਂ ਨੂੰ ਸੰਭਾਲਣ ਅਤੇ ਕਾਇਮ ਰੱਖਣ ਲਈ ਪੱਕੀ ਤੌਰ ਤੇ ਬੇਹੱਦ ਜ਼ਿੰਮੇਵਾਰੀ ਦਾ ਪ੍ਰਗਟਾ ਕਰਦੇ ਹਨ। ਇਸ ਲਈ ਹੀ ਇਹ ਸਾਰੀਆਂ ਯਾਦਗਾਰਾਂ ਵਧੀਆਂ ਹਾਲਤ ਵਿਚ ਹਨ। ਸਿਆਣੇ ਵਿਗਿਆਨੀ ਇੰਜਨੀਅਰ ਅਤੇ ਮਾਹਿਰ ਸੰਭਾਲ ਦਾ ਕੰਮ ਕ ਲਗਨ ਨਾਲ ਕਰ ਰਹੇ ਹਨ। ਇਸ ਇਲਾਕੇ ਦੇ ਸਾਰੇ ਖਰਚ ਸਰਕਾਰ ਕਰਦੀ ਹੈ।

ਇਸਲਾਮ ਦੇ ਸੰਬੰਧ ਵਿਚ ਸੋਵੀਅਤ ਯੂਨੀਅਨ ਦੀ ਇਨਸਾਫ ਪਸੰਦੀ ਅਤੇ ਪ੍ਰਸਿਧ ਪਾਲਸੀ ਅਤੀ ਪ੍ਰਸ਼ੰਸਾ ਦੇ ਯੋਗ ਹੈ।

ਸੋਵੀਅਤ ਸੋਸ਼ਲਿਸਟ ਜਮਹੂਰੀ ਉਜ਼ਬੇਕਸਤਾਨ, ਸੋਵੀਅਤ ਯੂਨੀਅਨ ਦੀਆਂ 15 ਰੀਪਬਲਿਕਾਂ ਵਿਚੋਂ ਇਕ ਹੈ। ਇਸ ਦਾ ਖੇਤਰ ਫਲ ਚਾਰ ਲੱਖ 47 ਹਜ਼ਾਰ, ਚਾਰ ਸੌ ਮਰੱਬਾ ਕਿਲੋਮੀਟਰ ਹੈ। ਇਸ ਦੀ ਆਬਾਦੀ ਇਕ ਕਰੋੜ 82 ਲੱਖ ਹੈ।

# 80 ਕਰੋੜ ਦੀ ਲਾਗਤ ਨਾਲ 6 ਪ੍ਰਾਜੈਕਟ ਕਾਇਮ ਕਰਨ ਦਾ ਫੈਸਲਾ

-ਬਰਨਾਲਾ ਸਰਕਾਰ ਨੇ ਰਾਜ ਅੰਦਰ ਪੰਜਾਬ ਰਾਜ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਸਹਿਯੋਗ ਨਾਲ 6 ਨਵੇਂ ਪ੍ਰਾਜੈਕਟ ਕਾਇਮ ਕਰਨ ਦਾ ਫੈਸਲਾ ਕੀਤਾ ਹੈ ਜਿਨ੍ਹਾਂ 'ਤੇ 80 ਕਰੋੜ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਪ੍ਰਾਜੈਕਟਾਂ ਕਾਰਨ 2800 ਵਿਅਕਤੀਆਂ ਨੂੰ ਸਿੱਧਾ ਅਤੇ 10,000 ਲੋਕਾਂ ਨੂੰ ਅਸਿੱਧਾ ਰੁਜ਼ਗਾਰ ਮਿਲ ਸਕੇਗਾ। 16 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲਾ ਟੈਲੀਫੋਨ ਦੀਆਂ ਤਾਰਾਂ ਤਿਆਰ ਕਰਨ ਦਾ ਇਕ ਪ੍ਰਾਜੈਕਟ ਜ਼ਿਲਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਵਿਚ ਕਾਇਮ ਕਰਨ ਦੀ ਯੋਜਨਾ ਹੈ। ਅਤੇ ਇਕ ਹੋਰ ਪ੍ਰਾਜੈਕਟ ਜ਼ਿਲਾ ਸੰਗਰੂਰ ਵਿਚ 50 ਕਰੋੜ ਦੀ ਲਾਗਤ ਨਾਲ ਤਿਆਰ ਕੀਤਾ ਜਾ ਰਿਹਾ ਹੈ ਜਿਸ ਵਿਚ ਚੌਲਾਂ ਦੇ ਛਿਲਕੇ ਤੋਂ 100 ਪ੍ਰਤੀਸ਼ਤ ਨਿਰਆਤ ਆਧਾਰਤ ਫਰਫਰਲ ਤਿਆਰ ਕਰਨ ਦਾ ਯੂਨਿਟ ਤਿਆਰ ਹੋਵੇਗਾ।

# ਉਚ ਅਧਿਕਾਰੀਆਂ ਦੀ ਰੱਦੋਬਦਲ ਦੀ ਸੰਭਾਵਨਾ

ਜਗਤਾਰ ਸਿੰਘ ਸਿੱਧੂ

ਪੰਜਾਬ ਵਿਚ ਅਕਾਲੀ ਸਰਕਾਰ ਵਲੋਂ ਵੱਡੀ ਪੱਧਰ ਉਤੇ ਉਚ ਅਧਿਕਾਰੀਆਂ ਦੀ ਰੱਦੋ-ਬਦਲ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਤਬਦੀਲੀ ਦੋ ਪੜ੍ਹਾਵਾਂ ਵਿਚ ਕੀਤੀ ਜਾਵੇਗੀ।

ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਰੱਦੋ-ਬਦਲ ਨੂੰ ਅੰਤਮ ਰੂਪ ਦੇ ਕੇ ਛੇਤੀ ਹੀ ਅਗਲੇ ਕੁਝ ਦਿਨਾਂ ਵਿਚ ਅਮਲ 'ਚ ਲਿਆਂਦਾ ਜਾ ਰਿਹਾ ਹੈ। ਪਿਛਲੇ ਕਈ ਦਿਨ ਤੋਂ ਇਸ ਮਾਮਲੇ ਉਤੇ ਵੱਖ ਵੱਖ ਪੱਧਰਾਂ ਉਤੇ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।

ਇਨ੍ਹਾਂ ਸੂਤਰਾਂ ਅਨੁਸਾਰ ਰੱਦੋ-ਬਦਲ ਦੇ ਪਹਿਲੂ ਪੜਾਅ ਵਿਚ ਇਕ ਦਰਜਨ ਤੋਂ ਵਧੇਰੇ ਰਾਜ ਪੱਧਰ ਦੇ ਸੀਨੀਅਰ ਅਧਿਕਾਰੀਆਂ ਦੇ ਆਪਣੀਆਂ ਥਾਵਾਂ ਉਤੋਂ ਹਿੱਲ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਵਿਚ ਮੁਖ ਤੌਰ ਉਤੇ ਵੱਖ ਵੱਖ ਵਿਭਾਗਾਂ ਦੇ ਸਕੱਤਰ, ਡਾਇਰੈਕਟਰ, ਚੇਅਰਮੈਨ ਅਤੇ ਕੁਝ ਜ਼ਿਲਾ ਪੱਧਰ ਦੇ ਅਫਸਰ ਸ਼ਾਮਲ ਹਨ। ਇਨ੍ਹਾਂ ਤਬਦੀਲੀਆਂ ਅਤੇ ਨਿਯੁਕਤੀਆਂ ਵਿਚ ਜ਼ਿਲਾ ਪੱਧਰ ਦੇ ਅਧਿਕਾਰੀਆਂ ਨੂੰ ਘੱਟ ਹਿਲਾਏ ਜਾਣ ਦੀ ਸੰਭਾਵਨਾ ਹੈ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਰਾਜ ਪ੍ਰਬੰਧ ਦੇ ਢਾਂਚੇ ਨੂੰ ਨਵੇਂ ਸਿਰ ਤੋਂ ਜਥੇਬੰਦ ਕਰਨ ਲਈ ਰਾਜ ਸਰਕਾਰ ਕੁਝ ਵਿਭਾਗਾਂ ਵਿਚ ਪਹਿਲਾਂ ਵੀ ਕੁਝ ਤਬਦੀਲੀਆਂ ਕਰ ਚੁੱਕੀ ਹੈ। ਹਾਲ ਦੀ ਘੜੀ ਸਭ ਤੋਂ ਅਹਿਮ ਤਬਦੀਲੀ ਪੁਲੀਸ ਵਿਭਾਗ ਵਿਚ ਕੀਤੀ ਗਈ ਹੈ ਜਿਥੇ ਕਿ 52 ਉਪ ਪੁਲੀਸ ਕਪਤਾਨ ਬਦਲੇ ਗਏ ਹਨ। ਤਬਾਦਲਿਆਂ ਦੇ ਨਵੇਂ ਗੇੜ ਵਿਚ ਐਸ. ਐਸ. ਪੀ. ਬਦਲੇ ਜਾਣਗੇ।

ਪੰਜਾਬ ਵਿਚ ਅਕਾਲੀ ਸਰਕਾਰ ਦੀ ਹੋਂਦ ਨੂੰ ਦੋ ਮਹੀਨੇ ਤੋਂ ਉਪਰ ਸਮਾਂ ਟੱਪਣ ਲੱਗਾ ਹੈ ਪ੍ਰੰਤੂ ਅਜੇ ਤਕ ਵੱਖ ਵੱਖ ਕਾਰਪੋਰੇਸ਼ਨਾਂ ਅਤੇ ਬੋਰਡਾਂ ਦੇ ਚੇਅਰਮੈਨ ਅਤੇ ਡਾਇਰੈਕਟਰ ਨਿਯੁਕਤ ਨਹੀਂ ਕੀਤੇ ਜਾ ਸਕੇ। ਅਜੇ ਤਕ ਮੁਖ ਤੌਰ ਉਤੇ ਮੰਡੀਕਰਣ ਬੋਰਡ ਦੇ ਚੇਅਰਮੈਨ ਸ. ਤੋਤਾ ਸਿੰਘ ਅਤੇ ਪੰਜਾਬ ਸਕੂਲ ਟੈਕਸਟ ਬੁੱਕ ਬੋਰਡ ਦੇ ਚੇਅਰਮੈਨ ਦੀ ਨਿਯੁਕਤੀ ਹੀ ਕੀਤੀ ਗਈ ਹੈ। ਪੰਜਾਬ ਵਿਚ ਦੋ ਦਰਜਨ ਦੇ ਲਗਭਗ ਕਾਰਪੋਰੇਸ਼ਨਾਂ ਅਤੇ ਬੋਰਡ ਹਨ। ਅਕਾਲੀ ਦਲ ਦੇ ਆਗੂਆਂ ਵਲੋਂ ਵਜ਼ਾਰਤ ਉਪਰ ਇਸ ਗੱਲ ਲਈ ਦਬਾਅ ਪਾਇਆ ਜਾ ਰਿਹਾ ਹੈ ਕਿ ਇਨ੍ਹਾਂ ਅਹੁਦੇਦਾਰੀਆਂ ਵਿਚ ਦਲ ਦੇ ਆਗੂਆਂ ਨੂੰ ਛੇਤੀ ਹੀ ਭਾਈਵਾਲ ਬਣਾਇਆ ਜਾਵੇ।

ਸ਼ਰੋਮਣੀ ਅਕਾਲੀ ਦਲ ਦੇ ਕਈ ਸੀਨੀਅਰ ਆਗੂਆਂ ਅਤੇ ਜ਼ਿਲਾ ਜਥੇਦਾਰਾਂ ਨੂੰ ਦਲ ਦੇ ਮੋਰਚੇ ਦੌਰਾਨ ਕੁਝ ਅਧਿਕਾਰੀਅਲਾਂ ਦੀਆਂ ਵਧੀਕੀਆਂ ਵਿਰੁੱਧ ਤਕੜਾ ਗਿਲਾ ਹੈ। ਖਾਸ ਤੌਰ 'ਤੇ ਕਈ ਪੁਲੀਸ ਅਫਸਰਾਂ ਅਤੇ ਜੇਲ੍ਹ ਅਧਿਕਾਰੀਆਂ ਦੇ ਵਰਤਾਓ ਦਾ ਉਨ੍ਹਾਂ ਨੂੰ ਕੌੜਾ ਤਜਰਬਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਰਾਜ ਦੇ ਉਚ ਅਧਿਕਾਰੀਆਂ ਦਾ ਕੰਮ ਕਾਜ ਵੇਖਣ ਲਈ ਅਕਾਲੀ ਸਰਕਾਰ ਨੇ ਇਕ ਵੱਖਰਾ "ਪ੍ਰਬੰਧਕੀ ਸੈਲ" ਸਥਾਪਤ ਕੀਤਾ ਹੋਇਆ ਹੈ। ਇਸ ਦੇ ਕੰਮ ਕਰਨ ਦਾ ਢੰਗ ਪੂਰੇ ਦਾ ਪੂਰਾ ਗੁਪਤ ਹੈ। ਨਵੀਂ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਪਿਛੋਂ ਅਫਸਰਾਂ ਦੇ ਕੰਮ ਕਾਜ ਦੇ ਢੰਗ ਤਰੀਕੇ ਨੂੰ ਘੋਖਿਆ ਗਿਆ ਹੈ। ਸਮਝਿਆ ਜਾਂਦਾ ਹੈ ਕਿ ਇਹ ਵੀ ਵੇਖਿਆ ਗਿਆ ਹੈ ਕਿ ਨਵੀਂ ਸਰਕਾਰ ਨੂੰ ਅਫਸਰਸ਼ਾਹੀ ਕਿੰਨਾ ਕੁ ਸਹਿਯੋਗ ਦਿੰਦੀ ਹੈ।

ਅਕਾਲੀ ਸਰਕਾਰ ਦੇ ਹੋਂਦ ਵਿਚ ਆਉਣ ਸਮੇਂ ਸੀਨੀਅਰ ਅਧਿਕਾਰੀਆਂ ਦੀ ਰੱਦੋ-ਬਦਲ ਦੀ ਤਕੜੀ ਚਰਚਾ ਸੀ। ਅਕਾਲੀ ਸਰਕਾਰ

(ਬਾਕੀ ਪੰਨਾ 9 ਤੇ)


**FIDELTY REALTY LTD.**

5316 Victoria Drive
Vancouver, B.C.

**BUYING & SELLING**

Always Remember — Ph. 324-3888

**HARPAL S. TOOR**

Member Medallion Club
R.E. Board of Greater Vancouver — 437-3350

**FLEXIBLE PREMIUM LIFE INSURANCE TAILOR-MADE**

To your needs which you can afford.

ਮੈਰੀ ਕ੍ਰਿਸਮਿਸ ਅਤੇ ਨਵਾਂ ਸਾਲ ਮੁਬਾਰਕ

TOGETHER WE ARE STRONGER
NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ ਦਰਸ਼ਨ ਗਿੱਲ ਨੂੰ ਫੋਨ ਕਰੋ

NORTH AMERICAN LIFE ASSURANCE CO.
# 320 - 815 W. HASTINGS ST.
VANCOUVER, B.C.

CONTACT
Bus: 685-9335
Res: 581-4473



DARSHAN GILL

# ਫੀਲਡ ਮਾਰਸ਼ਲ ਮਾਣਕਸ਼ਾਹ ਰਾਜਪਾਲ ਤੇ ਮੁਖ ਮੰਤਰੀ ਨੂੰ ਮਿਲੇ

ਚੰਡੀਗੜ੍ਹ — ਫੀਲਡ ਮਾਰਸ਼ਲ ਐਸ. ਐਚ. ਐਫ. ਜੇ. ਮਾਣਕਸ਼ਾਹ ਪੰਜਾਬ ਸਰਕਾਰ ਦੇ ਸੱਦੇ ਉਪਰ ਹਵਾਈ ਜਹਾਜ਼ ਰਾਹੀਂ ਇਕ ਰੋਜ਼ਾ ਦੌਰੇ 'ਤੇ ਇਥੇ ਪੁੱਜੇ। ਆਉਣ ਸਾਰ ਉਹ ਪੰਜਾਬ ਰਾਜਪਾਲ ਡਾ. ਐਸ. ਡੀ. ਸ਼ਰਮਾ ਨੂੰ ਮਿਲੇ ਤੇ ਅੱਧਾ ਘੰਟਾ ਮੀਟਿੰਗ ਚੱਲੀ। ਇਸ ਉਪਰੰਤ ਬਾਅਦ ਦੁਪਹਿਰ ਸ੍ਰੀ ਮਾਣਕਸ਼ਾਹ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਮਿਲੇ।

ਮੁੜ ਵਸੇਬੇ ਤੇ ਸਾਬਕਾ ਫੌਜੀਆਂ ਦੀ ਭਲਾਈ ਬਾਰੇ ਮੰਤਰੀ ਮੇਜਰ ਸਿੰਘ ਉਬੋਕੇ ਨੇ ਸ੍ਰੀ ਮਾਣਕਸ਼ਾਹ ਨੂੰ ਪੰਜਾਬ ਭਵਨ ਵਿਚ ਦੁਪਹਿਰ ਦੇ ਖਾਣੇ ਦੀ ਦਾਅਵਤ ਦਿਤੀ ਜਦ ਕਿ ਮੁਖ ਮੰਤਰੀ ਵਲੋਂ ਦਿਤੇ ਗਏ ਰਾਤ ਦੇ ਖਾਣੇ ਦੇ ਉਹ ਮੁਖ ਮਹਿਮਾਨ ਸਨ। ਸ੍ਰੀ ਮਾਣਕਸ਼ਾਹ ਇਥੇ ਬਹੁਤ ਸਾਰੇ ਰੀਟਾਇਰਡ ਸਿਖ ਫੌਜੀ ਜਰਨੈਲਾਂ ਨੂੰ ਵੀ ਮਿਲੇ ਜੋ ਕਿ ਹੁਣ ਚੰਡੀਗੜ੍ਹ ਵਿਚ ਰਹਿ ਰਹੇ ਹਨ। ਇਸ ਮੀਟਿੰਗ ਦੌਰਾਨ ਸਿੱਖ ਫੌਜੀ ਭਗੌੜਿਆਂ ਨੂੰ ਮੁੜ ਵਸਾਉਣ ਦਾ ਮਾਮਲਾ ਵਿਚਾਰ-ਅਧੀਨ ਲਿਆਂਦਾ ਗਿਆ। ਸ੍ਰੀ ਉਬੋਕੇ ਅਨੁਸਾਰ ਸ੍ਰੀ ਮਾਣਕਸ਼ਾਹ ਦੇ ਦਿਲ ਵਿਚ ਸਿਖ ਸਿਪਾਹੀਆਂ ਪ੍ਰਤੀ ਸਤਿਕਾਰ ਹੈ ਤੇ ਉਨ੍ਹਾਂ ਦਾ ਅਜਿਹੇ ਮਸਲਿਆਂ ਪ੍ਰਤੀ ਵਤੀਰਾ ਹਮਦਰਦੀ ਵਾਲਾ ਹੈ।

ਸ੍ਰੀ ਮਾਣਕਸ਼ਾਹ ਨੇ ਪੱਤਰਕਾਰਾਂ ਨਾਲ ਗੱਲਬਾਤ ਤੋਂ ਇਨਕਾਰ ਕਰ ਦਿਤਾ ਤੇ ਅਧਿਕਾਰੀ ਵੀ ਫੀਲਡ ਮਾਰਸ਼ਲ ਨਾਲ ਹੋਈ ਗੱਲਬਾਤ ਬਾਰੇ ਕੁਝ ਦੱਸਣਾ ਨਹੀਂ ਚਾਹੁੰਦੇ।



ਫੀਲਡ ਮਾਰਸ਼ਲ ਐਸ. ਐਚ. ਐਫ. ਜ. ਮਾਣਕਸ਼ਾਹ (ਖੱਬੇ) ਚੰਡੀਗੜ੍ਹ ਵਿਖੇ ਰਾਜਭਵਨ ਵਿਚ ਪੰਜਾਬ ਦੇ ਰਾਜਪਾਲ ਐਸ. ਡੀ. ਸ਼ਰਮਾ ਨਾਲ।

# ਅਫਗਾਨ ਸਰਹੱਦ ਨੇੜੇ ਭਾਰੀ ਗਿਣਤੀ 'ਚ ਫੌਜ ਤਾਇਨਾਤ

ਮਾਸਕੋ — ਪਾਕਿਸਤਾਨ ਦੇ ਸਰਹੱਦੀ ਸੂਬੇ ਦੇ ਪਹਾੜੀ ਇਲਾਕਿਆਂ ਵਿਚ ਜੰਗਜੂ ਪਖਤੂਨ ਕਬਾਇਲੀਆਂ ਅਤੇ ਸਰਕਾਰੀ ਫੌਜਾਂ ਵਿਚਾਲੇ ਝੜਪਾਂ ਤੇਜ਼ ਹੋ ਜਾਣ ਕਾਰਨ ਅਫਗਾਨਿਸਤਾਨ ਦੇ ਨਾਲ ਲਗਦੇ ਸਰਹੱਦੀ ਇਲਾਕਿਆਂ ਵਿਚ ਪਾਕਿਸਤਾਨੀ ਫੌਜਾਂ ਦੀ ਗਿਣਤੀ ਵਧਾ ਦਿਤੀ ਗਈ ਹੈ। ਇਸ ਗੱਲ ਦਾ ਪ੍ਰਗਟਾਵਾ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਤੋਂ ਪਹੁੰਚੀਆਂ ਰਿਪੋਰਟਾ ਵਿਚ ਕੀਤਾ ਗਿਆ ਹੈ।

(ਪੰਨਾ 8 ਦੀ ਬਾਕੀ)

ਆਪਣੀ ਨੀਤੀ ਅਨੁਸਾਰ ਇਮਾਨਦਾਰ ਅਫਸਰਾਂ ਨੂੰ ਜ਼ਿੰਮੇਵਾਰੀ ਵਾਲੇ ਅਹੁਦਿਆਂ ਉਤੇ ਨਿਯੁਕਤ ਕਰੇਗੀ। ਇਸ ਵਿਚ ਸਿੱਖ ਜਾਂ ਗੈਰ ਸਿੱਖ ਹੋਣ ਦੇ ਕਿਸੇ ਪਹਿਲੂ ਨੂੰ ਉਕਾ ਹੀ ਮਹੱਤਤਾ ਨਹੀਂ ਦਿਤੀ ਗਈ। ਇਮਾਨਦਾਰੀ ਅਤੇ ਜ਼ਿੰਮੇਵਾਰੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਕੁਝ ਤਬਦੀਲੀਆਂ ਸ਼ੁਰੂ ਵਿਚ ਹੀ ਕੀਤੀਆਂ ਗਈਆਂ ਸਨ। ਪ੍ਰੰਤੂ ਸਰਕਾਰ ਨੇ ਸਮੁੱਚੇ ਤੌਰ ਉਤੇ ਇਸ ਖੇਤਰ ਵਿਚ ਕਾਹਲ ਤੋਂ ਕੰਮ ਨਹੀਂ ਲਿਆ। ਸਰਕਾਰ ਨੇ ਪ੍ਰਬੰਧਕੀ ਮਸ਼ੀਨਰੀ ਵਿਚ ਆਪਣੇ ਕੁਝ ਪੈਰ ਜਮਾਉਣ ਪਿਛੋਂ ਹੀ ਰੱਦੋ-ਬਦਲ ਦੀ ਯੋਜਨਾ ਬਣਾਈ ਹੈ।

ਇਹ ਵੀ ਸਮਝਿਆ ਜਾਂਦਾ ਹੈ ਕਿ ਕਈ ਉਚ ਅਧਿਕਾਰੀ ਨਵੀਂ ਸਰਕਾਰ ਦੇ ਕਾਇਕ ਹੋਣ ਪਿਛੋਂ ਵੀ ਆਪਣੇ ਢੰਗ ਨਾਲ ਕੰਮ ਚਲਾ ਰਹੇ ਹਨ। ਸਰਕਾਰ ਨੂੰ ਕਈਆਂ ਪ੍ਰਸਥਿਤੀਆਂ ਵਿਚ ਬੜੀ ਔਕੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਅਧਿਕਾਰੀ ਇਸ ਗੱਲ ਦੇ ਹੱਕ ਵਿਚ ਨਹੀਂ ਹਨ ਕਿ ਕਿਸੇ ਵੀ ਪ੍ਰਸਥਿਤੀ ਨਾਲ ਨਿਪਟਣ ਲਈ ਰਾਜ ਸਰਕਾਰ ਦੀਆਂ ਹਦਾਇਤਾਂ ਪ੍ਰਾਪਤ ਕੀਤੀਆਂ ਜਾਣ। ਖਾਸ ਤੌਰ ਉਤੇ ਕਈ ਅਧਿਕਾਰੀ ਆਪਣੇ ਹੱਕ ਸੀਮਤ ਕਰਨ ਦੇ ਵਿਰੁੱਧ ਹਨ। ਸਰਕਾਰੀ ਹਲਕੇ ਇਹ ਸਮਝਦੇ ਹਨ ਕਿ ਕਿਸੇ ਵੀ ਪ੍ਰਸ਼ਾਸਨ ਲਈ ਅਧਿਕਾਰੀਆਂ ਨੂੰ ਸਰਕਾਰ ਨਾਲ ਇਕਸੁਰ ਹੋਣਾ ਚਾਹੀਦਾ ਹੈ।

ਪਿਛਲੇ ਕੁਝ ਦਿਨਾਂ ਵਿਚ ਵਾਪਰੀਆਂ ਡਕੈਤੀਆਂ ਅਤੇ ਕਤਲਾਂ ਆਦਿ ਦੀਆਂ ਘਟਨਾਵਾਂ ਕਾਰਨ ਪ੍ਰਸ਼ਾਸਨ ਵਿਚ ਉਚ ਪੱਧਰੀ ਤਬਦੀਲੀਆਂ ਨੂੰ ਹੋਰ ਵੀ ਮਹੱਤਤਾ ਦਿਤੀ ਜਾ ਰਹੀ ਹੈ।

# ਆਸਾ ਸਿੰਘ ਮਸਤਾਨਾ ਦਾ ਸਨਮਾਨ

ਨਵੀਂ ਦਿੱਲੀ — ਪੰਜਾਬੀ ਦੇ ਨਾਮਵਰ ਗਾਇਕ ਆਸਾ ਸਿੰਘ ਮਸਤਾਨਾ, ਜਿਨ੍ਹਾਂ ਨੂੰ ਇਸ ਸਾਲ ਦੇ ਸ਼ੁਰੂ ਵਿਚ ਪਦਮ ਸ੍ਰੀ ਨਾਲ ਸਨਮਾਨਿਆ ਗਿਆ ਸੀ, ਦਾ f ਦੱਲੀ ਪੰਜਾਬੀ ਅਕਾਦਮੀ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਕ ਵਿਸ਼ੇਸ਼ ਸਮਾਗਮ ਵਿਚ ਸ੍ਰੀ ਮਸਤਾਨਾ ਨੂੰ ਪ੍ਰਸਿੱਧ ਲੇਖਕ ਭੀਸ਼ਮ ਸਾਹਨੀ ਦੇ ਹੱਥੋਂ ਇਸ ਸਾਲ ਦਾ ਅਕਾਦਮੀ ਐਵਾਰਡ ਦਿਤਾ ਗਿਆ।

# ਕ੍ਰਿਸਚੀਅਨ ਚਰਚ ਦੱਖਣੀ ਅਫਰੀਕਾ ਦੇ ਬਰਾਬਰਤਾ ਲਈ ਲੜ ਰਹੇ ਲੋਕਾਂ ਨਾਲ

ਵਿਕਟੋਰੀਆ ਫਾਲਜ — ਜ਼ੰਮਵਾਬੇ(ਰੋਡੇਸ਼ੀਆ) ਦੇ ਸ਼ਹਿਰ ਵਿਕਟੋਰੀਆ ਫਾਲਜ ਵਿਚ "ਵਰਲਡ ਕੌਂਸਲ ਆਫ ਚਰਚਜ਼" ਦਾ ਇਕ ਐਮਰਜੈਂਸੀ ਸੈਸ਼ਨ ਬੁਲਾਇਆ ਗਿਆ। ਜਿਨ੍ਹਾਂ ਦੱਖਣੀ ਅਫਰੀਕਾ ਵਿਚ ਗੋਰੀ ਨਸਲਵਾਦੀ ਸਰਕਾਰ ਵਲੋਂ ਨਸਲੀ ਭੇਤ ਭਾਵ ਦੀ ਨੀਤੀ ਨੂੰ ਤੁਰੰਤ ਖਤਮ ਕੀਤੇ ਜਾਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਹੈ ਕਿ "ਜਿਹੜੀ ਸਰਕਾਰ ਨੇ ਆਪਣੇ ਆਪ ਨੂੰ ਲੋਕਾਂ ਦਾ ਦੁਸ਼ਮਣ ਬਣਾਇਆ ਹੈ, ਉਹ ਸਰਕਾਰ ਰੱਬ ਦੀ ਵੀ ਦੁਸ਼ਮਣ ਹੈ।"

ਯਾਦ ਰਹੇ ਕਿ ਚਰਚਾਂ ਦੀ ਇਸ ਸੰਸਥਾ ਨੇ 1983 ਵਿਚ ਵੈਨਕੂਵਰ ਵਿਚ ਆਪਣੀ ਕੀਤੀ ਇਕ ਕਾਨਫਰੰਸ ਵਿਚ ਦੱਖਣੀ ਅਫਰੀਕਾ ਦੀ ਗੋਰੀ ਸਰਕਾਰ ਦੀ ਨਸਲਵਾਦੀ ਨੀਤੀ ਦੀ ਸਖਤ ਨਿਖੇਧੀ ਕੀਤੀ ਸੀ ਅਤੇ ਇਸ ਨੂੰ ਖਤਮ ਕਰਨ ਦੀ ਮੰਗ ਕੀਤੀ ਸੀ।

ਦੱਖਣੀ ਅਫਰੀਕਾ ਦਾ ਨੋਬਲ ਇਨਾਮ ਜੇਤੂ ਪ੍ਰਸਿਧ ਪਾਦਰੀ ਟੂਟੂ ਕਾਲੇ ਲੋਕਾਂ ਵਿਚ ਅਹਿੰਸਾ ਦੀ ਪਾਲਸੀ ਤੇ ਡਟੇ ਰਹਿਣ ਦੀ ਮੰਗ ਕਰਦਾ ਸੀ, ਉਸ ਨੇ ਕਿਹਾ ਹੈ ਕਿ ਹਿੰਸਾ ਨੂੰ ਸਹਿਨ ਕਰਨ ਦੀ ਵੀ ਕੋਈ ਹੱਦ ਹੁੰਦੀ ਹੈ। ਜਿਸ ਤੋਂ ਮਗਰੋਂ ਉਹ ਅਸਿਹ ਹੋ ਜਾਂਦੀ ਹੈ।" ਉਸ ਨੇ ਅੱਗੇ ਕਿਹਾ ਹੈ ਕਿ ਨੌਜੁਆਨ ਕਿਸੇ ਸਮਾਜ ਜਾਂ ਵਿਚਾਰ ਧਾਰਾ ਦੇ ਅਸਲੀ ਵਾਰਸ ਹੁੰਦੇ ਹਨ। ਹੁਣ ਭਵਿਖ ਉਨ੍ਹਾਂ ਦੇ ਹੱਥਾਂ ਵਿਚ ਹੀ ਹੈ।




## ਜਗਦੀਸ਼ ਸਿੰਘ ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

## ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ਼੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

ਨਵਾਂ ਸਾਲ ਮੁਬਾਰਕ!

#201 - 2001 East 36th Ave. [at victoria]
Vancouver, B.C. V5P 1C9

Off. 324-6727
Res. 324-4160



DO YOU NEED PLUMBING OR
ELECTRICAL SUPPLIES SERVICE FOR
NEW HOMES OR FOR RENOVATIONS
WE DO NEW HOME PLUMBING ALSO

MERRY CHRISTMAS &
HAPPY NEW YEAR



Contact : PAUL'S

PLUMBING & ELECTRICAL SUPPLY

4774 Main Street, (At 32nd.) Vancouver, B.C.

Phone.
872-3118 (Supply)
872-7227 (Service)

"Free customer parking at rear"

OPEN SUNDAYS

# ਬਟਾਲਾ ਦੇ ਨੇੜੇ ਬੱਸ ਲੁੱਟੀ ਲੁਧਿਆਣਾ ਵਿਚ ਬੈਂਕ ਡਾਕਾ

ਚੰਡੀਗੜ੍ਹ — ਪੰਜਾਬ ਵਿਚਲੇ ਪਿਛਲੇ ਦਿਨਾਂ ਦੌਰਾਨ ਬਟਾਲਾ ਦੇ ਨੇੜੇ ਬੰਦੂਕ ਦੀ ਨੋਕ ਉਤੇ ਇਕ ਬੱਸ ਲੁੱਟੀ ਗਈ, ਲੁਧਿਆਣਾਂ ਵਿਖੇ ਬੈਂਕ ਵਿਚ 1.50 ਲੱਖ ਦਾ ਡਾਕਾ ਪਿਆ, ਗੜ੍ਹਦੀਵਾਲਾ ਵਿਚ ਬੱਸ ਸਾੜ ਦਿਤੀ ਗਈ, ਪਟਿਆਲਾ ਵਿਚ ਇਕ ਵਿਦਿਆਰਥੀ ਗੋਲੀ ਲੱਗਣ ਨਾਲ ਜ਼ਖਮੀ ਹੋਇਆ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਾਲੰਟੀਅਰਾਂ ਨੇ ਚਾਰ ਥਾਵਾਂ ਉਤੇ ਟਰੈਫਿਕ ਜਾਮ ਕੀਤਾ।

ਗੁਰਦਾਸਪੁਰ ਤੋਂ ਚੰਡੀਗੜ੍ਹ ਨੂੰ ਆ ਰਹੀ ਬੱਸ ਚੋਂ ਚਾਰ ਹਥਿਆਰਬੰਦ ਯੁਵਕਾਂ ਨੇ ਧਾਰੀਵਾਲ ਤੇ ਬਟਾਲਾ ਦਰਮਿਆਨ ਛੀਨਾ ਪਿੰਡ ਨੇੜੇ ਮੁਸਾਫਰਾਂ ਕੋਲੋਂ ਨਕਦੀ ਤੇ ਕੀਮਤੀ ਵਸਤਾਂ ਲੁੱਟ ਲਈਆਂ। ਪਰ ਇਸ ਘਟਨਾ ਵਿਚ ਔਰਤਾਂ ਨੂੰ ਨਹੀਂ ਲੁੱਟਿਆ। ਗੁਰਦਾਸਪੁਰ ਤੋਂ ਪੱਤਰਪਰੇਰਕ ਅਨੁਸਾਰ ਹਥਿਆਰਬੰਦ ਯੁਵਕਾਂ ਨੇ ਲੋਈਆਂ ਦੀਆਂ ਬੁਕਲਾਂ ਮਾਰੀਆਂ ਹੋਈਆਂ ਸਨ ਅਤੇ ਉਹ ਨੌਸ਼ਿਹਰਾ ਮੱਝਾ ਸਿੰਘ ਤੋਂ ਬੱਸ ਚੜ੍ਹੇ। ਬੱਸ ਵਿਚ 35 ਮੁਸਾਫਰ ਸਨ। ਹਥਿਆਰਬੰਦ ਯੁਵਕਾਂ ਨੇ ਜਿਨ੍ਹਾਂ ਦੀ ਉਮਰ 20 ਤੋਂ 25 ਸਾਲ ਦੇ ਦਰਮਿਆਨ ਦੱਸੀ ਜਾਂਦੀ ਹੈ, ਡਰਾਈਵਰ ਨੂੰ ਪਿਸਤੌਲ ਦੀ ਨੋਕ ਉਤੇ ਬੱਸ ਨੂੰ ਲਿੰਕ ਰੋਡ ਵਲ ਲਿਜਾਣ ਲਈ ਕਿਹਾ ਅਤੇ ਹੁਕਮ ਦਿਤਾ ਕਿ ਅਗਲੀਆਂ ਲਾਈਟਾਂ ਬੰਦ ਕਰ ਦਿਤੀਆਂ ਜਾਣ, ਸਿਰਫ ਅੰਦਰ ਦੀਆਂ ਲਾਈਟਾਂ ਹੀ ਜਗਣੀਆਂ ਚਾਹੀਦੀਆਂ ਹਨ।

ਪਤਾ ਲੱਗਾ ਹੈ ਕਿ ਬੱਸ ਵਿਚ ਹਥਿਆਰਬੰਦ ਯੁਵਕਾਂ ਵਲੋਂ ਮਾਰੇ ਗਏ ਡਾਕੇ ਸਮੇਂ ਇਕ ਯੁਵਕ ਨੇ ਇਕ ਫਿਰਕੇ ਦੇ ਲੋਕਾਂ ਨੂੰ ਮਾਰਨ ਦਾ ਸੁਝਾਅ ਦਿਤਾ ਪਰ ਉਸ ਦੇ ਦੂਜੇ ਸਾਥੀਆਂ ਨੇ ਉਸ ਨੂੰ ਇਹ ਕਹਿਕੇ ਟੋਕ ਦਿਤਾ ਕਿ "ਅਸੀਂ ਇਹ ਕੰਮ ਉਦੋਂ ਕਰਾਂਗੇ ਜਦੋਂ ਸਤਵੰਤ ਸਿੰਘ (ਸ੍ਰੀਮਤੀ ਗਾਂਧੀ ਦਾ ਕਥਿਤ ਕਾਤਲ) ਨੂੰ ਫਾਂਸੀ ਲਗੇਗੀ।"

ਕੰਡਕਟਰ ਸੁਰਜੀਤ ਸਿੰਘ ਨੇ ਕਿਹਾ ਕਿ ਉਸ ਕੋਲ ਟਿਕਟਾਂ ਦੇ ਜਿੰਨੇ ਪੈਸੇ ਇਕੱਠੇ ਹੋਏ ਸਨ ਉਹ ਵੀ ਲੁੱਟੇ ਗਏ। ਇਸ ਤੋਂ ਇਲਾਵਾ ਲੁਟੇਰੇ ਉਸ ਦੀ ਜੇਬ ਵਿਚੋਂ ਉਸਦੇ ਆਪਣੇ ਪੈਸੇ ਵੀ ਲੈ ਗਏ। ਬੱਸ ਡਰਾਈਵਰ ਅਮਰੀਕ ਸਿੰਘ ਬੱਸ ਨੂੰ ਬਟਾਲਾ ਲੈ ਗਿਆ ਜਿਥੋਂ ਪੁਲਸ ਦੀ ਇਕ ਪਾਰਟੀ ਉਸਦੇ ਨਾਲ ਉਸੇ ਬੱਸ ਰਾਹੀਂ ਵਾਪਸ ਘਟਨਾ ਵਾਲੀ ਥਾਂ ਉਤੇ ਪੁੱਜੀ। ਪੁਲੀਸ ਅਨੁਸਾਰ ਬੱਸ ਵਿਚ ਕੁੱਲ 42 ਯਾਤਰੀ ਸਨ। ਇਹ ਪਹਿਲੀ ਬੱਸ ਸੀ ਜੋ ਗੁਰਦਾਸਪੁਰੋਂ ਸਵਾ ਪੰਜ ਵਜੇ ਦੇ ਕਰੀਬ ਚੱਲੀ ਅਤੇ ਕੁਝ ਚਿਰ ਪਿਛੋਂ ਹੀ ਇਹ ਘਟਨਾ ਵਾਪਰ ਗਈ।

ਇਸੇ ਦੌਰਾਨ ਹੀ ਸ੍ਰੀ ਹਰਗੋਬਿੰਦਪੁਰ ਪੁਲਸ ਸਟੇਸ਼ਨ ਅਧੀਨ ਪਿੰਡ ਦੀਪਾ ਖੁੱਡੀ ਵਿਖੇ ਤਿੰਨ ਯੁਵਕ ਇਕ ਘਰ ਵਿਚ ਦਾਖਲ ਹੋ ਕੇ ਬਾਰਾਂ ਬੋਰ ਦੀ ਇਕ ਬੰਦੂਕ ਤੇ ਗਿਆਰਾਂ ਕਾਰਤੂਸ ਲੈ ਗਏ। ਘਰ ਦੀ ਔਰਤ ਕਸ਼ਮੀਰ ਕੌਰ ਵਲੋਂ ਪੁਲਸ ਥਾਣੇ ਵਿਚ ਦਰਜ ਕਰਾਈ ਰਿਪੋਰਟ ਅਨੁਸਾਰ ਨੌਜਵਾਨ ਪੁਲੀਸ ਵਰਦੀ ਵਿਚ ਚਾਰ ਵਜੇ ਸ਼ਾਮ ਨੂੰ ਆਏ ਅਤੇ ਪੁੱਛਿਆ ਕਿ ਉਸ ਦਾ ਪਤੀ ਜਗੀਰ ਸਿੰਘ ਕਿੱਥੇ ਹੈ। ਜਦੋਂ ਦੱਸਿਆ ਗਿਆ ਕਿ ਉਹ ਬਾਹਰ ਗਏ ਹੋਏ ਹਨ ਤਾਂ ਨੌਜਵਾਨਾਂ ਨੇ ਔਰਤ ਨੂੰ ਕਿਹਾ ਕਿ ਉਹ ਲਾਇਸੈਂਸਸ਼ੁਦਾ ਬੰਦੂਕ ਤੇ ਗੋਲੀ ਸਿੱਕਾ ਹਵਾਲੇ ਕਰ ਦੇਣ ਕਿਉਂਕਿ ਉਨ੍ਹਾਂ ਨੇ ਪੜਤਾਲ ਕਰਨੀ ਹੈ। ਇਸ 'ਤੇ ਔਰਤ ਨੇ ਹੁਕਮ ਦੀ ਪਾਲਣਾ ਕਰ ਕੇ ਬੰਦੂਕ ਤੇ ਕਾਰਤੂਸ ਪੇਸ਼ ਕਰ ਦਿੱਤੇ। ਔਰਤ ਅਨੁਸਾਰ ਇਕ ਯੁਵਕ ਨੇ ਏ. ਐਸ. ਆਈ. ਦੀ ਵਰਦੀ ਪਾਈ ਹੋਈ ਸੀ ਜਦ ਕਿ ਦੋ ਸਿਪਾਹੀ ਵਾਲੀ ਵਰਦੀ ਵਿਚ ਸਨ। ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਹੁਸ਼ਿਆਰਪੁਰ — ਇਥੋਂ 35 ਕਿਲੋਮੀਟਰ ਦੂਰ ਗੜ੍ਹਦੀਵਾਲਾ ਵਿਚ ਚੰਡੀਗੜ੍ਹ ਡਿਪੂ ਦੀ ਇਕ ਬੱਸ ਪੀ. ਯੂ. ਆਰ. 8178 ਨੂੰ ਕੁਝ ਅਣਪਛਾਤੇ ਬੰਦਿਆਂ ਨੇ ਅੱਗ ਲਾ ਦਿਤੀ। ਇਹ ਬੱਸ ਪੰਜਾਬ ਰੋਡਵੇਜ਼ ਦੀ ਸੀ। ਪਤਾ ਲੱਗਾ ਹੈ ਕਿ ਸ਼ਰਾਰਤੀਆਂ ਨੇ ਬੱਸ ਉਤੇ ਮਿੱਟੀ ਦਾ ਤੇਲ ਸੁੱਟ ਕੇ ਉਸ ਨੂੰ ਅੱਗ ਲਾ ਦਿਤੀ। ਖਬਰ ਮਿਲਦਿਆਂ ਸਾਰ ਹੀ ਤੁਰਤ ਫਾਇਰ ਬ੍ਰਿਗੇਡ ਪੁੱਜ ਗਿਆ ਅਤੇ ਲੋਕਾਂ ਦੀ ਮਦਦ ਨਾਲ ਅੱਗ ਬੁਝਾਈ। ਪਰ ਬੱਸ ਦਾ ਕਾਫੀ ਨੁਕਸਾਨ ਹੋ ਗਿਆ।

ਲੁਧਿਆਣਾ — ਪੰਜ ਹਥਿਆਰਬੰਦ ਵਿਅਕਤੀਆਂ ਨੇ ਦੁਪਹਿਰ ਨੂੰ ਲੁਧਿਆਣਾ-ਦਿੱਲੀ ਸੜਕ ਉਤੇ ਇੰਡਸਟ੍ਰੀਅਲ ਏਰੀਏ ਦੀ ਇੰਡੀਅਨ ਓਵਰਸੀਜ਼ ਬੈਂਕ ਵਿਚੋਂ 1 ਲੱਖ 52 ਹਜ਼ਾਰ 170 ਰੁਪਏ ਲੁੱਟ ਲਏ। ਬੈਂਕ ਸਟਾਫ ਅਨੁਸਾਰ ਪੰਜ ਬੰਦੇ ਚਿੱਟੇ ਰੰਗ ਦੀ ਫੀਏਟ ਕਾਰ ਉਤੇ ਆਏ ਅਤੇ ਉਨ੍ਹਾਂ ਵਿਚੋਂ ਚਾਰ ਬੈਂਕ ਵਿਚ ਦਾਖਲ ਹੋ ਗਏ। ਦਾਖਲ ਹੁੰਦਿਆਂ ਸਾਰ ਹੀ ਉਨ੍ਹਾਂ ਨੇ ਬੈਂਕ ਦੇ ਗੰਨਮੈਨ ਹਰਬੇਲ ਸਿੰਘ ਨੂੰ ਕਿਹਾ ਕਿ ਉਨ੍ਹਾਂ ਨੂੰ ਐਮ. ਵੀ. ਫਾਰਮ ਚਾਹੀਦੇ ਹਨ। ਗੰਨਮੈਨ ਨੇ ਉਨ੍ਹਾਂ ਨੂੰ ਸਬੰਧਤ ਕਲਰਕ ਕੋਲੋਂ ਇਹ ਫਾਰਮ ਲੈਣ ਲਈ ਕਿਹਾ। ਸ. ਹਰਬੇਲ ਸਿੰਘ ਨੇ ਦੱਸਿਆ ਕਿ ਹਥਿਆਰਬੰਦ ਬੰਦਿਆਂ ਨੇ ਉਸਨੂੰ ਗਾਲ੍ਹਾਂ ਕੱਢੀਆਂ ਤੇ ਉਸ ਦੀ ਦੋਨਾਲੀ ਬੰਦੂਕ ਖੋਹਣ ਦੀ ਕੋਸ਼ਿਸ਼ ਕੀਤੀ।

ਕੈਸ਼ੀਅਰ ਨੇ ਕੈਸ਼ ਵਾਲੇ ਕੈਬਿਨ ਨੂੰ ਜਿੰਦਰਾ ਮਾਰ ਦਿਤਾ। ਉਸ ਨੇ ਅਤੇ ਬਰਾਂਚ ਮੈਨੇਜਰ ਨੇ ਆਪਣੇ ਆਪ ਨੂੰ ਟਾਇਲਟ ਵਿਚ ਬੰਦ ਕਰ ਲਿਆ ਜਦ ਕਿ ਸਟਾਫ ਦੇ ਦੂਜੇ ਮੈਂਬਰ ਇਕ ਹੋਰ ਕਮਰੇ ਵਿਚ ਚਲੇ ਗਏ। ਡਾਕਾ ਮਾਰਨ ਆਏ ਵਿਅਕਤੀਆਂ ਨੇ ਕੈਸ਼ ਵਾਲੀ ਕੈਬਿਨ ਨੂੰ ਤੋੜ ਕੇ ਨਕਦੀ ਕੱਢ ਲਈ ਅਤੇ ਕਾਰ ਉਤੇ ਚੜ੍ਹ ਕੇ ਫਰਾਰ ਹੋ ਗਏ।

ਪਟਿਆਲਾ — ਪਟਿਆਲਾ ਦੇ ਬਾਹਰ ਬਾਰ ਦੋ ਸ਼ੱਕੀ ਦਹਿਸ਼ਤਪਸੰਦਾਂ ਨੇ ਇਕ ਵਿਦਿਆਰਥੀ ਰਕੇਸ਼ ਕੁਮਾਰ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ। ਪੁਲੀਸ ਅਨੁਸਾਰ ਜਦੋਂ ਰਾਕੇਸ਼ ਕੁਮਾਰ ਨੇ ਦਹਿਸ਼ਤਪਸੰਦਾਂ ਵਲੋਂ ਉਸ ਨੂੰ ਲੁੱਟੇ ਜਾਣ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿਤਾ ਤਾਂ ਉਨ੍ਹਾਂ ਨੇ ਉਸ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ। ਪੁਲਸ ਨੇ ਕੇਸ ਦਰਜ ਕਰਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿਤੀ ਹੈ।

# ਚਰਨਪਾਲ ਗਿੱਲ ਐਨ. ਡੀ. ਦੀ ਟਾਸਕ ਫੋਰਸ ਲਈ ਥਾਪਿਆ ਗਿਆ

ਅੰਤਰਰਾਸ਼ਟਰੀ ਹਿਊਮਨ ਰਾਈਟਸ ਦਿਵਸ 10 ਦਸੰਬਰ ਤੇ ਐਨ. ਡੀ. ਪੀ. ਦੇ ਲੀਡਰ ਥਾਬਾ ਸਕੇਲੀ ਨੇ ਹਿਊਮਨ ਰਾਈਟਸ ਤੇ ਨਸਲਵਾਦ ਦੇ ਮਸਲਿਆਂ ਤੇ ਸੁਣਵਾਈ ਕਰਵਾਉਣ ਲਈ ਇਕ ਟਾਸਕ ਫੋਰਸ ਨਿਯੁਕਤ ਕੀਤੀ। ਇਸ ਵਿਚ ਕੌਮੀ ਤੇ ਰੰਗਦਾਰ ਲੋਕਾਂ ਦੀਆਂ ਮੁਸ਼ਕਲਾਂ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇਗਾ। ਇਸ ਸੁਣਵਾਈ ਵਿਚ ਉਮੀਦ ਹੈ ਕਿ ਲੋਕ ਟਾਸਕ ਫੋਰਸ ਨੂੰ ਸ਼ੁਭ ਸੁਝਾਓ ਦੇਣਗੇ। ਇਹ ਸੁਝਾਓ ਐਨ. ਡੀ. ਪੀ. ਨੂੰ, ਜਦ ਇਨਾਂ ਦੀ ਸਰਕਾਰ ਬਣ ਗਈ; ਹਿਊਮਨ ਰਾਈਟਸ ਪਾਲਿਸੀ ਚੰਗੇਰੀ ਬਨਾਉਣ ਲਈ ਸਹਾਇਤਾ ਦੇਣਗੇ।

ਇਹ ਟਾਸਕ ਫੋਰਸ ਸਾਰੇ ਬੀ. ਸੀ. ਵਿਚ ਲੋਕਾਂ ਤੱਕ ਪਹੁੰਚਣ ਲਈ ਮਘੁੰਮੇਗੀ। ਕੋਈ ਭੀ ਵਿਅਕਤੀ ਜਾਂ ਗਰੁਪ ਟਾਸਕ ਫੋਰਸ ਦੇ ਸਾਹਮਣੇ ਪੇਸ਼ ਹੋ ਕੇ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ। ਇਸ ਵਿਚ ਵਿਸ਼ੇਸ਼ ਕਰਕੇ ਬੀ. ਸੀ. ਅਤੇ ਕੈਨੇਡਾ ਵਿਚ ਜੋ ਵਿਤਕਰੇ ਘੱਟ ਗਿਣਤੀ ਨਾਲ ਹੋ ਰਹੇ ਹਨ ਤੇ ਉਹਨਾਂ ਦੇ ਹੱਕ ਹਿਲ ਵਾਰੇ ਗੱਲਬਾਤ ਕੀਤੀ ਜਾ ਸਕਦੀ ਹੈ। ਹਿਊਮਨ ਰਾਈਟਸ ਦੀ ਕਟੌਤੀ ਵਾਰੇ ਜੋ ਲੋਕਾਂ ਨੂੰ ਘਾਟਾ ਪਿਆ ਹੈ ਉਸ ਵਾਰੇ ਭੀ ਪੇਸ਼ਕਸ਼ ਹੋ ਸਕਦੀ ਹੈ।

ਇਸ ਟਾਸਕ ਫੋਰਸ ਵਿਚ ਹੇਠ ਲਿਖੇ ਮੈਂਬਰ ਚੁਣੇ ਗਏ ਹਨ :

1. ਐਮਰੀ ਬਾਰਨਜ਼, ਐਮ. ਐਲ. ਏ. ਵੈਨਕੂਵਰ ਸੈਂਟਰ
2. ਰੀਨੇਟ ਸ਼ੀਅਰਰ, ਐਕਸ ਹਿਊਮਨ ਰਾਈਟਸ ਕਮਿਸ਼ਨਰ
3. ਚਰਨਪਾਲ ਗਿੱਲ, ਐਨ. ਡੀ. ਪੀ. ਦੀ ਨਸਲਵਾਦ ਤੇ ਹਿਊਮਨ ਰਾਈਟਸ ਕਮੇਟੀ ਵਿਚੋਂ।
4. ਅਜ਼ੀਜ਼ ਖਾਕੀ, ਰੇਸਲ ਜਸਟਿਸ ਕਮੇਟੀ ਵਿਚੋਂ
5. ਰੋਜ਼ਮੇਰੀ ਬਰਾਊਨ, ਐਮ. ਐਲ. ਏ. ਬਰਨਬੀ ਐਡਮੰਡਜ਼

ਇਹ ਟਾਸਕ ਫੋਰਸ ਆਪਦੇ ਖਿਆਲ ਸੁਣੇਗੀ ਤੇ ਪੁੱਛੇਗੀ ਕਿ ਘੱਟ ਗਿਣਤੀ ਦੇ ਲੋਕ ਕਿਸ ਤਰ੍ਹਾਂ ਮਾਨ ਤੇ ਫਖਰ ਨਾਲ ਇਸ ਸੁਸਾਇਟੀ ਵਿਚ ਜ਼ਿੰਦਗੀ ਗੁਜ਼ਾਰ ਕਰ ਸਕਦੇ ਹਨ। ਅਤੇ ਰੰਗਦਾਰ ਤੇ ਦੂਸਰੇ ਲੋਕ ਕਿਸ ਤਰ੍ਹਾਂ ਪਿਆਰ ਨਾਲ ਰਹਿ ਸਕਣਗੇ।

ਪਬਲਿਕ ਸੁਣਵਾਈਆਂ :

1. ਵੈਨਕੂਵਰ ਵਿਖੇ, ਮੋਬਰਲੀ ਪਾਰਕ — 21 ਜਨਵਰੀ, 1 ਵਜੇ
2. ਸਰੀ, 30 ਜਨਵਰੀ, 5 ਵਜੇ।
3. ਨਾਨੇਮੋ, 25 ਜਨਵਰੀ
4. ਕੁਨੈਲ, 1 ਫਰਵਰੀ — 5. ਟੈਰਿਸ - 8 ਫਰਵਰੀ —
6. ਕੈਮਲੂਪਸ - 15 ਫਰਵਰੀ, — 7. ਕਲੋਨਾ — 22 ਫਰਵਰੀ ਨੂੰ।

ਤੁਹਾਡੀ ਮਦਦ ਦੀ ਲੋੜ ਹੈ :

1. ਆਓ ਦੇ ਟਾਸਕ ਫੋਰਸ ਨਾਲ ਗੱਲਬਾਤ ਕਰੋ।
2. ਲਿਖਤੀ ਬਰੀਫ ਐਨ. ਡੀ. ਪੀ. ਦੇ ਦਫਤਰ ਵਿਚ ਭੇਜ ਸਕਦੇ ਹੋ : 517 ਈਸਟ ਬਰਾਡਵੇ, ਵੈਨਕੂਵਰ ਬੀ. ਸੀ. V5T 1X4
3. ਨਸਲਵਾਦ ਤੇ ਹਿਊਮਨ ਰਾਈਟਸ ਕਮੇਟੀ ਦੇ ਮੈਂਬਰ ਨੂੰ ਆਉਣ ਲਈ ਦਾਅਵਤ ਦੇਵੋ।
4. ਐਨ. ਡੀ. ਪੀ. ਨੂੰ ਆਪਦੇ ਵਿਚਾਰ ਦੱਸਣ ਲਈ ਫੂਨ ਕਰੋ — 879-4601
5. ਆਪਦੀ ਕਮਿਊਨਿਟੀ ਨੂੰ ਚੰਗੇਰਾ ਤੇ ਤਕੜਾ ਬਨਾਉਣ ਲਈ ਹਿਊਮਨ ਰਾਈਟਸ ਤੇ ਨਸਲਵਾਦ ਬਾਰੇ ਕਮੇਟੀਆਂ ਬਣਾਓ।

ਹੋਰ ਜਾਣਕਾਰੀ ਲਈ ਫੂਨ ਕਰੋ — 879-4601

GREYFRIARS REALTY LTD
15290 FRASER HIGHWAY, SURREY, B.C. V3R 3P4

Who needs money?
Why rent when you can own your home at unbeievable prices with minimum down.
A proven track record speaks for itself
Call me and see how fast your real estate needs are accompalished



Surinder[Suzie] Ahuja
Res. 581-6546
Off. 588-0131
Direct Pager 735-6616

MERRY CHRISTMAS & HAPPY NEW YEAR

NORTH AMERICAN LIFE ASSURANCE CO.

- ☐ Life Insurance
- ☐ Mortgage Insurance
- ☐ Children's Educational Plans
- ☐ R R S P

representative



Bus. 685-9335
Res. 581-6546

320, 815 West Hasting St.
VANCOUVER, B.C. V6C 2W1

SUNIL AHUJA

# ਪੰਜਾਬ ਸਮਝੌਤੇ ਬਾਰੇ ਵਾਦ-ਵਿਵਾਦ

—ਸੁਹੇਲ ਸਿੰਘ—

ਕੇਂਦਰ ਸਰਕਾਰ ਅਤੇ ਅਕਾਲੀ ਦਲ ਦੇ ਆਗੂਆਂ ਵਿਚਕਾਰ ਜਿਹੜਾ ਸਮਝੌਤਾ ਪੰਜਾਬ ਦੇ ਸਬੰਧ ਵਿਚ ਇਸ ਸਾਲ ਜੁਲਾਈ ਵਿਚ ਹੋਇਆ ਸੀ ਉਸ ਦਾ ਨਾ ਕੇਵਲ ਪੰਜਾਬ ਵਿਚ ਸਗੋਂ ਸਾਰੇ ਹੀ ਦੇਸ਼ ਵਿਚ ਭਰਪੂਰ ਸੁਆਗਤ ਕੀਤਾ ਗਿਆ ਸੀ। ਇਸਦੇ ਨਾਲ ਹੀ ਬਹੁਤ ਸਾਰੇ ਹਲਕਿਆਂ ਵਲੋਂ ਇਹ ਗੱਲ ਆਖੀ ਗਈ ਸੀ ਕਿ ਸਰਕਾਰ ਇਸ ਸਮਝੌਤੇ ਨੂੰ ਈਮਾਨਦਾਰੀ ਨਾਲ ਲਾਗੂ ਕਰੇ।

ਪਿਛਲੇ ਕੁਝ ਸਮੇਂ ਤੋਂ ਇਸ ਸਮਝੌਤੇ ਦੀਆਂ ਵੱਖ ਵੱਖ ਮੱਦਾਂ ਨੂੰ ਲਾਗੂ ਕਰਨ ਵੱਲ ਵਧਿਆ ਜਾ ਰਿਹਾ ਹੈ। ਜਦੋਂ ਇਸ ਕਿਸਮ ਦਾ ਅਮਲ ਜਾਰੀ ਹੈ ਤਾਂ ਇਲਾਕਿਆਂ ਬਾਰੇ ਇਕ ਨਵਾਂ ਵਾਦ-ਵਿਵਾਦ ਛਿੜ ਗਿਆ ਹੈ।

ਹਰਿਆਣਾ ਅੰਦਰ ਇਸ ਸੁਆਲ 'ਤੇ ਇਕ ਐਜੀਟੇਸ਼ਨ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਜਦ ਕਿ ਪੰਜਾਬ ਅੰਦਰ ਹਾਕਮ ਪਾਰਟੀ ਵਲੋਂ ਇਹ ਖਦਸ਼ੇ ਪਰਗਟ ਕੀਤੇ ਜਾ ਰਹੇ ਹਨ ਕਿ ਰਾਜੀਵ-ਲੌਂਗੋਵਾਲ ਸੰਧੀ ਨੂੰ ਮੈਥਿਊ ਕਮਿਸ਼ਨ ਵਲੋਂ ਅਣ-ਡਿੱਠ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀਂ ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਇਕ ਬਿਆਨ ਦਿਤਾ ਕਿ ਜੇ ਕਮਿਸ਼ਨ ਨੇ ਅਬੋਹਰ ਤੇ ਫਾਜ਼ਿਲਕਾ ਦੇ ਖੇਤਰ ਹਰਿਆਣੇ ਨੂੰ ਦੇ ਦਿਤੇ ਤਾਂ ਉਹਨਾਂ ਦੀ ਸਰਕਾਰ ਅਸਤੀਫਾ ਦੇ ਜਾਵੇਗੀ।

ਪੰਜਾਬ ਦੇ ਖਜ਼ਾਨਾ ਮੰਤਰੀ ਬਲਵੰਤ ਸਿੰਘ ਨੇ ਵੀ ਪਿਛਲੇ ਦਿਨ ਇਕ ਪ੍ਰੈਸ ਕਾਨਫਰੰਸ ਵਿਚ ਇਹ ਗੰਭੀਰ ਦੋਸ਼ ਲਾਇਆ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਮੈਥਿਊ ਕਮਿਸ਼ਨ ਵਲੋਂ ਅਣ-ਡਿੱਠ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਹੈ ਕਿ ਜੇ ਇਸ ਤਰ੍ਹਾਂ ਦਾ ਕਦਮ ਪੁਟਿਆ ਗਿਆ ਤਾਂ ਇਸ ਨਾਲ ਸੂਬੇ ਵਿਚ ਅਸਥਿਰਤਾ ਵਧੇਗੀ ਅਤੇ ਕੌਮੀ ਹਿਤਾਂ ਨੂੰ ਵੀ ਸੱਟ ਵਜੇਗੀ।

ਖਜ਼ਾਨਾ ਮੰਤਰੀ ਨੇ ਕਿਹਾ ਕਿ ਕਮਿਸ਼ਨ ਵਲੋਂ ਜਿਸ ਕਿਸਮ ਦੀਆਂ ਗੁਆਹੀਆਂ ਲਈਆਂ ਜਾ ਰਹੀਆਂ ਹਨ ਅਤੇ ਹੋਰ ਤੱਥ ਇਕੱਠੇ ਕੀਤੇ ਜਾ ਰਹੇ ਹਨ ਉਹਨਾਂ ਤੋਂ ਇੰਜ ਭਾਸਦਾ ਹੈ ਕਿ ਇਕ ਤਰ੍ਹਾਂ ਨਾਲ ਇਹਨਾਂ ਇਲਾਕਿਆਂ ਦੀ ਵਸੋਂ ਤੋਂ ਰੈਫਰੈਂਡਮ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜਿਸ ਕਿਸਮ ਦੀ 'ਜਸਮਾਨੀ ਪੜਤਾਲ' ਕਮਿਸ਼ਨ ਵਲੋਂ ਹੋ ਰਹੀ ਹੈ ਉਹ ਸਾਰੇ ਹੀ ਪਿਛਲੇ ਅਸੂਲਾਂ ਤੇ ਨੇਮਾਂ ਦੇ ਵਿਰੁੱਧ ਹੈ। ਉਹਨਾਂ ਆਖਿਆ ਕਿ ਭਾਰਤ ਪਾਕਿਸਤਾਨ ਦੀ ਵੰਡ ਸਮੇਂ ਵੀ ਇਹ ਅਸੂਲ ਨਹੀਂ ਸੀ ਅਪਣਾਇਆ ਗਿਆ।

ਜਦੋਂ ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਦੋ ਰਾਜਾਂ—ਪੰਜਾਬ ਅਤੇ ਹਰਿਆਣਾ ਵਿਚ ਵੰਡਿਆ ਗਿਆ ਸੀ ਤਾਂ ਉਸ ਸਮੇਂ ਸ਼ਾਹ ਕਮਿਸ਼ਨ ਨੇ ਬਜੱਰ ਗਲਤੀਆਂ ਕੀਤੀਆਂ ਸਨ। ਇਕ ਤਾਂ ਨਿਰੋਲ ਪੰਜਾਬੀ ਬੋਲਦਾ ਖੇਤਰ ਚੰਡੀਗੜ੍ਹ ਪੰਜਾਬ ਤੋਂ ਬਾਹਰ ਰਖਿਆ ਗਿਆ ਸੀ ਤੇ ਦੂਜੇ ਬਹੁਤ ਸਾਰੇ ਪੰਜਾਬੀ ਬੋਲਦੇ ਖੇਤਰ ਹਰਿਆਣਾ ਨਾਲ ਨਰੜ ਦਿਤੇ ਗਏ ਸਨ। ਅਥਵਾ ਉਸ ਸਮੇਂ ਹੱਦਬੰਦੀ ਕਰਨ ਸਮੇਂ ਪਿੰਡ ਨੂੰ ਇਕਾਈ ਮੰਨਣ ਦੇ ਅਸੂਲ ਤੇ ਅਮਲ ਨਹੀਂ ਸੀ ਕੀਤਾ ਗਿਆ। ਇਸ ਕਾਰਨ ਦੋਹਾਂ ਰਾਜਾਂ ਵਿਚ ਜਾਣ ਬੁਝਕੇ ਤਣਾਅ ਜਾਰੀ ਰਖਿਆ ਗਿਆ। ਜੇ ਹੱਦਬੰਦੀ ਸਮੇਂ ਹੀ ਉਦੋਂ ਅਸੂਲੀ ਤੇ ਦਰੁਸਤ ਪਹੁੰਚ ਲਈ ਜਾਂਦੀ ਤਾਂ ਸ਼ਾਇਦ ਪੰਜਾਬ ਨੂੰ ਏਨੇ ਕਸ਼ਟ ਨਾ ਝੱਲਣੇ ਪੈਂਦੇ ਜਿੰਨੇ ਕਿ ਇਸ ਨੇ ਪਿਛਲੇ ਸਮੇਂ ਵਿਚ ਝੱਲੇ ਹਨ।

## ਉਦੋਂ ਉਹਨਾਂ ਨੇ ਕਿਹਾ ਸੀ.....

"ਪੰਜਾਬ ਸੱਮਸਿਆ ਨੂੰ ਹੱਲ ਕਰਨ ਵਾਲੇ ਸਮਝੌਤੇ ਨਾਲ ਟਕਰਾਓ ਵਾਲਾ ਦੌਰਾ ਖਤਮ ਹੁੰਦਾ ਹੈ ਅਤੇ ਏਕਤਾ, ਪਿਆਰ ਅਤੇ ਸਹਿਯੋਗ ਦੇ ਨਵੇਂ ਯੁੱਗ ਦਾ ਅਰੰਭ ਹੁੰਦਾ ਹੈ ਜੋ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਹੋਰ ਸੁਦਿੜ ਕਰੇਗਾ।"

— ਰਾਜੀਵ ਗਾਂਧੀ

"ਟਕਰਾਓ ਦਾ ਸਮਾਂ ਖਤਮ ਹੋ ਗਿਆ ਹੈ। ਸਾਰੀਆਂ ਗੁੰਝਲਦਾਰ ਸੱਮਸਿਆਵਾਂ ਮਿਤਰਤਾ ਭਰਪੂਰ ਤਰੀਕੇ ਨਾਲ ਹੱਲ ਹੋ ਗਈਆਂ ਹਨ।'

—ਸੰਤ ਹਰਚੰਦ ਸਿੰਘ ਲੌਂਗੋਵਾਲ

"24 ਜੁਲਾਈ ਦਾ ਸਮਝੌਤਾ ਪੰਜਾਬ ਵਿਚ ਦੂਰਦਰਸ਼ੀ ਪ੍ਰਭਾਵ ਛੱਡਣ ਤੋਂ ਇਲਾਵਾ ਸਮੁੱਚੇ ਭਾਰਤ ਵਿਚ ਇਕ ਨਵੀਂ ਸਹਿਯੋਗੀ ਨੀਤੀ ਦਾ ਪ੍ਰਤੀਕ ਹੋਵੇਗਾ ਇਸ ਨਾਲ ਕਈ ਨਵੀਆਂ ਆਸ਼ਾਵਾਂ ਦੇ ਦਰ ਖੁਲ੍ਹਣਗੇ ਅਤੇ ਇਹ ਅਸਾਡੇ 21ਵੀਂ ਸਦੀ ਦੇ ਭਾਰਤ ਵੱਲ ਵਧਣ ਵਿਚ ਸਹਾਈ ਹੋਵੇਗਾ।"

—ਅਰਜੁਨ ਸਿੰਘ

ਕੇਂਦਰ ਵਿਚ ਰਾਜ ਕਰਦੀ ਆ ਰਹੀ ਹਾਕਮ ਪਾਰਟੀ ਨੇ ਪਹਿਲਾਂ ਤਾਂ ਭਾਸ਼ਾ ਦੇ ਆਧਾਰ ਤੇ ਸੂਬੇ ਬਨਾਉਣ ਦੇ ਅਸੂਲ ਤੇ ਪਹਿਰਾ ਨਾ ਦੇਣ ਦੀ ਪਾਲਸੀ ਅਪਣਾਉਂਦਿਆਂ ਪੰਜਾਬ ਦੀ ਭਾਸ਼ਾ ਦੇ ਆਧਾਰ ਤੇ ਹੱਦਬੰਦੀ ਕਰਨ ਤੋਂ ਕਈ ਸਾਲ ਇਨਕਾਰ ਕੀਤਾ ਅਤੇ ਇਸ ਦੇ ਸਿੱਟੇ ਵਜੋਂ ਸੂਬੇ ਅੰਦਰ ਫਿਰਕੂ ਖਿਚਾਅ ਕਈ ਸਾਲਾਂ ਤਕ ਕਾਇਮ ਰਿਹਾ, ਕਈ ਮੌਕਿਆਂ ਉਤੇ ਹਾਲਤ ਦੰਗਿਆਂ ਤਕ ਵੀ ਅਪੜ ਜਾਂਦੀ ਰਹੀ। ਪਰ ਪਿਛੋਂ ਭਾਸ਼ਾ ਦੇ ਆਧਾਰ ਤੇ ਪੰਜਾਬ ਰਾਜ ਨੂੰ ਦੋ ਰਾਜਾਂ ਵਿਚ ਵੰਡਣ ਦੀ ਮੰਗ ਜਦੋਂ ਇਕ ਜਮਹੂਰੀ ਮੰਗ ਬਣਕੇ ਸਾਹਮਣੇ ਆ ਗਈ ਤਾਂ ਕੇਂਦਰੀ ਸਰਕਾਰ ਨੇ ਅਜਿਹੀ ਵੰਡ ਕਰਦੇ ਹੋਏ ਕਈ ਝਗੜੇ ਖੜੇ ਰੱਖੇ। ਇਹ ਝਗੜੇ ਇਸ ਕਰਕੇ ਹੀ ਖੜੇ ਹੋਏ ਕਿਉਂ ਜੁ ਅਸੂਲੀ ਪਹੁੰਚ ਨਾ ਲਈ ਗਈ।

ਹੁਣ ਵੀ ਇਲਾਕਾਈ ਦਾਅਵਿਆਂ ਬਾਰੇ ਜੇ ਅਸੂਲੀ ਪਹੁੰਚ ਨਾ ਅਪਣਾਈ ਗਈ ਅਤੇ ਪਿੰਡ ਨੂੰ ਇਕਾਈ ਮੰਨਣ ਅਤੇ ਇਲਾਕੇ ਦੀ ਨੇੜਤਾ ਤੇ ਭਾਸ਼ਾਈ ਇਕ ਸੁਰਤਾ ਦਾ ਅਸੂਲ ਨਾ ਅਪਣਾਇਆ ਗਿਆ ਅਤੇ ਫਿਰਕੂ ਤੇ ਪਖ-ਪਾਤੀ ਪਹੁੰਚ ਲਈ ਗਈ ਤਾਂ ਇਸ ਦੇ ਨਾਲ ਮਾਮਲਾ ਫੇਰ ਭਖਦਾ ਰਹੇਗਾ।

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਇਲਾਕਿਆਂ ਬਾਰੇ ਦਾਅਵਿਆਂ ਦਾ ਮਾਮਲਾ ਹੱਲ ਕਰਨ ਲਈ ਜਿਹੜੀਆਂ ਮੱਦਾਂ ਉਤੇ ਸਹਿਮਤੀ ਹੋਈ ਉਹ ਇਸ ਪ੍ਰਕਾਰ ਹਨ :

## ਇਲਾਕਿਆਂ ਬਾਰੇ ਦਾਅਵੇ

ਚੰਡੀਗੜ੍ਹ ਦਾ ਕੈਪੀਟਲ ਪ੍ਰਾਜੈਕਟ ਏਰੀਆ ਪੰਜਾਬ ਨੂੰ ਮਿਲੇਗਾ। ਚੰਡੀਗੜ੍ਹ ਦੇ ਨਾਲ ਲਗਦੇ ਕੁਝ ਇਲਾਕੇ ਜੋ ਕਿ ਪਹਿਲਾਂ ਹਿੰਦੀ ਜਾਂ ਪੰਜਾਬੀ ਰੀਜਨ ਦਾ ਹਿਸਾ ਸਨ, ਯੂ. ਟੀ. ਵਿਚ ਸ਼ਾਮਲ ਕੀਤੇ ਗਏ ਸਨ। ਕੈਪੀਟਲ ਰੀਜਨ ਪੰਜਾਬ ਨੂੰ ਮਿਲ ਜਾਣ ਸਦਕਾ, ਯੂਨੀਅਨ ਟੈਰੇਟਰੀ ਦੇ ਇਹ ਇਲਾਕੇ ਜੋ ਕਿ ਇਸ ਵਿਚ ਪੰਜਾਬੀ ਰੀਜਨ ਜਾਂ ਪਹਿਲਾਂ ਦੇ ਪੰਜਾਬ ਰਾਜ ਵਿਚੋਂ ਇਸ ਵਿਚ ਸ਼ਾਮਲ ਕੀਤੇ ਗਏ ਸਨ, ਹੁਣ ਪੰਜਾਬ ਨੂੰ ਮਿਲਣਗੇ ਅਤੇ ਹਿੰਦੀ ਰੀਜਨ ਦੇ ਇਲਾਕੇ ਹਰਿਆਣਾ ਨੂੰ ਮਿਲਣਗੇ। ਸੁਖਨਾ ਝੀਲ ਦਾ ਸਾਰਾ ਇਲਾਕਾ ਚੰਡੀਗੜ੍ਹ ਦਾ ਹਿਸਾ ਰਹੇਗਾ ਅਤੇ ਇਸ ਲਈ ਪੰਜਾਬ ਨੂੰ ਜਾਏਗਾ।

ਸ੍ਰੀਮਤੀ ਇੰਦਰਾ ਗਾਂਧੀ ਦਾ ਸਦਾ ਇਹ ਪੱਕਾ ਵਿਚਾਰ ਸੀ ਕਿ ਜਦੋਂ ਚੰਡੀਗੜ੍ਹ ਪੰਜਾਬ ਨੂੰ ਮਿਲੇ ਤਾਂ ਪੰਜਾਬ ਦੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਨੂੰ ਦਿਤੇ ਜਾਣਗੇ। ਇਹ ਨਿਰਣਾ ਕਰਨ ਲਈ ਕਿ ਚੰਡੀਗੜ੍ਹ ਦੇ ਬਦਲੇ ਪੰਜਾਬ ਦੇ ਕਿਹੜੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਨੂੰ ਜਾਣ, ਇਕ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ। ਅਜਿਹਾ ਨਿਰਣਾ ਕਰਨ ਸਮੇਂ ਪਿੰਡ ਨੂੰ ਇਕਾਈ ਮੰਨ ਕੇ ਇਲਾਕਾਈ ਨੇੜਤਾ ਅਤੇ ਭਾਸ਼ਾਈ ਇਕਸੁਰਤਾ ਦੇ ਅਸੂਲ ਨੂੰ ਆਧਾਰ ਮੰਨਿਆ ਜਾਵੇਗਾ। ਕਮਿਸ਼ਨ ਨੂੰ ਆਪਣਾ ਫੈਸਲਾ 31 ਦਸੰਬਰ 1985 ਤੱਕ ਦੇਣਾ ਹੋਵੇਗਾ ਅਤੇ ਇਹ ਦੋਹਾਂ ਧਿਰਾਂ ਲਈ ਬਾਧਕ ਹੋਵੇਗਾ। ਇਸ ਕਮਿਸ਼ਨ ਦਾ ਕੰਮ ਇਸ ਹੱਦ ਤੱਕ ਹੀ ਸੀਮਤ ਹੋਵੇਗਾ ਅਤੇ ਇਹ ਪੈਰਾ 7.4 ਵਿਚ ਦੱਸੇ ਕਮਿਸ਼ਨ ਤੋਂ ਭਿੰਨ ਹੋਵੇਗਾ ਜੋ ਕਿ ਇਲਾਕਿਆਂ ਵਿਚ ਆਮ ਦਾਅਵਿਆਂ ਬਾਰੇ ਵਿਚਾਰ ਕਰੇਗਾ।

ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਉਸ ਬਦਲੇ ਹਰਿਆਣਾ ਨੂੰ ਦਿਤੇ ਜਾਣ ਵਾਲੇ ਇਲਾਕਿਆਂ ਦੀ ਅਦਲਾ ਬਦਲੀ 26 ਜਨਵਰੀ 1986 ਨੂੰ ਇਕੋ ਸਮੇਂ ਹੋਵੇਗੀ।

ਪੰਜਾਬ ਅਤੇ ਹਰਿਆਣਾ ਦੀਆਂ ਮੌਜੂਦਾ ਹੱਦਾਂ ਵਿਚ ਮੁੜ ਸੋਧ ਕਰਨ ਬਾਰੇ ਕੁਝ ਹੋਰ ਦਾਅਵੇ ਅਤੇ ਪ੍ਰਤਿ ਦਾਅਵੇ ਹਨ। ਸਰਕਾਰ ਇਨਾਂ ਮਾਮਲਿਆਂ ਤੇ ਵਿਚਾਰ ਕਰਨ ਲਈ ਇਕ ਹੋਰ ਕਮਿਸ਼ਨ ਨਿਯੁਕਤ ਕਰੇਗੀ ਅਤੇ ਇਨਾਂ ਬਾਰੇ ਫੈਸਲਾ ਦੇਵੇਗੀ। ਇਹ ਫੈਸਲਾ ਸਬੰਧਤ ਰਾਜਾਂ ਤੇ ਬਾਧਕ ਹੋਵੇਗਾ। ਇਸ ਕਮਿਸ਼ਨ ਦੀ ਵਿਚਾਰ ਸੂਚੀ ਵਿਚ ਪਿੰਡ ਨੂੰ ਹੀ ਇਕਾਈ ਮੰਨਿਆ ਜਾਵੇਗਾ ਅਤੇ ਇਲਾਕੇ ਦੀ ਨੇੜਤਾ ਅਤੇ ਭਾਸ਼ਾਈ ਇਕ ਸੁਰਤਾ ਆਧਾਰ ਹੋਵੇਗੀ।'

1980 ਦੇ ਮਰਦਮ ਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਅਬੋਹਰ-ਫਾਜ਼ਿਲਕਾ ਦੀ 90 ਫੀਸਦੀ ਵਸੋਂ ਪੰਜਾਬੀ ਬੋਲਦੀ ਸੀ। ਪੰਜਾਬ ਬਾਰੇ ਹੋਏ ਸਮਝੌਤੇ ਦੇ ਖਰੜੇ ਵਿਚ ਇਲਾਕਿਆਂ ਦੇ ਨਪਟਾਰੇ ਸਬੰਧੀ ਜਿਹੜੇ ਅਸੂਲ ਦੋਹਾਂ ਧਿਰਾਂ ਵਲੋਂ ਪ੍ਰਵਾਨ ਕੀਤੇ ਗਏ ਹਨ ਉਹਨਾਂ ਵਿਚ ਇਲਾਕੇ ਦੀ ਨੇੜਤਾ ਅਤੇ ਭਾਸ਼ਾਈ ਇਕ-ਮੁਠਤਾ ਵੀ ਸ਼ਾਮਲ ਹੈ।

ਇਹਨਾਂ ਅਸੂਲਾਂ ਅਨੁਸਾਰ ਅਬੋਹਰ ਤੇ ਫਾਜ਼ਿਲਕਾ ਸਪਸ਼ਟ ਰੂਪ ਵਿਚ ਪੰਜਾਬ ਵਿਚ ਹੀ ਰਹਿੰਦੇ ਹਨ ਕਿਉਂ ਜੇ ਇਕ ਤਾਂ ਇਹ ਭਾਰੂ ਰੂਪ ਵਿਚ ਪੰਜਾਬੀ ਬੋਲਦੇ ਖੇਤਰ ਹਨ ਤੇ ਦੂਜੇ ਇਹਨਾਂ ਦੀ ਹਰਿਆਣੇ ਨਾਲ ਕਿਸੇ ਵੀ ਤਰ੍ਹਾਂ ਦੀ ਇਲਾਕਾਈ ਨੇੜਤਾ ਨਹੀਂ।

ਉਪਰ ਦੱਸੇ ਤਹਿ 'ਹੋਏ ਅਸੂਲਾਂ ਅਤੇ ਰਵਾਇਤਾਂ ਨੂੰ ਕਮਿਸ਼ਨ ਕਿਵੇਂ ਅਖੋਂ ਓਹਲੇ ਕਰ ਸਕੇਗਾ?

ਹਰਿਆਣਾ ਅਤੇ ਪੰਜਾਬ ਵਿਚਕਾਰ ਜਿਹੜੇ ਝਗੜੇ ਵਾਲੇ ਇਲਾਕੇ ਹਨ ਉਹਨਾ ਦੇ ਇਕ ਦੂਜੇ ਰਾਜ ਨਾਲ ਮਿਲਾਉਣ ਦੇ ਸਬੰਧ ਵਿਚ ਭਾਸ਼ਾਈ-ਇਕ ਸੁਰਤਾ, ਨੇੜਤਾ ਅਤੇ ਪਿੰਡ ਨੂੰ ਇਕਾਈ ਮੰਨਣ ਦਾ ਅਸੂਲ ਅਪਣਾਇਆ ਜਾਣਾ ਚਾਹੀਦਾ ਹੈ ਅਤੇ ਇਹ ਅਸੂਲ ਪੰਜਾਬ ਸਮਝੌਤੇ ਵਿਚ ਦਰਜ ਹੈ।

ਇਲਾਕਿਆਂ ਦੇ ਸਬੰਧ ਵਿਚ ਪੰਜਾਬ ਅਤੇ ਹਰਿਆਣਾ ਅੰਦਰ ਛਿੜ ਗਏ ਇਸ ਵਾਦ-ਵਿਵਾਦ ਦੇ ਪਿਛੋਕੜ ਵਿਚ ਦੇਸ਼ ਦੀਆਂ ਸਭਨਾਂ ਹੀ ਜਮਹੂਰੀ ਸ਼ਕਤੀਆਂ ਨੂੰ ਇਹ ਮੰਗ ਜ਼ੋਰਦਾਰ ਢੰਗ ਨਾਲ ਉਚੀ ਕਰਨੀ ਚਾਹੀਦੀ ਹੈ ਕਿ ਪੰਜਾਬ ਬਾਰੇ ਹੋਈ ਸਮਝੌਤੇ ਨੂੰ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਅਤੇ ਇਸ ਦੇ ਲਾਗੂ ਹੋਣ ਪਿਛੋਂ ਨਵੇਂ ਝਗੜੇ ਛਿੜਨ ਲਈ ਰਖਵੇਂ ਨਾ ਰੱਖੇ ਜਾਣ।

ਪੰਜਾਬ ਅੰਦਰ ਪਹਿਲਾਂ ਹੀ ਕੁਝ ਸ਼ਕਤੀਆਂ ਇਸ ਸਮਝੌਤੇ ਦਾ ਜ਼ਬਰਦਸਤ ਵਿਰੋਧ ਜਾਰੀ ਰਖ ਰਹੀਆਂ ਹਨ ਅਤੇ ਉਹਨਾਂ ਨੇ ਕੇਂਦਰ ਨਾਲ ਇਹ ਸਮਝੌਤਾ ਕਰਨ ਵਾਲੇ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਹੀਦ ਕਰ ਦਿਤਾ ਸੀ। ਉਸ ਤੋਂ ਪਿਛੋਂ ਇਹ ਸ਼ਕਤੀਆਂ ਚੁੱਪ ਕਰਕੇ ਨਹੀਂ ਬੈਠੀਆਂ ਸਗੋਂ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਪੂਰਾ ਤਾਣ ਲਾ ਰਹੀਆਂ ਹਨ।

ਇਸ ਤਰ੍ਹਾਂ ਦੀ ਸਥਿਤੀ ਵਿਚ ਜੇ ਇਲਾਕਿਆਂ ਨੂੰ ਮੁੜ ਗਠਣ ਸਮੇਂ ਕੋਈ ਗੈਰ-ਅਸੂਲੀ ਪਹੁੰਚ ਅਪਣਾਈ ਗਈ ਤਾਂ ਇਸ ਤਰ੍ਹਾਂ ਦਾ ਅਮਲ ਸਮਝੌਤੇ ਨੂੰ ਲਾਗੂ ਕਰਨ ਵਿਚ ਈਮਾਨਦਾਰੀ ਵਖਾਉਣ ਤੋਂ ਹੀ ਭੱਜਣਾ ਨਹੀਂ ਹੋਵੇਗਾ ਸਗੋਂ ਇਸ ਤਰ੍ਹਾਂ ਦੀ ਪਹੁੰਚ ਸਮਝੌਤਾ ਦੋਖੀ ਸ਼ਕਤੀਆਂ ਦੇ ਹੱਥ ਹੀ ਮਜ਼ਬੂਤ ਕਰੇਗੀ।

ਅਖੀਰ ਵਿਚ ਅਸੀਂ ਕੇਂਦਰ ਸਰਕਾਰੀ ਨੂੰ ਫੇਰ ਤਾੜਨਾ ਕਰਦੇ ਹਾਂ ਕਿ ਉਹ ਕਿਸੇ ਵੀ ਦਬਾਅ ਹੇਠ ਨਾ ਆਵੇ ਅਤੇ ਉਸੇ ਹੀ ਸਪਿਰਟ ਵਿਚ ਪੰਜਾਬ ਸਮਝੌਤੇ ਨੂੰ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਜਿਸ ਨਾਲ ਕਿ ਇਹ ਕੀਤਾ ਗਿਆ। ਪੰਜਾਬ ਦੇ ਹਿਤ ਤੇ ਦੇਸ਼ ਦੇ ਹਿਤ ਏਸੇ ਗੱਲ ਦੀ ਮੰਗ ਕਰਦੇ ਹਨ।

## ਗ਼ਜ਼ਲ

—ਦੇਵ ਰਾਊਕੇ—

ਅਜੇ ਤਾਂ ਭਾਰ ਬਣਿਆ ਹੈ ਦਿਲੀ ਰੁਜ਼ਗਾਰ ਦਾ ਸੰਸਾ
ਮਗਰ ਦੂਜੀ ਜਗ੍ਹਾ ਦਿਲਦਾਰ ਹੈ ਦਿਲਦਾਰ ਦਾ ਸੰਸਾ

ਸਿਰੇ ਦੀ ਇਹ ਮਹਿੰਗਾਈ ਤਾਂ ਕਮਾਈ ਖਾ ਗਈ ਸਾਡੀ
ਮਗਰ ਹੈ ਖਾ ਗਿਆ ਰਹਿੰਦਾ-ਖੂੰਹਦਾ ਪ੍ਰਵਾਰ ਦਾ ਸੰਸਾ

ਜਦੋਂ ਵੀ ਨਿਕਲੀ ਜਿੱਤ ਯਾਰੋ ਤਾਂ ਹਾਰ ਦੇ ਵਿੱਚੋਂ
ਅਸੀਂ ਕਿਉਂ ਕਰੀਏ ਫਿਰ ਇਸ ਮਾਮੂਲੀ ਜਹੀ ਹਾਰ ਦੀ ਸੰਸਾ

ਸਦਾ ਲੜਨੈ ਅਸੀਂ ਹੱਕ ਤੇ ਨਹੀਂ ਡਰਨਾ ਅਸੀਂ ਲੜਨੋ
ਨਾ ਡਰ ਸੰਗੀਨ ਦਾ ਸਾਨੂੰ ਤੇ ਨਾ ਹਥਿਆਰ ਦਾ ਸੰਸਾ

ਜਿੰਨਾ ਚਿਰ ਤਕ ਇੱਥੇ ਫਿਰਕਾ ਰਹੂਗਾ ਚਾਂਦੀ ਦਾ ਯਾਰੋ,
ਉੱਨਾ ਚਿਰ ਹੀ ਰਹੂ ਸਭ ਨੂੰ ਇਥੇ ਰੁਜ਼ਗਾਰ ਦਾ ਸੰਸਾ

ਵਿਆਹੇ ਕਿਸ ਤਰਾਂ ਧੀ ਨੂੰ ਬਣਾਵੇ ਦਾਜ ਇਹ ਕਿੱਦਾਂ,
ਰਹੇ ਕਰਜਾਈ ਪਿਉ ਨੂੰ ਹੀ ਧੀ ਮੁਟਿਆਰ ਦਾ ਸੰਸਾ।

ਜ਼ੁਬਾਂ ਦਾ ਰੁੱਖਾ ਹੈ ਜੋ "ਦੇਵ" ਦਿਲ ਦਾ ਤਾਂ ਖਰਾ ਐਪਰ,
ਭਲਾ ਕਿਉਂ ਕਰਦੇ ਹੋ ਯਾਰੋ ਜਿਗਰੀ ਯਾਰ ਦਾ ਸੰਸਾ।


A Lifetime of Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4
Ph. 859-4222



To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T., LUATC



AVTAR S. RANDHAWA

Five times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.





Gurdial Singh(Gaddey)

ਨਵਾਂ ਸਾਲ ਮੁਬਾਰਕ!

Super Star Plumbing & Electrical Heating Supply Ltd.

4270 Fraser Street, Vancouver, B.C.

Phone 874-0511

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ। ਐਸਟੀਮੇਟ ਮੁਫਤ ਦਿਤਾ ਜਾਂਦਾ ਹੈ।

ਅਸੀਂ ਨਵੇਂ ਤੇ ਪੁਰਾਣੇ ਘਰਾਂ ਦੀ ਪਲੰਬਿੰਗ ਅਤੇ ਬਿਜਲੀ ਦਾ ਤਸੱਲੀਬਖਸ਼ ਕੰਮ ਕਰਦੇ ਹਾਂ

# ਸਾ ਹਿ ਤ ਦ ਰ ਪ ਣ

## ਕਹਾਣੀ:
# ਭਾਈ ਅਬਦੁਰ ਰਹਿਮਾਨ
—ਅਮਰ ਲਾਲ ਹਿੰਗੋਰਾਣੀ—

ਕਈ ਉਸ ਨੂੰ ਪਾਗਲ ਕਹਿੰਦੇ ਤੇ ਕਈ ਉਸਨੂੰ ਪਹੁੰਚਾ ਹੋਇਆ ਦਰਵੇਸ਼ ਸਮਝਦੇ। ਸ਼ਾਇਦ ਉਹ ਪਾਗਲ ਵੀ ਸੀ ਤੇ ਦਰਵੇਸ਼ ਵੀ। ਸਧਾਰਨ ਨਾਲੋਂ ਕੁਝ ਲੰਮੇ ਕੱਦ ਤੇ ਕਣਕ-ਵੰਨੇ ਰੰਗ ਦਾ ਉਹ ਦੁਬਲਾ ਪਤਲਾ ਜਿਹਾ ਆਦਮੀ ਸੀ। ਉਹ ਆਪਣੇ ਦੁਆਲੇ ਹਮੇਸ਼ਾ ਇਕ ਗੋਦੜੀ ਜਹੀ ਲਪੇਟ ਰਖਦਾ।

ਇਕ ਰਹਸਵਾਦੀ ਵਾਂਗ ਉਹ ਆਪਣੇ ਹੀ ਵਿਚਾਰਾਂ ਵਿਚ ਗੁਆਚਾ ਰਹਿੰਦਾ। ਕਦੇ ਉਹ ਮਸਜਿਦ ਵਿਚ ਬੈਠਾ ਦਿਸਦਾ ਤੇ ਕਦੇ ਮੰਦਰ ਵਿਚ। ਸ਼ਾਮ ਨੂੰ ਸੱਖਰ ਵਿਚ ਨਦੀ ਦੇ ਘਾਟ ਉਤੇ ਲੋਕ ਇਕੱਠੇ ਹੁੰਦੇ ਅਤੇ ਸੰਤ ਸਾਮੀ ਦੇ ਗੀਤ ਗਾਏ ਜਾਂਦੇ। ਉਹ ਵੀ ਉਥੇ ਜਾਂਦਾ ਅਤੇ ਬੜੇ ਧਿਆਨ ਨਾਲ ਸੁਣਦਾ।

ਇਕ ਦਿਨ ਜਦੋਂ ਉਹ ਸੜਕ ਉਤੇ ਜਾ ਰਿਹਾ ਸੀ ਤਾਂ ਉਸਨੂੰ ਇਕ ਪੱਥਰ ਨਾਲ ਠੇਡਾ ਲੱਗਾ। ਉਸ ਸਮੇਂ ਉਸ ਨੇ ਖੁਦ ਨੂੰ ਕਿਹਾ, 'ਭਾਈ ਅਬਦੁਰ ਰਹਿਮਾਨ, ਤੇਰੇ ਅੰਦਰ ਧੋਖਾ ਭਰਿਆ ਹੋਇਆ ਹੈ। ਤੇਰੀਆਂ ਅੱਖਾਂ ਉਤੇ ਹੰਕਾਰ ਦਾ ਪਰਦਾ ਪਿਆ ਹੋਇਆ ਹੈ। ਜੇ ਤੂੰ ਅੱਖਾਂ ਖੋਲ ਕੇ ਦੀਨ ਭਾਵ ਨਾਲ ਚਲਦਾ ਤਾਂ ਇਸ ਤਰ੍ਹਾਂ ਠੇਡਾ ਨਾ ਲਗਦਾ।'

ਉਹ ਕੁਝ ਸੋਚਦਾ ਹੋਇਆ ਬੈਠ ਗਿਆ। ਕੁਝ ਪਲਾਂ 'ਚ ਹੀ ਉਸ ਨੇ ਖੁਦ ਨੂੰ ਫਿਰ ਕਹਿਣਾ ਸ਼ੁਰੂ ਕੀਤਾ। 'ਭਾਈ ਅਬਦੁਰ ਰਹਿਮਾਨ, ਦੇਖ ਤੂੰ ਕਿੰਨਾ ਸੁਆਰਥੀ ਹੈਂ। ਕੀ ਉਸ ਪੱਥਰ ਨੂੰ ਉਥੋਂ ਹਟਾਏ ਬਿਨਾਂ ਹੀ ਚਲੇ ਜਾਣਾ ਤੇਰੇ ਲਈ ਠੀਕ ਹੈ? ਜ਼ਰਾ ਸੋਚ ਤਾਂ ਸਹੀ! ਸ਼ਾਇਦ ਕੋਈ ਹੋਰ ਰਾਹੀ ਵੀ ਇਸ ਨਾਲ ਠੇਡਾ ਖਾ ਕੇ ਡਿਗੇ ਕੁਝ ਦੇਰ ਰੁਕ ਕੇ ਅਤੇ ਸੋਚਕੇ ਉਸ ਨੇ ਖੁਦ ਨੂੰ ਆਖਿਆ, 'ਭਾਈ ਅਬਦੁਰ ਰਹਿਮਾਨ, ਜੇ ਤੂੰ ਸਚਮੁਚ ਹੀ ਚੰਗਾ ਆਦਮੀ ਹੈਂ, ਤਾਂ ਉਸ ਪੱਥਰ ਨੂੰ ਚੁਕ ਕੇ ਇਕ ਪਾਸੇ ਸੁਟ ਦੇ।' ਅਤੇ ਉਸ ਨੇ ਪੱਥਰ ਚੁਕ ਕੇ ਇਕ ਪਾਸੇ ਸੁਟ ਦਿਤਾ।

ਜੇ ਕੋਈ ਇਸ ਵਚਿਤਰ ਵਿਅਕਤੀ ਨੂੰ ਰੋਟੀ ਖਾਣ ਲਈ ਕਹਿੰਦਾ ਤਾਂ ਪਹਿਲਾਂ ਉਹ ਖੁਦ ਨੂੰ ਉਹੀ ਗਲ ਦੁਹਰਾਂਦਾ। ਅਤੇ ਫਿਰ ਜਵਾਬ ਵਿਚ ਫਾਰਸੀ ਦੀ ਇਕ ਕਹਾਵਤ ਅਨੁਸਾਰ ਕਹਿੰਦਾ, 'ਆਦਮੀ ਨੂੰ ਜੀਣ ਦੇ ਲਈ ਖਾਣਾ ਚਾਹੀਦਾ ਹੈ, ਨਾ ਕਿ ਖਾਣ ਦੇ ਲਈ ਜੀਣਾ ਚਾਹੀਦਾ ਹੈ।'

ਉਹ ਫਾਰਸੀ ਭਾਸ਼ਾ ਦਾ ਕਵੀ ਸੀ ਤੇ ਉਸਨੂੰ ਹਾਫਿਜ਼ ਦੀਆਂ ਰਚਨਾਵਾਂ ਜ਼ਬਾਨੀ ਯਾਦ ਸਨ। ਸ਼ਾਹ ਤੇ ਹੋਰ ਸਭ ਦੀਆਂ ਰਚਨਾਵਾਂ ਵੀ ਉਸਨੇ ਪੜ੍ਹੀਆਂ ਸਨ, ਪਰ 'ਸੱਚਲ' ਦੀਆਂ ਕਵਿਤਾਵਾਂ ਤੋਂ ਉਹ ਬਹੁਤ ਪ੍ਰਭਾਵਤ ਸੀ। ਉਸ ਨੂੰ ਉਰਦੂ ਦਾ ਗਿਆਨ ਸੀ ਅਤੇ ਜਦੋਂ ਲੋਕਾਂ ਨੂੰ ਪੰਜਾਬ ਤੋਂ ਉਰਦੂ ਵਿਚ ਲਿਖੇ ਖਤ ਆਉਂਦੇ ਤਾਂ ਉਹ ਉਹਨਾਂ ਨੂੰ ਪੜ੍ਹਾਉਣ ਲਈ ਅਬਦੁਰ ਰਹਿਮਾਨ ਦੇ ਕੋਲ ਆਉਂਦੇ ਉਹ ਸ਼ਾਂਤ ਸੁਭਾਅ ਦਾ ਸੀ ਅਤੇ ਆਪਣੇ ਹੀ ਵਿਚਾਰਾਂ ਵਿਚ ਗਵਾਚਾ ਰਹਿੰਦਾ ਸੀ। ਉਸਦੀਆਂ ਸੰਸਾਰਕ ਲੋੜਾਂ ਬਹੁਤ ਘੱਟ ਸਨ। ਥੋੜ੍ਹਾ ਜੇਹਾ ਸਧਾਰਨ ਭੋਜਨ ਕਰਕੇ ਹੀ ਉਹ ਸੰਤੁਸ਼ਟ ਹੋ ਜਾਂਦਾ ਸੀ।

ਇਕ ਦਿਨ ਇਕ ਨਿਰਦੋਸ਼ ਵਿਅਕਤੀ ਕਿਸੇ ਦੇ ਜਾਲ ਵਿਚ ਫਸ ਗਿਆ ਪੁਲਸ ਨੇ ਉਸ ਉਤੇ ਚੋਰੀ ਦਾ ਇਲਜ਼ਾਮ ਲਗਾਇਆ ਕਿ ਉਸਨੇ ਇਕ ਮੁਸਲਮਾਨ ਸੇਠ ਦੀ ਘੜੀ ਚੋਰੀ ਕੀਤੀ ਹੈ। ਉਹ ਘੜੀ ਉਸਦੀਆਂ ਚੀਜ਼ਾਂ ਵਿਚੋਂ ਮਿਲੀ ਸੀ ਅਤੇ ਉਸ ਨੂੰ ਸਾਬਤ ਕਰਨ ਦੇ ਲਈ ਗਵਾਹੀਆਂ ਵੀ ਸਨ। ਉਸ ਆਦਮੀ ਦੇ ਬਚਣ ਦਾ ਕੋਈ ਰਸਤਾ ਨਹੀਂ ਸੀ ਅਤੇ ਸੇਠ ਅਸਰ ਰਸੂਖ ਵਾਲਾ ਵਿਅਕਤੀ ਸੀ।

ਦੋਸ਼ੀ ਨੇ ਆਪਣੀ ਸਫਾਈ ਦੇਂਦੇ ਹੋਏ ਕਿਹਾ ਕਿ ਇਕ ਦਿਨ ਉਹ ਸੇਠ ਦੇ ਘਰ ਕੋਲੋਂ ਦੀ ਲੰਘ ਰਿਹਾ ਸੀ ਕਿ ਉਸਨੂੰ ਫੜ ਲਿਆ ਗਿਆ ਅਤੇ ਇਹ ਕਹਿਕੇ ਖੂਬ ਕੁਟਿਆ ਗਿਆ ਕਿ ਉਸਨੇ ਸੇਠ ਦੀਆਂ ਨੂੰਹਾਂ-ਧੀਆਂ ਵੱਲ ਤਕਿਆ ਹੈ ਅਤੇ ਗੰਦੀਆਂ ਹਰਕਤਾਂ ਕੀਤੀਆਂ ਹਨ। ਅਗਰ ਅਬਦੁਰ ਰਹਿਮਾਨ, ਜੋਕਿ ਉਥੇ ਹਾਜ਼ਰ ਸੀ ਉਸਨੂੰ ਨਾ ਛੁਡਾਂਦਾ ਤਾਂ ਉਹ ਜਾਨੋਂ ਮਾਰ ਦਿਤਾ ਜਾਂਦਾ।

ਤਦ ਅਬਦੁਰ ਰਹਿਮਾਨ ਖੁਦ ਨਾਲ ਗੱਲਾਂ ਕਰਨ ਲੱਗਾ, 'ਦੇਖੋ ਭਾਈ ਅਬਦੁਰ ਰਹਿਮਾਨ, ਸੇਠ ਆਪਣੀ ਜ਼ਿਦ ਉਤੇ ਅੜਿਆ ਹੋਇਆ ਹੈ। ਉਸਨੂੰ ਆਪਣੀ ਇੱਜ਼ਤ ਦਾ ਬਹੁਤ ਖਿਆਲ ਹੈ। ਉਸਦੀ ਇਕ ਭੈਣ ਹੈ, ਜਿਸ ਦੀ ਉਮਰ ਪੈਂਤੀ ਸਾਲਾਂ ਦੀ ਹੋ ਚੁੱਕੀ ਹੈ, ਪਰ ਉਹ ਉਸ ਦੀ ਸ਼ਾਦੀ ਨਹੀਂ ਹੋਣ ਦੇ ਰਿਹਾ। ਉਸਨੂੰ ਡਰ ਹੈ ਕਿ ਸ਼ਾਦੀ ਹੋਣ ਉਤੇ ਉਹ ਜਾਇਦਾਦ ਵਿਚੋਂ ਆਪਣਾ ਹਿਸਾ ਮੰਗੇਗੀ। ਅਗਰ ਉਸ ਲੜਕੀ ਦੀ ਸ਼ਾਦੀ ਨਾ ਹੋਈ ਤਾਂ ...' ਇਹ ਕਹਿੰਦੇ ਹੋਏ ਅਚਾਨਕ ਰੁਕਿਆ ਅਤੇ ਉਸਨੇ ਘੂਰ ਕੇ ਦੇਖਿਆ, 'ਨਹੀਂ, ਨਹੀਂ, ਭਾਈ ਅਬਦੁਰ ਰਹਿਮਾਨ, ਤੈਨੂੰ ਦੂਸਰਿਆਂ ਦੇ ਪਰਦੇ ਫਾਸ਼ ਨਹੀਂ ਕਰਨੇ ਚਾਹੀਦੇ। ਆਪਣੇ ਦੋਵੇਂ ਹੱਥ ਜੋੜ ਕੇ ਸੇਠ ਦੇ ਕੋਲ ਜਾਓ ਤੇ ਉਸ ਨੂੰ ਸਮਝਾਓ। ਜੇ ਉਹ ਫਿਰ ਵੀ ਨਾ ਮੰਨੇ, ਤਾਂ ਸੱਚੀ ਗੱਲ ਕਹਿ ਦੇਣੀ।' ਅਬਦੁਰ ਰਹਿਮਾਨ ਨੇ ਉਚੀ ਅਵਾਜ਼ ਵਿਚ ਖੁਦ ਨਾਲ ਗੱਲਾਂ ਕੀਤੀਆਂ। ਜਿਵੇਂ ਉਹ ਬਹੁਤ ਸਾਰੇ ਲੋਕਾਂ ਸਾਹਮਣੇ ਬੋਲ ਰਿਹਾ ਹੋਵੇ। ਜਿਸ ਜਿਸ ਨੇ ਵੀ ਉਸਦੀਆਂ ਗੱਲਾਂ ਸੁਣੀਆਂ, ਉਹ ਉਸਦਾ ਇਸ਼ਾਰਾ ਸਮਝ ਗਿਆ। ਸੇਠ ਵੀ ਬਿਨਾਂ ਸਮਝੇ ਨਾ ਰਿਹਾ।

ਇਸ ਤਰ੍ਹਾ ਉਸ ਗਰੀਬ ਆਦਮੀ ਨੂੰ ਛੁਟਕਾਰਾ ਮਿਲਿਆ, ਪਰ ਅਬਦੁਰ ਰਹਿਮਾਨ ਦੀਆਂ ਖੁਦ ਨਾਲ ਕੀਤੀਆਂ ਗੱਲਾਂ ਦੀ ਸਾਰੇ ਸ਼ਹਿਰ ਵਿਚ ਚਰਚਾ ਹੋਣ ਲਗੀ ਅਤੇ ਸੇਠ ਦੀ ਇੱਜ਼ਤ ਮਿੱਟੀ ਵਿਚ ਮਿਲ ਗਈ।

ਆਖਰ ਅਦਾਲਤ ਵਿਚ ਮੁਕੱਦਮਾ ਚਲਿਆ। ਗਵਾਹਾਂ ਵਿਚੋਂ ਤਿੰਨ ਵਿਅਕਤੀ ਸੇਠ ਦੇ ਗਵਾਂਢੀ ਸਨ ਅਤੇ ਚੌਥਾ ਅਬਦੁਰ ਰਹਿਮਾਨ ਸੀ। ਦੋ ਗਵਾਹਾਂ ਨੂੰ ਲਾਲਚ ਦੇ ਕੇ ਸੇਠ ਨੇ ਆਪਣੇ ਵਲ ਕਰ ਲਿਆ ਸੀ ਤੇ ਤੀਜੇ ਗਵਾਹ ਨੇ ਡਰ ਦੇ ਕਾਰਨ ਸਾਫ ਕਹਿ ਦਿਤਾ ਕਿ ਉਸਨੂੰ ਇਸ ਮਾਮਲੇ ਦੇ ਬਾਰੇ ਕੁਝ ਵੀ ਪਤਾ ਨਹੀਂ ਹੈ। ਹੁਣ ਅਬਦੁਰ ਰਹਿਮਾਨ ਹੀ ਇਕ ਗਵਾਹ ਸੀ ਜਿਸ ਉਤੇ ਸਾਰੇ ਮੁਕਦੱਮੇ ਦਾ ਆਧਾਰ ਸੀ। ਦੋਸ਼ੀ ਨੂੰ ਇਸ ਅਜੀਬ ਕਿਸਮ ਦੇ ਆਦਮੀ ਉਤੇ ਕੋਈ ਭਰੋਸਾ ਨਹੀਂ ਸੀ।

ਜਦੋਂ ਅਬਦੁਰ ਰਹਿਮਾਨ ਨੂੰ ਬੁਲਾਇਆ ਗਿਆ ਤਾਂ ਉਸਨੇ ਖੁਦ ਨੂੰ ਕਿਹਾ, 'ਅਬਦੁਰ ਰਹਿਮਾਨ ਤੈਨੂੰ ਅਦਾਲਤ ਵਿਚ ਬੁਲਾਇਆ ਗਿਆ ਹੈ, ਨਿਰਛਲ ਭਾਵ ਨਾਲ ਉਥੇ ਜਾਓ।' ਉਸ ਨੇ ਇਸ ਮੌਕੇ ਲਈ ਕਿਸੇ ਤੋਂ ਜੁੱਤੇ ਮੰਗੇ ਅਤੇ ਉਹਨਾਂ ਨੂੰ ਆਪਣੀ ਗੋਦੜੀ ਵਿਚ ਲਪੇਟ ਲਿਆ। ਆਖਰ ਅਦਾਲਤ ਵਿਚ ਉਸਦਾ ਨਾਂ ਪੁਕਾਰਿਆ ਗਿਆ। ਅਬਦੁਰ ਰਹਿਮਾਨ ਨੇ ਝੱਟ ਜੁੱਤੇ ਪਹਿਨੇ ਅਤੇ ਗੋਦੜੀ ਆਪਣੇ ਦੁਆਲੇ ਲਪੇਟ ਕੇ ਉਸ ਕਮਰੇ ਵਿਚ ਦਾਖਲ ਹੋਇਆ।

ਚਪੜਾਸੀ ਨੇ ਉਸ ਨੂੰ ਕਿਹਾ, 'ਆਪਣੇ ਜੁੱਤੇ ਉਤਾਰ ਦੇ!' ਇਹ ਸੁਣ ਕੇ ਅਬਦੁਰ ਰਹਿਮਾਨ ਨੇ ਖੁਦ ਨੂੰ ਕਿਹਾ, 'ਭਾਈ ਅਬਦੁਰ ਰਹਿਮਾਨ ਚਪੜਾਸੀ ਤੈਨੂੰ ਜੁੱਤੇ ਉਤਾਰਨ ਲਈ ਕਹਿ ਰਿਹਾ ਹੈ। ਉਸਨੂੰ ਕਹਿ ਕਿ ਤੂੰ ਇਹ ਜੁੱਤੇ ਇਸ ਖਾਸ ਮੌਕੇ ਦੇ ਲਈ ਕਿਸੇ ਤੋਂ ਮੰਗੇ ਹਨ, ਤਾਂਕਿ ਇੱਜਤ ਦੇ ਨਾਲ ਮਜਿਸਟਰੇਟ ਦੇ ਸਾਹਮਣੇ ਪੇਸ਼ ਹੋ ਸਕੇ।' ਤਦ ਇਹ ਗੱਲ ਚਪੜਾਸੀ ਨੂੰ ਕਹਿ ਕੇ ਅਬਦੁਰ ਰਹਿਮਾਨ ਨਿੱਡਰ ਹੋ ਕੇ ਅੰਦਰ ਦਾਖਲ ਹੋ ਗਿਆ। ਮਜਿਸਟਰੇਟ ਨੇ ਮੁਸਕਰਾ ਕੇ ਉਸ ਦਾ ਸਵਾਗਤ ਕੀਤਾ। ਜਦੋਂ ਗਵਾਹੀ ਦੇਣ ਦੇ ਲਈ ਕਟਹਿਰੇ ਵਿਚ ਖੜਾ ਹੋਇਆ ਤਾਂ ਮਜਿਸਟਰੇਟ ਨੇ ਕੁਝ ਤਿਖੀ ਆਵਾਜ਼ 'ਚ ਉਸਨੂੰ ਪੁਛਿਆ ਕਿ ਉਸ ਨੇ ਆਪਣੇ ਦੁਆਲੇ ਗੋਦੜੀ ਕਿਉਂ ਲਪੇਟੀ ਹੋਈ ਹੈ?

ਉਸ ਸਮੇਂ ਅਬਦੁਰ ਰਹਿਮਾਨ ਨੇ ਖੁਦ ਨੂੰ ਕਿਹਾ, 'ਸੁਣ ਭਾਈ ਅਬਦੁਰ ਰਹਿਮਾਨ, ਮਜਿਸਟਰੇਟ ਸਾਹਿਬ ਨੇ ਤੈਨੂੰ ਗੋਦੜੀ ਦੇ ਬਾਰੇ ਪੁਛਿਆ ਹੈ। ਯਾਦ ਰਹੇ ਤੂੰ ਇਸ ਵਕਤ ਅਦਾਲਤ ਵਿਚ ਹੈ। ਜਵਾਬ ਦੇਣ ਤੋਂ ਪਹਿਲਾਂ ਫਿਰ ਸੋਚ ਲੈ। ਉਹਨਾਂ ਨੂੰ ਕਹਿ ਕੇ ਹਿੰਦੂ ਗਵਾਹ ਅਜੇਹੇ ਮੌਕਿਆਂ ਉਤੇ ਆਪਣੀ ਗਰਦਨ ਦੁਆਲੇ ਗੁਲੂਬੰਦ ਜਾਂ ਤੌਲੀਆ ਲਪੇਟ ਲੈਂਦੇ ਹਨ। ਤੂੰ ਵੀ ਅਦਾਲਤ ਦੇ ਲਈ ਇਜ਼ਤ ਜਾਹਰ ਕਰਨ ਦੇ ਲਈ ਇਸ ਰਿਵਾਜ ਨੂੰ ਅਪਨਾਇਆ ਹੈ।' ਫਿਰ ਅਬਦੁਰ ਰਹਿਮਾਨ ਨੇ ਇਹੀ ਗਲ ਗੰਭੀਰ ਅਵਾਜ਼ ਵਿਚ ਮਜਿਸਟਰੇਟ ਨੂੰ ਕਹੀ। ਅਦਾਲਤ ਵਿਚ ਹਾਜ਼ਰ ਸਾਰੇ ਵਿਅਕਤੀਆਂ ਉਤੇ ਇਸਦਾ ਗਹਿਰਾ ਪ੍ਰਭਾਵ ਪਿਆ।

'ਜਿਦਾਂ ਮੈਂ ਕਹਿਨਾ ਉਦਾਂ ਕਹਿ', ਅਦਾਲਤ ਕਲਰਕ ਨੇ ਉਸ ਨੂੰ ਕਿਹਾ, 'ਪ੍ਰਮਾਤਮਾ ਨੂੰ ਜਾਣਕੇ ਮੈਂ ਸੱਚ ਕਹਾਂਗਾ, ਪੂਰਾ ਸੱਚ ਕਹਾਂਗਾ, ਸਿਰਫ ਸੱਚ ਕਹਾਂਗਾ' ਅਬਦੁਰ ਰਹਿਮਾਨ ਨੇ ਪਹਿਲਾਂ ਆਪਣੇ ਮਨ ਵਿਚ ਇਹ ਗਲ ਦੁਹਰਾਈ ਅਤੇ ਫਿਰ ਕਿਹਾ, 'ਹਾਂ, ਕਲਰਕ ਸੱਚ ਦੀ ਕਹਿ ਰਿਹਾ ਹੈ।' ਤਦ ਕਲਰਕ ਵਲ ਮੁੜਕੇ ਉਸ ਨੇ ਉਚੀ ਆਵਾਜ਼ ਵਿਚ ਕਲਰਕ ਦਾ ਕਿਹਾ ਹੋਇਆ ਵਾਕ ਦੁਹਰਾਇਆ।

'ਤੇਰਾ ਨਾਮ?'

'ਭਾਈ ਅਬਦੁਰ ਰਹਿਮਾਨ, ਕਲਰਕ ਤੇਰਾ ਨਾਮ ਜਾਣਨਾ ਚਾਹੁੰਦਾ ਹੈ। ਹਾਂ ਉਸ ਨੂੰ ਆਪਣਾ ਨਾਮ ਦਸੋ। ਤਦ ਉਸ ਨੇ ਉਚੀ ਅਵਾਜ਼ ਵਿਚ ਕਲਰਕ ਨੂੰ ਕਿਹਾ, 'ਮੇਰਾ ਨਾਮ ਅਬਦੁਰ ਰਹਿਮਾਨ ਹੈ।'

ਮਜਿਸਟਰੇਟ ਜੋ ਪਹਿਲਾਂ ਖੁਸ਼ ਨਜ਼ਰ ਆ ਰਿਹਾ ਸੀ, ਹੁਣ ਆਪਣਾ ਹੌਂਸਲਾ ਛੱਡਣ ਲਗਾ। ਇਕ ਵਕੀਲ ਨੇ ਉਠ ਕੇ ਮਜਿਸਟਰੇਟ ਨੂੰ ਅੰਗਰੇਜ਼ੀ ਵਿਚ ਦਸਿਆ ਕਿ ਇਸ ਤਰ੍ਹਾਂ ਖੁਦ ਨਾਲ ਗੱਲਾਂ ਕਰਨਾ ਇਸ ਆਦਮੀ ਦੀ ਆਦਤ ਹੈ।

'ਤੇਰਾ ਮਜ਼ਹਬ?'

ਅਬਦੁਰ ਰਹਿਮਾਨ ਨੇ ਜਿਵੇਂ ਕੁਝ ਉਲਝਨ ਵਿਚ ਪੈ ਕੇ ਖੁਦ ਨੂੰ ਕਿਹਾ ਭਾਈ ਅਬਦੁਰ ਰਹਿਮਾਨ, ਇਹ ਨਾ ਭੁਲਣਾ ਕਿ ਤੂੰ ਸੱਚ ਬੋਲਣ ਦੀ ਸਹੁੰ ਚੁਕੀ ਹੈ। ਆਖਰ ਤੇਰਾ ਮਜ਼ਹਬ ਕੀ ਹੈ, ਉਹ! ਇਹ ਤਾਂ ਸਚਮੁਚ ਇਕ ਬੇਢੰਗਾ ਜੇਹਾ ਸਵਾਲ ਹੈ! ਅਗਰ ਮੈਂ ਕਹਾਂ ਕਿ ਮੈਂ ਮੁਸਲਮਾਨ ਹਾਂ ਤਾਂ ਹਿੰਦੂ ਇਤਰਾਜ ਕਰਨਗੇ ਅਗਰ ਮੈਂ ਕਹਾਂ ਕਿ ਮੈਂ ਹਿੰਦੂ ਹਾਂ ਤਾਂ ਮੁਸਲਮਾਨ ਜ਼ਰੂਰ ਹੀ ਬੁਰਾ ਮਨਾਉਣਗੇ। ਤਾਂ, ਸੱਚੀ ਗਲ ਕਿਉਂ ਨਾ ਕਹੀ ਜਾਏ? ਭਾਈ ਅਬਦੁਰ ਰਹਿਮਾਨ, ਆਖਰ ਤੂੰ ਇਸ ਛੋਟੀ ਜਿਹੀ ਗਲ ਉਤੇ ਉਲਝਨ ਵਿਚ ਕਿਉਂ ਪੈ ਗਿਆ ਹੈ? ਇਸੇ ਸੰਤ 'ਸੱਚਲ' ਦਾ ਉਹ ਵਾਕ ਕਿਉਂ ਨਹੀਂ ਦੁਹਰਾ — 'ਮੈਂ ਨਾ ਹਿੰਦੂ ਹਾਂ, ਨਾ ਮੁਸਲਮਾਨ ਹਾਂ। ਮੈਂ ਬਸ ਉਹੀ ਹਾਂ, ਜੋ ਹਾਂ।'

ਕਲਰਕ ਨੇ ਹੈਰਾਨੀ ਨਾਲ ਮਜਿਸਟਰੇਟ ਵਲ ਦੇਖਿਆ, ਮਜਿਸਟਰੇਟ ਨੇ ਇਜਾਜ਼ਤ ਦਿਤੀ, 'ਚੰਗੀ ਗਲ ਹੈ, ਇਸ ਨੂੰ ਮੁਸਲਮਾਨ ਲਿਖ ਲਉ।'

'ਤੇਰੀ ਉਮਰ?'

'ਭਾਈ ਅਬਦੁਰ ਰਹਿਮਾਨ, ਹੁਣ ਤੇਰੀ ਉਮਰ ਜਾਨਣਾ ਚਾਹੁੰਦਾ ਹੈ। ਜਦ ਮੈਂ ਮੁਸਲਮਾਨ ਨਹੀਂ ਹਾਂ ਤਾਂ ਮਜਿਸਟਰੇਟ ਮੇਰੇ ਬਾਰੇ ਲਿਖਵਾਂਦੇ ਹਨ ਕਿ ਮੈਂ ਮੁਸਲਮਾਨ ਹਾਂ। ਚੰਗਾ, ਤਾਂ ਕਲਰਕ ਨੂੰ ਕਹਿ ਦਿਓ ਕਿ ਉਹ ਇਸ ਦੇ ਬਾਰੇ ਵੀ ਮਜਿਸਟਰੇਟ ਤੋਂ ਹੀ ਪੁੱਛ ਲਏ।' ਤਦ ਕਲਰਕ ਵਲ ਮੁੜਕੇ ਉਸਨੇ ਕਿਹਾ, 'ਤੁਸੀਂ ਇਹ ਸਵਾਲ ਵੀ ਮਜਿਸਟਰੇਟ ਸਾਹਿਬ ਤੋਂ ਪੁਛ ਸਕਦੇ ਹੋ?'

ਮਜਿਸਟਰੇਟ ਆਪੇ ਤੋਂ ਬਾਹਰ ਹੋ ਗਿਆ ਅਤੇ ਉਸਨੇ ਧਮਕੀ ਦੇਂਦੇ ਹੋਏ ਕਿਹਾ, 'ਜਾਹਲ ਜੱਟ, ਆਪਣੀ ਜ਼ਬਾਨ ਨੂੰ ਲਗਾਮ ਦੇ ਅਤੇ ਠੀਕ ਤਰ੍ਹਾਂ ਗਵਾਹੀ ਦੇ। ਤੂੰ ਇਥੇ ਅਦਾਲਤ ਵਿਚ ਖੜਾ ਹੈਂ।'

ਅਬਦੁਰ ਰਹਿਮਾਨ ਮੁਸਕਰਾਂਦਾ ਰਿਹਾ ਅਤੇ ਖੁਦ ਨਾਲ ਗੱਲਾਂ ਕਰਦਾ ਰਿਹਾ, 'ਭਾਈ ਅਬਦੁਰ ਰਹਿਮਾਨ, ਮਜਿਸਟਰੇਟ ਸਾਹਿਬ ਕਹਿੰਦੇ ਹਨ ਕਿ ਤੂੰ ਜੱਟ ਹੈਂ।'

ਇਸ ਤੋਂ ਪਹਿਲਾਂ ਕਿ ਉਹ ਖੁਦ ਨੂੰ ਕਹੀ ਇਹ ਗੱਲ ਦੋਹਰਾਂਦਾ, ਮਜਿਸਟਰੇਟ ਨੇ ਕਿਹਾ, 'ਜੱਟ ਅਨਪੜ੍ਹ ਆਦਮੀ ਨੂੰ ਕਹਿੰਦੇ ਹਨ?'

'ਇਸ ਲਈ, ਭਾਈ ਅਬਦੁਰ ਰਹਿਮਾਨ ਤੂੰ ਜੱਟ ਹੈਂ! ਤੂੰ ਸਿੰਧੀ, ਫਾਰਸੀ ਉਰਦੂ, ਸੰਸਕ੍ਰਿਤ ਅਤੇ ਹਿੰਦੀ ਜਾਣਦਾ ਹੈਂ, ਤੂੰ ਕੁਲ ਮਿਲਾ ਕੇ 'ਪੰਜ ਜ਼ਬਾਨਾਂ ਜਾਣਦਾ ਹੈ। ਮਜਿਸਟਰੇਟ ਨੂੰ ਪੁਛੋ ਕਿ ਉਹ ਖੁਦ ਕਿੰਨੀਆਂ ਜ਼ਬਾਨਾਂ ਜਾਣਦਾ ਹੈ?

ਉਸ ਦੀ ਗੱਲ ਵਿਚੋਂ ਹੀ ਕੱਟਕੇ ਮਜਿਸਟਰੇਟ ਨੇ ਗੁਸੇ ਵਿਚ ਕਿਹਾ, 'ਜੱਟ ਉਹ ਹੈ, ਜੋ ਅੰਗਰੇਜ਼ੀ ਨਾ ਜਾਣਦਾ ਹੋਵੇ।' ਮਜਿਸਟਰੇਟ ਦੀਆਂ ਅੱਖਾਂ ਵਿਚ ਜਿਵੇਂ ਜਿੱਤ ਦੀ ਚਮਕ ਸੀ, ਪਰ ਅਦਾਲਤ ਦਾ ਅਮਨ ਭੰਗ ਹੋ ਚੁਕਾ ਸੀ ਅਤੇ ਇਸ ਵਾਦ-ਵਿਵਾਦ ਨੂੰ ਸੁਣਦੇ ਹੋਏ ਕਾਨਾਫੂਸੀਆਂ ਕਰ ਰਹੇ ਸਨ।

ਅਬਦੁਰ ਰਹਿਮਾਨ ਨੇ ਗੰਭੀਰ ਅਤੇ ਉਚੀ ਆਵਾਜ਼ ਵਿਚ ਖੁਦ ਨੂੰ ਫਿਰ ਕਿਹਾ, 'ਭਾਈ ਅਬਦੁਰ ਰਹਿਮਾਨ, ਮਜਿਸਟਰੇਟ ਸਾਹਬ ਕਹਿੰਦੇ ਹਨ ਕਿ ਅੰਗਰੇਜ਼ੀ ਨਾ ਜਾਣਨ ਵਾਲਾ ਜੱਟ ਹੁੰਦਾ ਹੈ। ਸੁਣਿਆ ਤੂੰ ਤੋਪਣਮੱਲ ਦੇ ਬੇਟੇ ਨੂੰ? ਹਾਂ, ਢੱਗਿਆਂ ਨੂੰ ਚਾਰਨ ਵਾਲਾ ਤੋਪਣ ਮੱਲ! ਯਾਦ ਹੈ ਨਾ? ਮਜਿਸਟਰੇਟ ਨੂੰ ਪੁਛੋ ਕਿ ਉਹਨਾਂ ਦੇ ਪਿਤਾ ਤੇ ਦਾਦੇ-ਪੜਦਾਦੇ ਜੋ ਅੰਗਰੇਜ਼ੀ ਨਹੀਂ ਜਾਣਦੇ ਸਨ, ਕੀ ਜੱਟ ਸਨ।'

ਮਜਿਸਟਰੇਟ ਗੁਸੇ ਨਾਲ ਲਾਲ-ਪੀਲਾ ਹੋ ਰਿਹਾ ਸੀ। ਉਹ ਗਰਜ-ਗਰਜ ਕੇ ਸ਼ਾਂਤ ਹੋਣ ਦੇ ਲਈ ਕਹਿੰਦਾ ਰਿਹਾ। ਆਖਰ ਉਸ ਨੇ ਕਾਗਜ਼ ਅਤੇ ਕਲਮ ਲੈ ਕੇ ਅਬਦੁਰ ਰਹਿਮਾਨ ਨੂੰ ਇਜਾਜ਼ਤ ਦਿਤੀ, 'ਬਹੁਤ ਹੋ ਚੁਕੀ ਹੈ ਤੇਰੀ ਢੀਠਤਾਈ! ਅਦਾਲਤ ਦੀ ਬੇਇਜਤੀ ਕਰਨ ਦੇ ਜ਼ੁਰਮ ਵਿਚ ਤੇਰੇ ਉਤੇ ਮੁਕੱਦਮਾ ਚਲਾਇਆ ਜਾਏਗਾ। ਹੁਣ ਆਪਣੀ ਜ਼ਬਾਨ ਬੰਦ ਰਖ ਅਤੇ ਆਪਣੇ ਬਚਾਅ ਵਿਚ ਜੋ ਕੁਝ ਕਹਿਣਾ ਹੈ, ਕਾਗਜ਼ ਉਤੇ ਲਿਖ ਦੇ।'

ਅਬਦੁਰ ਰਹਿਮਾਨ ਨੇ ਕਾਗਜ਼ ਅਤੇ ਕਲਮ ਲਈ ਅਤੇ ਮੇਜ ਉਤੇ ਝੁਕ ਕੇ ਉਸ ਨੇ ਲਿਖਿਆ:

ਜਨਾਬ ਮਜਿਸਟਰੇਟ ਸਾਹਬ,

ਭਾਈ ਅਬਦੁਰ ਰਹਿਮਾਨ ਨੇ ਅਦਾਲਤ ਦੀ ਬੇਇਜ਼ਤੀ ਨਹੀਂ ਕੀਤੀ ਹੈ ਅਗਰ ਕਿਸੇ ਨੇ ਅਦਾਲਤ ਦੀ ਬੇਇਜ਼ਤੀ ਕੀਤੀ ਹੈ ਤਾਂ ਉਹ ਤੁਸੀਂ ਖੁਦ ਹੋ। ਅਜ ਤੁਸੀਂ ਕਈ ਗਵਾਹਾਂ ਦੀ ਬੇਇਜ਼ਤੀ ਕੀਤੀ ਹੈ, ਪਰ ਤੁਹਾਡੀ ਕੀਤੀ ਹੋਈ ਇਹ ਬੇਇਜ਼ਤੀ ਭਾਈ ਅਬਦੁਰ ਰਹਿਮਾਨ ਨੂੰ ਛੂਹ ਵੀ ਨਹੀਂ ਸਕੀ ਹੈ। ਯਾਦ ਰਖੋ ਤੁਸੀਂ ਜਿਹਨਾਂ ਲੋਕਾਂ ਦਾ ਫੈਸਲਾ ਕਰਨ ਲਈ ਇਥੇ ਬੈਠੇ ਹੋ, ਉਹਨਾਂ ਦੇ ਤੁਸੀਂ ਮਾਲਕ ਨਹੀਂ, ਉਹਨਾਂ ਦੇ ਤੁਸੀਂ ਨੌਕਰ ਹੋ। ਅਸੀਂ ਗਵਾਹ ਇਸ ਅਦਾਲਤ ਵਿਚ ਆਪਣੀ ਮਰਜ਼ੀ ਨਾਲ ਨਹੀਂ ਆਏ ਹਾਂ। ਤੁਸੀਂ ਸਾਨੂੰ ਬੁਲਾਇਆ ਹੈ ਤਾਂ ਕਿ ਅਸੀਂ ਇਨਸਾਫ ਕਰਨ ਵਿਚ ਤੁਹਾਡੀ ਮਦਦ ਕਰੀਏ। ਕੀ ਆਪਣੇ ਮਹਿਮਾਨਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ? ਜੇ ਤੁਸੀਂ ਗਵਾਹਾਂ ਦੀ ਬੇਇਜ਼ਤੀ ਕਰੋਗੇ ਤਾਂ ਅਦਾਲਤ ਵਿਚ ਗਵਾਹੀ ਦੇਣ ਕੌਣ ਆਏਗਾ? ਸੱਚ ਪੁੱਛੀਏ ਤਾਂ ਤੁਹਾਡੇ ਉਤੇ ਮੁਕੱਦਮਾ ਚਲਣਾ ਚਾਹੀਦਾ ਹੈ ਅਤੇ ਤੁਹਾਨੂੰ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ, ਕਿਉਂਕਿ ਤੁਸੀਂ ਅਦਾਲਤ ਵਿਚ ਐਸੀ ਭੱਦੀ ਜ਼ਬਾਨ ਦੀ ਵਰਤੋਂ ਕੀਤੀ ਹੈ ਤੇ ਆਪਣੇ ਸਾਹਮਣੇ ਬਾਦਸ਼ਾਹ ਨੂੰ ਨੀਵਾ ਵਿਖਾਇਆ ਹੈ, ਇਸਦੇ ਸਾਹਮਣੇ ਤੁਸੀਂ ਵਫਾਦਾਰੀ ਦੀ ਸਹੁੰ ਚੁਕੀ ਹੈ।

ਖੁਦ ਚੁਕੀ ਹੋਈ ਸਹੁੰ ਦੇ ਮੁਤਾਬਕ ਭਾਈ ਅਬਦੁਰ ਰਹਿਮਾਨ ਕਹਿੰਦਾ ਹੈ ਕਿ ਉਸ ਨੇ ਸੱਚ ਬੋਲਿਆ ਹੈ, ਪੂਰਾ ਸੱਚ ਬੋਲਿਆ ਹੈ, ਅਤੇ ਸਿਰਫ ਸੱਚ ਬੋਲਿਆ ਹੈ।

## ਕਵਿਤਾ
# ਬੰਦਾ—ਬੰਦੇ ਨੂੰ
ਦਰਸ਼ਨ ਸਿੰਘ ਅਵਾਰਾ

ਓਜੰਨਤ ਦੇ ਸੁਫਨੇ 'ਚ ਮਸਰੂਰ ਵੀਰਾ।
ਓ ਮਜ਼ਬ ਦੇ ਮੁਰਸ਼ਦ ਤੇ ਮਗਰੂਰ ਵੀਰਾ।
ਓ ਪਾਠਾਂ-ਨਿਮਾਜ਼ਾਂ 'ਚ ਮਸ਼ਹੂਰ ਵੀਰਾ।
ਓ ਰਸਮਾਂ-ਰਿਵਾਜਾਂ 'ਚ ਮਜਬੂਰ ਵੀਰਾ।

ਮੇਰੀ ਗੱਲ ਨੂੰ ਸੁਣ ਲੈ, ਤੇ ਫਿਰ ਬਾਂਹ ਉਲਾਰੀਂ।
ਬਿਸ਼ੱਕ ਫਿਰ ਛੁਰਾ, ਮੇਰੀ ਛਾਤੀ 'ਚ ਮਾਰੀਂ।

ਤੂੰ ਗੱਸੇ ਦੇ ਵਿਚ ਕਿਸ ਨੂੰ ਡੰਗਣ ਲਗਾ ਏਂ?
ਤੂੰ ਭੁੱਲ ਕੇ ਬੁਰਾ ਕਿਸ ਦਾ ਮੰਗਣ ਲਗਾ ਏਂ?
ਤੂੰ ਹੱਥ ਕਿਸ ਦੀ ਰਤ ਨਾਲ ਰੰਗਣ ਲਗਾ ਏਂ?

ਤੂੰ ਫੜਿਐ ਛੁਰਾ ਆਖੇ ਲਗ ਕੇ ਬਿਗਾਨੇ।
ਤੇ ਲੱਗਾ ਸੈਂ ਤੋੜਨ ਅਜ਼ਲ ਦੇ ਯਰਾਨੇ।

ਕਿਦ੍ਹੇ ਵਾਸਤੇ ਤੇਜ਼ ਕੀਤਾ ਈ ਟੋਕਾ?
ਮੇਰਾ ਤੇਰਾ ਹੈ ਵੈਰ ਦਸ ਖਾਂ ਕਦੋਂਕਾ?
ਬਿਗਾਨੇ ਦਾ ਬਣਨੈਂ ਪਿਆ ਹੱਥ-ਠੋਕਾ?
ਸੰਭਲ, ਜਾਗ, ਕੁਝ ਹੋਸ਼ ਕਰ ਭਲਿਆ ਲੋਕਾ?

ਤੇਰੇ ਵਾਂਗ ਬੁਤ ਹੈ ਤੇਰੇ ਵਾਂਗ ਜੀ ਹੈ।
ਤੇਰੇ ਵਿਚ ਤੇ ਮੇਰੇ 'ਚ ਦਸ ਫਰਕ ਕੀ ਹੈ?

ਇਕੋ ਤਰ੍ਹਾਂ ਸਾਨੂੰ ਬਣਾਇਆ ਗਿਆ ਹੈ।
ਮਸਾਲਾ ਇਕੋ ਜਿਹਾ ਲਾਇਆ ਗਿਆ ਹੈ।
ਇਕੋ ਨੂਰ ਦੋਹਾਂ 'ਚ ਪਾਇਆ ਗਿਆ ਹੈ।
ਤੇ ਇਕੋ ਹੀ ਜਗ ਤੇ ਵਸਾਇਆ ਗਿਆ ਹੈ।

ਹਾਂ, ਫਿਰਕੇ ਅਲੱਗ, ਪਰ ਹੈ ਮਜ਼ਮੂਨ ਇਕੋ।
ਤੇਰੀ ਮੇਰੀ ਨਾੜਾਂ 'ਚ ਹੈ ਖੂਨ ਇਕੋ।

ਮਚਾਂਦੇ ਨੇ ਜਿਹੜੇ ਹਨੇਰੇ 'ਚ ਲੋਟੀ।
ਹੈ ਸਾਡੇ ਫਸਾਦਾਂ 'ਚ ਜਿਨ੍ਹਾਂ ਦੀ ਰੋਟੀ।
ਕਰਾਈ ਉਹਨਾਂ ਮੇਰੀ ਤੇਰੀ ਤਰੋਟੀ।
ਖਲ੍ਹਾ ਦਿੱਤੀ ਦੋਹਾਂ 'ਚ 'ਸੁੰਨਤ' ਤੇ 'ਚੋਟੀ'।

ਅਸੀਂ ਮਜ਼ਬੀ ਲੀਕਾਂ ਨੇ ਕੀਤੇ ਜੁਦਾ ਹਾਂ।
ਅਸਲ ਵਿਚ ਤਾਂ ਸਾਰੇ ਹੀ ਸਕੇ ਭਰਾ ਹਾਂ।

ਤੈਨੂੰ ਕੁਝ ਸਿਖਾਇਆ ਮੈਨੂੰ ਕੁਝ ਸਿਖਾਇਆ।
ਮੈਨੂੰ ਹਿੰਦੂ, ਤੈਨੂੰ ਮੁਸਲਮਾਂ ਬਣਾਇਆ।
ਮੈਨੂੰ ਜੋਸ਼ ਮੰਦਰ ਦੇ ਨਾਂ ਤੇ ਦਿਵਾਇਆ।
ਮਸੀਤੋਂ ਤੇਰੇ ਹੱਥ ਛੁਰਾ ਚਾ ਫੜਾਇਆ।

ਗੁਆਂਢੀ ਮੈਂ ਭੁਲਿਆ, ਭਰਾ-ਪਣ ਤੂੰ ਭੁਲਿਆ।
ਤੂੰ ਮੈਨੂੰ ਮੈਂ ਤੈਨੂੰ ਮਿਟਾਵਣ ਤੇ ਤੁਲਿਆ।

ਇਸੇ ਵਾਸਤੇ ਹੀ ਤੂੰ ਖੰਜਰ ਉਠਾਇਐ।
ਕਿ ਲਾਰਾ ਤੈਨੂੰ ਕਿਸ ਜੰਨਤ ਦਾ ਲਾਇਐ।
ਕਿਸੇ ਵੀਰ! ਤੈਨੂੰ ਭੁਲੇਖੇ 'ਚ ਪਾਇਐ।
ਤੇ ਨਿਰਚਲ-ਜਵਾਨੀ ਨੂੰ 'ਖੂਨੀ' ਬਣਾਇਐ।

ਉਹ ਜੰਨਤ, ਜਿਦ੍ਹੇ ਵਿਚ ਕੀ ਕਾਤਲ ਦੀ ਥਾਂ ਹੈ।
ਉਹ ਤੇਰੇ ਭੁਲੇਖੇ ਦਾ ਦਿਲ-ਖਿਚਵਾਂ ਨਾਂ ਹੈ।

ਤੂੰ ਰੇਤਾਂ 'ਚ ਸੁਟ ਕੇ ਯਕੀਨੀ ਦਵਾ ਨੂੰ।
ਦੁਆਵਾਂ 'ਚ ਭਨੇਂ ਗਵਾਚੀ-ਸ਼ਫਾ ਨੂੰ।
ਛੁਰਾ ਮਾਰ ਕੇ ਬੇ-ਕਸੂਰੇ ਭਰਾ ਨੂੰ।
ਰੁਸਾ ਕੇ ਤੂੰ ਰੱਬ ਨੂੰ ਰਿਝਾਨੈਂ ਖੁਦਾ ਨੂੰ।

(ਬਾਕੀ ਪੰਨਾ 13 ਤੇ)

# ਸਾ ਹਿ ਤ ਦ ਰ ਪ ਣ

(ਪੰਨਾ 12 ਦੀ ਬਾਕੀ)

ਬੇਸ਼ਕ ਤੈਨੂੰ ਕਾਜ਼ੀ ਬਣਾ ਦੇਣ 'ਗਾਜ਼ੀ'।
ਕਦੇ ਰੱਬ ਨਹੀਂ ਹੁੰਦਾ 'ਕਾਤਲ' ਤੇ ਰਾਜ਼ੀ।

ਕਿਸੇ ਨੂੰ 'ਅਸਿਖ' ਕਹਿ ਕੇ ਦਿਲ ਚਾ ਦੁਖਾਣਾ।
ਤੇ 'ਕਾਫਰ' ਸਮਝ ਕੇ ਛੁਰਾ ਚਾ ਚਲਾਣਾ।
ਗਵਾਂਢੀ ਵਗਾਂਢੀ 'ਚ ਦੰਗੇ ਕਰਾਣਾ।
ਤੇ ਹਿੰਦੂ ਨੂੰ ਮੁਸਲਿਮ ਦੇ ਗਲ 'ਚ ਪਵਾਣਾ।

ਇਹ ਮਜ਼੍ਹਬ ਨਹੀਂ ਕਹਿੰਦਾ ਖੁਦਾ ਨਹੀਂ ਸਿਖਾਂਦਾ।
ਇਹ ਕਾਰਾ ਈ 'ਮੁੱਲਾਂ' ਤੇ 'ਪੰਡਤ' ਹੁਰਾਂ ਦਾ।

ਮੈਂ ਆਦਰ ਕਰਾਂ, ਤੇਰੇ ਜਜ਼ਬੇ ਪਿਆਰਾਂ।
ਕਦੇ ਨਾ ਬੁਰਾ ਤੇਰਾ ਭੁਲ ਕੇ ਚਿਤਾਰਾਂ।
ਤੇਰੇ ਹੰਝੂ ਪੂੰਝਾਂ, ਤੇਰੇ ਦੁਖ ਨਿਵਾਰਾਂ।
ਪਵੇ ਲੋੜ ਤਾਂ ਤੈਥੋਂ ਜ਼ਿੰਦੜੀ ਵੀ ਵਾਰਾਂ।

ਤੈਨੂੰ ਮਿਲ ਕੇ ਜੇ ਤੇਰੇ ਸਦਕੇ ਹਾਂ ਲੈਂਦਾ।
ਤਾਂ ਵੀਰਾਂ ! ਤੇਰੇ ਮੱਥੇ ਵੱਟ ਕਿਉਂ ਹੈ ਪੈਂਦਾ।

ਸਿਰਫ ਇਸ ਲਈ, ਕਿ ਮੈਂ ਮੰਦਰ ਨਹੀਂ ਜਾਂਦਾ।
ਤੇਰੇ ਵਾਂਗ ਮਸਜਿਦ 'ਚ ਸਿਰ ਨਹੀਂ ਝੁਕਾਂਦਾ।
ਨਹੀਂ ਗੁਰਦਵਾਰੇ 'ਚ ਮੱਥਾ ਘਸਾਂਦਾ।
ਤਾਂ ਬੀਬਾ ਤੂੰ ਦਸ ਤੇਰਾ ਕੀ ਹਾਂ ਗਵਾਂਦਾ ?

ਨਹੀਂ ਮੇਰੀ ਬੋਤਲ ਤੇ ਲੇਬਲ ਹੈ ਬੇ-ਸ਼ੱਕ।
ਇਨੂੰ ਭੰਨਣੋਂ ਪਹਿਲਾਂ ਤੂੰ ਇਕ ਘੁਟ ਤਾਂ ਪੀ ਤੱਕ।

ਨਸ਼ਾ ਤੈਨੂੰ ਸ਼ਰਧਾ ਦਾ ਲਾਇਆ ਗਿਆ ਹੈ।
ਤੇ ਸਦੀਆਂ ਤੋਂ ਬੁੱਧੂ ਬਣਾਇਆ ਗਿਆ ਹੈ।
ਬਹਿਸ਼ਤਾਂ ਦਾ ਨਕਸ਼ਾ ਵਿਖਾਇਆ ਗਿਆ ਹੈ।
ਤੇ ਹੱਥ ਤੇਰੇ ਖੀਸੇ 'ਚ ਪਾਇਆ ਗਿਆ ਹੈ।

ਤੇਰੇ ਲਹੂ ਪਸੀਨੇ ਦੀ ਔਖੀ ਕਮਾਈ।
ਖੁਦਾ ਦੇ ਪਖੰਡੀ ਏਜੰਟਾਂ ਉਡਾਈ।

ਤੈਨੂੰ ਸਹਿਮ ਪਾ ਪਾ ਕੇ ਵਿਹਲੜ ਚਲਾਕਾਂ।
ਤੇਰੇ ਮੂੰਹ ਚੋਂ ਖੋਹੀਆਂ ਸਵਾਦੀ ਖੁਰਾਕਾਂ।
ਤੇਰੇ ਖੱਲ ਲਾਹ ਲਾਹ ਕੇ ਪਾਈਆਂ ਪੁਸ਼ਾਕਾਂ।
ਤੇ ਤੈਨੂੰ ਹੀ ਕਰਦੇ ਨੇ ਝੇਡਾਂ ਮਜ਼ਾਕਾਂ।

ਬਣਾਇਆ ਏ ਏਹਨਾਂ ਤੈਨੂੰ ਲੋਲਾ-ਢੱਗਾ।
ਲੁਟੀਂਦੇ ਨੂੰ ਹੁਣ ਤਕ ਪਤਾ ਈ ਨਹੀਂ ਲੱਗਾ।

ਤੇਰੇ ਨਾਲ ਸਹਿਮੇ ਤੇ ਕੀਲੇ ਹੋਏ ਨੇ।
ਖੁਰਾਕੋਂ ਬਿਨਾਂ ਚਿਹਰੇ ਪੀਲੇ ਹੋਏ ਨੇ।
ਇਹ ਗਰਮੀ 'ਚ ਸੁਕ ਸੁਕ ਕੇ ਤੀਲੇ ਹੋਏ ਨੇ।
ਸਿਆਲੇ 'ਚ ਠਰ ਠਰ ਕੇ ਨੀਲੇ ਹੋਏ ਨੇ।

ਇਨ੍ਹਾਂ ਜੋਗਾ ਕੱਪੜਾ ਤੇ ਆਟਾ ਨਹੀਂ ਏ।
ਤੇ ਪੀਰਾਂ ਨੂੰ ਹਲਵੇ ਦਾ ਘਾਟਾ ਨਹੀਂ ਏ।

ਕਿਆਸਾਂ, ਖਿਆਲਾਂ ਤੋਂ ਲੜ ਮਰ ਰਿਹਾ ਏਂ।
ਅਣ-ਹੋਣੇ ਸਵਾਲਾਂ ਤੋਂ ਲੜ ਮਰ ਰਿਹਾ ਏਂ।
ਤੂੰ ਤਸਬੀ ਤੇ ਮਾਲਾਂ ਤੋਂ ਲੜ ਮਰ ਰਿਹਾ ਏਂ।
ਤੇ ਝਟਕੇ ਹਲਾਲਾਂ ਤੋਂ ਲੜ ਮਰ ਰਿਹਾ ਏਂ।

ਕਿਆਸੀ-ਬਹਿਸ਼ਤਾਂ ਦੇ ਲਾਰੇ 'ਚ ਆ ਕੇ।
ਤੂੰ ਰਖ ਦਿਤੈ ਦੁਨੀਆਂ ਨੂੰ ਦੋਜ਼ਖ਼ ਬਣਾ ਕੇ।

ਮਸੀਤਾਂ ਦੇ ਇਹ ਉੱਚੇ ਉੱਚੇ ਮੁਨਾਰੇ।
ਇਹ ਮੰਦਰ ਸੁਨਿਹਰੀ, ਇਹ ਠਾਕਰ-ਦਵਾਰੇ।
ਮਹੰਤਾਂ ਦੇ ਬੰਗਲੇ ਤੇ ਉੱਚੇ ਚੁਬਾਰੇ।
ਤੇ ਇਹ ਮਹਿਲ ਜਿਹੜੇ ਨੇ ਪੀਰਾਂ ਉਸਾਰੇ।

ਇਨ੍ਹਾਂ ਦੀ ਉਸਾਰੀ 'ਚ ਤੇਰਾ ਲਹੂ ਹੈ।
ਤੇ ਹਰ ਇਟ ਦੇ ਹੇਠਾਂ ਤੇਰੀ ਆਰਜ਼ੂ ਹੈ।

ਬੜੇ ਚਿਰ ਤੋਂ ਮੱਥਾ ਘਸਾਇਆ ਈ ਬਸ ਕਰ।
ਬੜਾ ਵਕਤ ਐਵੇਂ ਵੰਜਾਇਆ ਈ ਬਸ ਕਰ।
ਬੜਾ ਕੁਝ ਹੀ ਹਥੋਂ ਗਵਾਇਆ ਈ ਬਸ ਕਰ।
ਬਥੇਰਾ ਹੀ ਝੁੱਗਾ ਲੁਟਾਇਆ ਈ ਬਸ ਕਰ।

ਤੂੰ ਗਲ-ਘੋਟੂ ਬੇਰਾਂ ਤੇ ਡੁਲ੍ਹਿਆ ਰਿਹਾ ਏਂ।
ਤੇ ਖੱਟੇ ਅੰਗੂਰਾਂ ਤੇ ਭੁਲਿਆ ਰਿਹਾ ਏਂ।

ਕਿਆਸਾਂ ਦੇ ਦੋਜ਼ਖ ਤੋਂ ਉੱਕਾ ਨਾ ਡਰ ਤੂੰ।
ਖ਼ਿਆਲੀ-ਬਹਿਸ਼ਤਾਂ ਤੋਂ ਲੜ ਲੜ ਨਾ ਮਰ ਤੂੰ।
ਫ਼ਕੀਰਾਂ ਤੇ ਸੰਤਾਂ ਦੀ ਪਰਵਾਹ ਨਾ ਕਰ ਤੂੰ।
ਨਾ ਸਿਰ ਅਪਣਾ ਇਹਨਾ ਦੇ ਚਰਨਾ ਤੇ ਧਰ ਤੂੰ।

ਕੀ ਹੈ ਜੇ ਇਨ੍ਹਾਂ ਵਾਂਗ ਮੋਟਾ ਨਹੀਂ ਏਂ।
ਤੂੰ ਏਹਨਾ ਤੋਂ ਨੀਵਾਂ ਤੇ ਛੋਟਾ ਨਹੀਂ ਏਂ।

ਇਹ ਮੰਦਰ ਮਸੀਤਾਂ ਦੁਕਾਨਾ ਨੇ ਜਾਤੀ।
ਨਹੀਂ ਪਾਂਦਾ ਰੱਬ ਏਰੇ ਭੁਲ ਕੇ ਵੀ ਝਾਤੀ।
ਇਹ ਬਾਹਮਣ ਮੁਲਾਣੇ ਨੇ ਸਭ ਕੌਮ-ਘਾਤੀ।
ਹੈ ਸਾਡੀ ਫ਼ਨਾਹ ਵਿਚ ਇਨ੍ਹਾਂ ਦੀ ਹਯਾਤੀ।

ਇਨ੍ਹਾਂ ਸਾਨੂੰ ਰਲ ਕੇ ਨਹੀਂ ਬਹਿਣ ਦੇਣਾ।
ਤੇ ਨਾ ਹੀ ਕਦੇ ਸੁਧ ਦਾ ਸਾਹ ਲੈਣ ਦੇਣਾ।

ਇਹ ਸਭ ਜੋਸ਼ ਮਜ਼ੁਬੀ ਨੇ ਗਰਜ਼ਾਂ ਦੇ ਧੰਦੇ।
ਤੇ ਅਣਖਾਂ, ਤੌਹੀਨਾਂ, ਚਲਾਕਾਂ ਦੇ ਫੰਦੇ।
ਇਹ ਚਾਂਹਦੇ ਨੇ, ਥਾਂ ਥਾਂ ਤੇ ਲੜ ਮਰਨ ਬੰਦੇ।
ਤੇ ਇਹਨਾਂ ਦੇ ਖੀਸੇ 'ਚ ਪੈ ਜਾਣ ਚੰਦੇ।

ਆ ! ਇਹਨਾਂ 'ਜਨੂਨੀ ਜਲਾਦਾਂ' ਤੋਂ ਬਚੀਏ।
ਤਬਾਹੀ ਤੇ ਖੂਨਾਂ, ਫਸਾਦਾਂ ਤੋਂ ਬਚੀਏ।

ਜੋ ਜੰਨਤ ਦੇ ਤੈਨੂੰ ਇਹ ਲਾਰੇ ਨਾ ਲਾਂਦੇ।
ਤੇ ਹੂਰਾਂ ਦੀਆਂ ਤੈਨੂੰ ਆਸਾਂ ਬਨ੍ਹਾਂਦੇ।
ਤੈਨੂੰ ਸੁਰਨ-ਮਹਿਲਾਂ ਦੇ ਸੁਫਨੇ ਵਿਖਾਂਦੇ।
ਤੇ ਮੁਕਤੀ ਦੇ ਲਾਰੇ ਤੇ ਲੁਟ ਲੁਟ ਕੇ ਖਾਂਦੇ।

ਤੇਰੇ ਹੱਥ ਨੂੰ ਤਕਦੇ ਨੇ ਰੋਟੀ ਦੀ ਖਾਤਰ।
ਖੜਾਵਾਂ ਤੇ ਗਿਠ ਭਰ ਲੰਗੋਟੀ ਦੀ ਖਾਤਰ।

ਆ ! ਮੰਦਰੋਂ-ਮਸੀਤੋਂ ਜਰਾ ਉੱਚੇ ਹੋਈਏ।
ਤੇ ਸਾਂਝੇ ਅਕਾਸ਼ ਹੇਠ ਰਲ ਕੇ ਖਲੋਈਏ।
ਗਲੇ ਮਿਲ ਕੇ, ਪਿਛਲੀ ਹਿਮਾਕਤ ਤੇ ਰੋਈਏ।
ਤੇ ਧੋਖੇ ਦੇ ਦਾਗਾਂ ਨੂੰ ਹੰਝੂਆਂ 'ਚ ਧੋਈਏ।

ਭਰਾ-ਪਣ ਜ਼ਰਾ ਦਿਲ 'ਚ ਮਾਰੇ ਉਛਾਲੇ।
ਤੇ ਭੁਲ ਜਾਣ ਸਾਨੂੰ ਮਸੀਤਾਂ ਸ਼ਿਵਾਲੇ।

ਨਾ ਹੋ ਰਹੀਏ ਇਕ ਦੂਸਰੇ ਉੱਤੇ ਕਾਰੂ।
ਆ ! ਦੁਨੀਆਂ ਤੇ ਕਰੀਏ ਕੋਈ ਕੰਮ ਉਸਾਰੂ।
ਆ ! ਛੋਹ ਦਈਏ 'ਆਸ' ਮੁਕਾ ਦਈਏ 'ਮਾਰੂ'।
ਕਿ ਬੰਦਾ ਹੀ ਹੁੰਦਾ ਹੈ ਬੰਦੇ ਦਾ ਦਾਰੂ।

ਬੀਮਾਰੀ 'ਚ ਜੰਨਤ ਨੇ ਕੰਮ ਨਹੀਓਂ ਆਣਾ।
ਮੇਰਾ ਦੁੱਖ ਤੂੰ ਵੰਡਣਾ, ਮੈਂ ਤੇਰਾ ਵੰਡਾਣਾ।

ਤੂੰ ਹੱਥ ਮੇਰੀ ਰਤ ਨਾਲ ਭਰ ਕੇ ਵੀ ਤਕਿਐ।
ਛੁਰਾ ਮੇਰੀ ਗਰਦਨ ਤੇ ਧਰ ਕੇ ਵੀ ਤਕਿਐ।
ਮੇਰਾ ਕਤਲ ਤੇ ਖੂਨ ਕਰ ਕੇ ਵੀ ਤਕਿਐ।
ਮੈਨੂੰ ਮਾਰ ਕੇ ਆਪ ਮਰ ਕੇ ਵੀ ਤਕਿਐ।

ਮੁਹਬਤ ਨੂੰ ਵੀ ਆਜ਼ਮਾ ਕੇ ਤੇ ਤਕਦੋਂ।
ਜ਼ਰਾ ਮੈਨੂੰ ਗਲ ਨਾਲ ਲਾ ਕੇ ਤੇ ਤਕਦੋਂ।

> ਹਜ਼ਾਰੋਂ ਹਸਰਤੇਂ ਸਰ ਪਟਕਤੀ ਹੈ ਖਾਨਾ-ਏ-ਦਿਲ ਮੇਂ,
> ਅਲਾਹੀ ! ਦੇਖੀਏ ਇਸ ਘਰ ਸੇ, ਕਬ ਮਾਤਮ ਨਿਕਲਤਾ ਹੈ।
> 'ਦਾਗ'

## ਵਿਸ਼ਵ ਪੰਜਾਬੀ ਕਾਂਗਰਸ ਸਮਾਪਤ

ਨਵੀਂ ਦਿੱਲੀ — ਦੋ-ਦਿਨਾਂ ਵਿਸ਼ਵ ਪੰਜਾਬੀ ਕਾਂਗਰਸ ਇਥੇ ਸਮਾਪਤ ਹੋ ਗਈ। ਕਾਂਗਰਸ ਨੇ ਸਰਕਾਰ ਨੂੰ ਆਖਿਆ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਕਾਂਗਰਸ ਵਿਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਇਕ ਮਤੇ ਵਿਚ ਆਖਿਆ ਗਿਆ ਕਿ ਸਮਝੌਤੇ ਤੋਂ ਪਾਸੇ ਹਟਣ ਨਾਲ ਉਹ ਸਾਰੇ ਹਾਸਲ ਖਤਮ ਹੋ ਜਾਣਗੇ ਜੋ ਇਤਿਹਾਸਕ ਸਮਝੌਤੇ ਨਾਲ ਪੰਜਾਬ ਵਿਚ ਸ਼ਾਂਤੀ ਤੇ ਲੋਕਤੰਤਰ ਨੂੰ ਵਾਪਸ ਬਹਾਲ ਕਰਕੇ ਕਮਾਏ ਗਏ ਹਨ।

ਕੁਝ ਡੈਲੀਗੇਟਾਂ ਨੇ ਮੈਥਿਊ ਕਮਿਸ਼ਨ ਦੇ ਅਧਿਕਾਰ ਖੇਤਰ 'ਚੋਂ 'ਹੋਰ ਮੱਦਾਂ' ਸ਼ਬਦ ਹਟਾਉਣ ਦੀ ਮੰਗ ਕੀਤੀ। ਇਹ ਮੰਗ ਬਹੁਤ ਸਾਰੇ ਡੈਲੀਗੇਟਾਂ ਨੂੰ ਪ੍ਰਵਾਨ ਨਹੀਂ ਸੀ। ਕਾਂਗਰਸ ਦੇ ਪ੍ਰਧਾਨ ਡਾ. ਗੋਪਾਲ ਸਿੰਘ ਨੇ ਮਤੇ ਦਾ ਖਰੜਾ ਮੁੜ ਤਿਆਰ ਕੀਤਾ ਜੋ ਸਰਬਸੰਮਤੀ ਨਾਲ ਪਾਸ ਕਰ ਦਿਤਾ ਗਿਆ। ਇਕ ਹੋਰ ਮਤੇ ਰਾਹੀਂ ਕਾਂਗਰਸ ਨੇ ਕਿਹਾ ਕਿ ਧਰਮ ਨੂੰ ਭਾਸ਼ਾ ਤੇ ਸਿਆਸਤ ਨਾਲੋਂ ਵੱਖਰਾ ਰੱਖਿਆ ਜਾਵੇ ਤੇ ਕੋਈ ਵੀ ਸਿਆਸੀ ਪਾਰਟੀ ਧਰਮ ਦੇ ਅਧਾਰ 'ਤੇ ਨਾ ਬਣਾਈ ਜਾਵੇ। ਮਤੇ 'ਚ ਅੱਗੇ ਕਿਹਾ ਗਿਆ ਕਿ ਧਰਮ ਸਥਾਨਾਂ ਨੂੰ ਨਾ ਤਾਂ ਸਿਆਸੀ ਪਰਚਾਰ ਲਈ ਵਰਤਿਆ ਜਾਵੇ ਅਤੇ ਨਾ ਹੀ ਅਪਰਾਧੀਆਂ ਤੇ ਸਮਾਜ-ਵਿਰੋਧੀ ਅਨਸਰਾਂ ਨੂੰ ਸ਼ਰਨ ਦੇਣ ਲਈ ਵਰਤਿਆ ਜਾਵੇ। ਇਹ ਵੀ ਸੁਝਾਅ ਦਿਤਾ ਗਿਆ ਕਿ ਧਾਰਮਕ ਸੰਸਥਾ ਦੇ ਕਿਸੇ ਵੀ ਅਹੁਦੇਦਾਰ ਨੂੰ ਵਿਧਾਇਕ ਬਣਨ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ।

ਵਿਸ਼ਵ ਪੰਜਾਬੀ ਕਾਂਗਰਸ ਲੋਕਤੰਤਰੀ ਸਿਆਸਤ ਵਿਚ ਵਿਸ਼ਵਾਸ਼ ਰਖਦੀ ਹੈ ਤੇ ਸਿਆਸੀ ਹਿੰਸਾ ਦੇ ਪ੍ਰਚਾਰ ਦੇ ਵਿਰੁੱਧ ਹੈ। ਮਤੇ ਵਿਚ ਆਖਿਆ ਗਿਆ ਕਿ ਪੰਜਾਬ ਦੇਸ਼ ਦਾ ਹਿਸਾ ਹੈ ਤੇ ਪੰਜਾਬੀਆਂ ਦੀ ਹੋਣੀ ਦੇਸ਼ ਦੇ ਦੂਜੇ ਭਾਗਾਂ ਵਿਚ ਰਹਿੰਦੇ ਲੋਕਾਂ ਨਾਲ ਸਬੰਧਤ ਹੈ। ਪ੍ਰਸਿਧ ਪੰਜਾਬੀ ਲੇਖਕ ਕਰਤਾਰ ਸਿੰਘ ਦੁੱਗਲ ਵਲੋਂ ਰਖਿਆ ਗਿਆ ਉਹ ਮਤਾ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਜਿਸ ਵਿਚ ਆਖਿਆ ਗਿਆ ਸੀ ਕਿ ਪੰਜਾਬੀ ਭਾਸ਼ਾ ਧਰਮ 'ਤੇ ਆਧਾਰਤ ਨਹੀਂ ਹੋਣੀ ਚਾਹੀਦੀ ਅਤੇ ਪੰਜਾਬੀ ਭਾਸ਼ਾ ਨੂੰ ਪੰਜਾਬ ਅਤੇ ਇਸ ਤੋਂ ਬਾਹਰ ਦੇ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਬਣਾਇਆ ਜਾਵੇ।

ਕਾਂਗਰਸ ਨੇ ਸਿਫਾਰਸ਼ ਕੀਤੀ ਕਿ ਪੰਜਾਬੀ ਪੁਸਤਕਾਂ ਨੂੰ ਫਾਰਸੀ ਅਤੇ ਦੇਵਨਾਗਰੀ ਲਿੱਪੀਆਂ ਵਿਚ ਛਾਪਿਆ ਜਾਣਾ ਚਾਹੀਦਾ ਹੈ ਅਤੇ ਅੰਗਰੇਜ਼ੀ ਵਿਚ ਵੀ ਤਾਂ ਕਿ ਇਹ ਜ਼ਿਆਦਾ ਲੋਕਾਂ ਤਕ ਪਹੁੰਚ ਸਕਣ। ਕਾਂਗਰਸ ਨੇ ਪੰਜਾਬ ਸਰਕਾਰ ਨੂੰ ਆਖਿਆ ਕਿ ਸਾਰਾ ਸਰਕਾਰੀ ਕੰਮ ਪੰਜਾਬੀ ਵਿਚ ਹੋਵੇ ਕਿਉਂਕਿ ਰਾਜ ਸਰਕਾਰ ਪਹਿਲਾਂ ਹੀ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਨਾਉਣ ਲਈ ਵਚਨਬੱਧ ਹੈ। ਕਾਂਗਰਸ ਨੇ ਸ੍ਰੀ ਰਾਜੀਵ ਗਾਂਧੀ ਦੇ ਉਸ ਐਲਾਨ ਦਾ ਸੁਆਗਤ ਕੀਤਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਦਿੱਲੀ ਤੇ ਦੂਜੇ ਭਾਗਾਂ 'ਚ ਦੰਗਿਆਂ ਦੌਰਾਨ ਹੋਈਆਂ ਵਿਧਵਾਵਾਂ ਨੂੰ 31 ਦਸੰਬਰ ਤੱਕ ਮੁੜ ਵਸਾਇਆ ਜਾਵੇਗਾ।

ਆਰਥਿਕ ਮਤਾ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐਸ. ਐਸ. ਜੌਹਲ ਵਲੋਂ ਰੱਖਿਆ ਗਿਆ ਜੋ ਸਰਬੰਮਤੀ ਨਾਲ ਪਾਸ ਕਰ ਦਿਤਾ ਗਿਆ ਮਤੇ ਵਿਚ ਆਖਿਆ ਗਿਆ ਕਿ ਪੰਜਾਬ ਨੂੰ ਵੱਡੇ ਪੱਧਰ 'ਤੇ ਮਦਦ ਦੀ ਲੋੜ ਹੈ। ਪੰਜਾਬ ਦਾ ਸਨਅਤੀਕਰਣ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਜੀਵਨ ਨਿਰਬਾਹ ਕੇਵਲ ਖੇਤੀ 'ਤੇ ਹੀ ਨਿਰਭਰ ਨਾ ਰਹੇ। ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ. ਦਰਬਾਰਾ ਸਿੰਘ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਦੋ ਗੱਲਾਂ ਬਹੁਤ ਜ਼ਰੂਰੀ ਹਨ; ਇਕ ਬਿਜਲੀ ਦਾ ਉਤਪਾਦਨ ਤੇ ਦੂਜਾ ਸੜਕਾਂ। ਉਨ੍ਹਾਂ ਕਿਹਾ ਕਿ ਵੱਡੀਆਂ ਤੇ ਦਰਮਿਆਨੀਆਂ ਸਨਅਤਾਂ ਦੀ ਵੀ ਬਹੁਤ ਲੋੜ ਹੈ ਉਨ੍ਹਾਂ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਪਿਛੋਂ ਪੰਜਾਬੀਆਂ ਨੂੰ ਉਨ੍ਹਾਂ ਤਾਕਤਾਂ ਵਿਰੁਧ ਲੜਨਾ ਚਾਹੀਦਾ ਹੈ ਜੋ ਦੇਸ਼ ਵਿਚ ਅਸਥਿਰਤਾ ਲਿਆਉਣਾ ਚਾਹੁੰਦੀਆਂ ਹਨ।

ਵਿਦੇਸ਼ਾਂ ਤੋਂ ਆਏ ਕਈ ਭਾਰਤੀਆਂ ਨੇ ਵੀ ਸੰਮੇਲਨ ਵਿਚ ਵਿਚਾਰ ਪ੍ਰਗਟ ਕੀਤੇ ਅਤੇ ਪੰਜਾਬ ਵਿਚ ਇਲੈਕਟਰਾਨਿਕ ਅਤੇ ਹੋਰ ਸਨਅਤਾਂ ਕਾਇਮ ਕਰਨ ਲਈ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ। ਬਰਤਾਨੀਆਂ ਤੇ ਕੈਨੇਡਾ ਤੋਂ ਆਏ ਡੈਲੀਗੇਟਾਂ ਨੇ ਅਗਲੀ ਕਾਂਗਰਸ ਲੰਦਨ ਤੇ ਅਟਵਾ ਵਿਚ ਕਰਨ ਦੀ ਪੇਸ਼ਕਸ਼ ਕੀਤੀ। ਜਦੋਂ ਡਾਕਟਰ ਗੋਪਾਲ ਸਿੰਘ ਨੇ ਸਦਨ ਅਗੇ ਇਹ ਤਜਵੀਜ਼ ਰੱਖੀ ਤਾਂ ਸੰਮੇਲਨ ਨੇ ਸਰਬਸੰਮਤੀ ਨਾਲ ਅਗਲਾ ਇਜਲਾਸ ਕੈਨੇਡਾ ਵਿਚ ਅਟਵਾ ਵਿਖੇ ਕਰਾਉਣ ਲਈ ਸਹਿਮਤੀ ਦੇ ਦਿਤੀ।


TOGETHER WE ARE STRONGER
NORTH AMERICAN LIFE


Rupinder S. Azad

Ph. (604) 853-0134

Looking for
**The Right Kind of Life Insurance?**
YES!
ਮੇਰੀ ਕ੍ਰਿਸਮਿਸ ਅਤੇ ਨਵਾਂ ਸਾਲ ਮੁਬਾਰਕ
Choice is Yours :
Traditional VS Universal [Smokers & Non Smokers]
For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ ਲਉ। ਕੇਵਲ ਚਾਰ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ

Toll Free Line (in B.C.)
1—800—242—8044

ਹੋਰ ਜਾਣਕਾਰੀ ਲਈ ਫੋਨ ਕਰੋ :
Contact:
Rupinder S. Azad
AZAD INSURANCE AGENCIES
#1 - 2619 - Cedar Park Pl. Clearbrook, B.C.

# ਅਕਾਲੀ ਸਰਕਾਰ — ਵਿਦਿਆ, ਭਾਸ਼ਾ ਤੇ ਸਭਿਆਚਾਰ

—ਗੁਰਭਗਤ ਸਿਘ—

ਪੰਜਾਬ ਵਿਚ ਹੋਈ ਪਿਛਲੀ ਚੋਣ ਵਿਚ ਅਕਾਲੀ ਪਾਰਟੀ ਨੂੰ ਰਾਜ ਦੇ ਮੁਸ਼ਕਲ ਦੌਰ ਵਿਚੋਂ ਲੰਘਣ ਪਿਛੋਂ ਸੱਤਾ ਮਿਲੀ ਹੈ। ਮੁਖ ਮੰਤਰੀ ਸ. ਸੁਰਜੀਤ ਸਿਘ ਬਰਨਾਲਾ ਨੇ ਉਮੀਦ ਅਨੁਸਾਰ ਛੇਤੀ ਪੰਜਾਬੀਆਂ ਨੂੰ ਧਰਵਾਸ ਬੰਨ੍ਹਾਇਆ ਹੈ ਕਿ ਪੰਜਾਬ ਨੂੰ ਮੁੜ ਸੁਸਥ ਆਰਥਿਕ ਲੀਹਾਂ ਉਤੇ ਪਾਇਆ ਜਾਵੇਗਾ ਅਤੇ ਹਰ ਵਰਗ ਦੀ ਸੁਰੱਖਿਆ ਕੀਤੀ ਜਾਵੇਗੀ। ਪਛੜੇ ਅਤੇ "ਗਲਤ ਰਾਹ" ਪਏ ਨੌਜਵਾਨ ਵਰਗ ਨੂੰ ਮੁੜ ਕੇ ਰਾਸ਼ਟਰ ਦੀ ਮੁਖ ਧਾਰਾ ਵਿਚ ਲਿਆਂਦਾ ਜਾਏਗਾ। ਇਹ ਐਲਾਨ ਅਤੇ ਇੱਛਾਵਾਂ ਬਹੁਤ ਸ਼ੁਭ ਹਨ, ਪਰ ਐਤਕੀਂ ਅਕਾਲੀ ਸਰਕਾਰ ਨੂੰ ਇਹ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਪੰਜਾਬ ਦੀ ਪੁਨਰ-ਸਿਰਜਣਾਂ ਕੇਵਲ ਤੱਤਫੱਟ ਮੱਸਿਆਵਾਂ ਦੇ ਸ ਮਾਧਾਨ ਜਾਂ ਸਰਬੀਕਰਣਾ (ਜਨਰੇਲਿਟੀਜ਼) ਨਾਲ ਨਹੀਂ ਹੋ ਸਕਦੀ। ਕੀਤੇ ਜਾਣ ਵਾਲੇ ਯਤਨਾਂ ਨੂੰ ਇਕ ਭਵਿਖਾਰਥੀ ਅਤੇ ਵਿਸ਼ਾਲ ਸੰਗਠਨ ਦੇਣ ਦੀ ਲੋੜ ਪਵੇਗੀ। ਪਰ ਇਨ੍ਹਾਂ ਯਤਨਾਂ ਦੇ ਨਾਲ ਹੀ ਅਕਾਲੀ ਸਰਕਾਰ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਦਾ ਆਪਣਾ ਸ੍ਵੈ ਕੀ ਹੈ ਅਤੇ ਇਸ ਦੇ ਕੰਮਾਂ ਰਾਹੀਂ ਲੋਕ ਇਸ ਤੋਂ ਕੀ ਮੂਰ ਤੀਮਾਨ ਹੋਣ ਦੀ ਆਸ ਰਖਦੇ ਹਨ।

ਇਹ ਸ੍ਵੀਕਾਰ ਕਰਨ ਵਿਚ ਔਖ ਨਹੀਂ ਕਿ ਅਕਾਲੀ ਪਾਰਟੀ ਨੂੰ ਜਿਨ੍ਹਾਂ ਲੋਕਾਂ ਨੇ ਸੱਤਾ ਦਿਤੀ ਹੈ ਉਹ ਸੁਚੇਤ ਜਾਂ ਅਚੇਤ ਤੌਰ 'ਤੇ ਵਿਸ਼ ਵਿਸ਼ਵਾਸ਼ ਰਖਦੇ ਹਨ ਕਿ ਪੰਜਾਬ ਦੀ ਇਕ ਵੱਖਰੀ ਸਭਿਆਚਾਰਕ ਪਛਾਣ ਹੈ ਅਤੇ ਇਸ ਨੂੰ ਆਪਣੇ ਵੱਖਰੇ ਭੂਗੋਲ, ਇਤਿਹਾਸ ਅਤੇ ਸਮੁੱਚੇ ਭਾਰਤੀ ਲੋਕਤੰਤਰ ਵਿਚ ਇਹ ਪਛਾਣ ਰੱਖਣ ਦਾ ਅਧਿਕਾਰ ਹੈ। ਸਭਿਆਚਾਰਕ ਪਛਾਣ ਬਾਰੇ ਚੇਤਨਤਾ ਕੇਵਲ ਪੰਜਾਬ ਵਿਚ ਹੀ ਪ੍ਰਜ੍ਵਲਿਤ ਨਹੀਂ ਸਗੋਂ ਹੋਰ ਰਾਜਾਂ ਵਿਚ ਵੀ ਹੈ। ਇਸ ਦਾ ਕਾਰਨ ਬਰਤਾਨਵੀ ਸਾਮਰਾਜ ਦਾ ਆਪਣੇ ਹਿਤਾਂ ਅਤੇ ਲੁੱਟ ਲਈ ਇਕ ਨਿਸ਼ਚਿਤ ਉਤਪਾਦਨ ਪ੍ਰਬੰਧ ਨੂੰ ਬੜੀ ਦੇਰ ਤਕ ਕਾਇਮ ਰਖਣਾ ਹੈ। ਇਸ ਉਤਪਾਦਨ ਪ੍ਰਬੰਧ ਦੀ ਨਿਰੰਤਰਤਾ ਜਾਂ ਖੜੋਤ ਨੂੰ ਹਰ ਖਿੱਤੇ ਵਿਚ ਇਕ ਖਾਸ ਵਿਚਾਰ ਅਤੇ ਭਾਵ-ਪ੍ਰਬੰਧ ਨੂੰ ਜਨਮ ਦਿਤਾ ਜਿਸ ਨਾਲ ਹਰ ਇਲਾਕੇ ਦੀਆਂ ਖਾਸ ਪ੍ਰਕਾਸ਼ - ਸੰਰਚਨਾਵਾਂ ਹੋਂਦ ਵਿਚ ਆਈਆਂ; ਜਿਵੇਂ ਸਾਹਿਤ, ਕੱਪੜੇ, ਰੀਤੀ ਰਿਵਾਜ ਆਦਿ। ਇਨ੍ਹਾਂ ਪ੍ਰਕਾਸ਼ - ਸੰਰਚਨਾਵਾਂ ਨਾਲ ਹੀ ਇਲਾਕੇ ਦੇ ਲੋਕ ਮੋਹ ਰਖਦੇ ਹਨ। ਸਮਾਂ ਬੀਤਣ ਨਾਲ ਲੋਕਾਂ ਨੇ ਇਨ੍ਹਾਂ ਸੰਰਚਨਾਵਾਂ ਰਾਹੀਂ ਆਪਣੇ ਆਪ ਨੂੰ ਜ਼ਾਹਿਰ ਕਰਨਾ ਸਿਖ ਲਿਆ ਹੈ। ਵਕਤ ਅਨੁਸਾਰ ਉਹ ਇਨ੍ਹਾਂ ਨੂੰ ਬਦਲਦੇ ਅਤੇ ਨਵੇਂ ਪ੍ਰਸੰਗਾਂ ਦੇ ਯੋਗ ਵੀ ਬਣਾਉਂਦੇ ਰਹਿੰਦੇ ਹਨ।

ਪੰਜਾਬ ਅਤੇ ਸਭਿਆਚਾਰ ਪ੍ਰਤੀ ਸੁਚੇਤ ਤੌਰ 'ਤੇ ਰਾਜਾਂ ਦੀ ਕੇਂਦਰ ਨਾਲ ਟੱਕਰ ਦਾ ਕਾਰਨ ਇਨ੍ਹਾਂ ਸਭਿਆਚਾਰਕ ਸ੍ਵਤਵਾਂ ਜਾਂ ਪਛਾਣਾਂ ਨੂੰ ਕਾਇਮ ਰਖਣ ਲਈ ਤੀਬਰਤਾ ਅਤੇ ਰਾਜ ਵਰਗ ਦੇ ਕੁਲ ਹਿੰਦੋਸਤਾਨ ਨੂੰ ਇਕ ਸਿੱਧਾ ਮਾਰਕੀਟ - ਪ੍ਰਬੰਧ ਵਿਚ ਬਦਲਣ ਲਈ ਪ੍ਰਾਂਤਕ ਸਭਿਆਚਾਰ ਨੂੰ ਉਲੰਘ ਕੇ ਇਕ ਮੁਖੀ ਸਭਿਆਚਾਰ ਕਾਇਮ ਕਰਨ ਦੀ ਭਾਵਨਾ ਹੈ। ਆਖਰ ਇਹ ਗੱਲ ਸਮਝਣੀ ਹੁਣ ਮੁਸ਼ਕਲ ਨਹੀਂ ਕਿ ਅਸੀਂ ਰਾਸ਼ਟਰੀ ਪੱਧਰ ਉਤੇ ਪੂੰਜੀਵਾਦੀ ਵਿਕਾਸ ਵਿਧੀ ਅਪਣਾ ਲਈ ਹੈ। ਇਸ ਵਿਕਾਸ ਨੂੰ ਸਥਿਰ ਕਰਨ ਲਈ ਰਾਜ-ਵਰਗ ਨੂੰ ਇਕ ਮੁਖੀ ਸਭਿਆਚਾਰ ਹੀ ਵਧੇਰੇ ਯੋਗ ਰਹੇਗਾ।

ਰਾਸ਼ਟਰੀ ਪੱਧਰ ਉਤੇ ਸੱਤਾਧਾਰੀ ਦਸਤਕਾਰੀ ਵਰਗ ਅਤੇ ਇਸ ਦੇ ਵਿਚਾਰ - ਵਿਸ਼ੇਸ਼ੱਗ ਦਾ ਮੁਖ ਨਿਸ਼ਾਨਾ ਟੈਕਨੌਲੌਜੀ ਫੈਲਾਉਣਾ, ਦਿਨ ਰਾਤੀਂ ਆਪਣੀ ਲੀਡਰਸ਼ਿਪ ਕਾਇਮ ਰਖਣਾ ਅਤੇ ਨਫੇ ਵਿਚ ਵਾਧਾ ਕਰਨਾ ਹੈ। ਇਸ ਸਭ ਕੁਝ ਲਈ ਇਕ ਬਹੁ-ਮੁਖੀ ਸਭਿਆਚਾਰਕ ਪ੍ਰਬੰਧ ਕਾਫੀ ਵਾਧਾ ਬਣ ਸਕਦਾ ਹੈ ਸਾਡਾ ਸੱਤਾਧਾਰੀ ਦਸਤਕਾਰੀ ਵਰਗ, ਕਿਵੇਂ ਦੇਸ਼ ਵਿਚ ਨਫੇ ਵਧਾਉਣ ਅਤੇ ਟੈਕਨੌਲੌਜੀ ਰਾਹੀਂ ਲੀਡਰਸ਼ਿਪ ਕਾਇਮ ਰੱਖਣ ਲਈ ਸੁਚੇਤ ਹੈ, ਇਸ ਗੱਲ ਤੋਂ ਵੀ ਜਾਣਿਆ ਜਾ ਸਕਦਾ ਹੈ ਕਿ ਇਸ ਵਰਗ ਦਾ ਅਮਰੀਕੀ ਪੂੰਜੀਵਾਦੀ ਪ੍ਰਤੀ ਰਵੱਈਆ ਦੋਗਲਾ ਹੈ — ਇਕ ਪਾਸੇ ਸਖਤ ਅਤੇ ਦੂਜੇ ਪਾਸੇ ਆਕਰਸ਼ਣ ਵਾਲਾ ਵੀ। ਸਖਤ ਇਸ ਕਾਰਨ ਕਿ ਸਾਡਾ ਦਸਤਕਾਰੀ ਵਰਗ ਅਮਰੀਕਨ ਪੂੰਜੀਪਤੀ ਅਤੇ ਉਸ ਦੀਆਂ ਕੰਪਨੀਆਂ ਨੂੰ ਸਾਡੀ ਮਾਰਕੀਟ ਵਿਚ ਨਹੀਂ ਆਉਣ ਦੇਣਾ ਚਾਹੁੰਦਾ ਅਤੇ ਆਕਰਸ਼ਿਤ ਇਸ ਲਈ ਕਿ ਇਸ ਨੂੰ ਨਫਾ ਵਧਾਉਣ ਅਤੇ ਸੱਤਾਧਾਰੀ ਰਹਿਣ ਦਾ ਉਹ ਤਰੀਕਾ ਪਸੰਦ ਹੈ। ਸੋਵੀਅਤ ਮੱਦਦ ਇਸ ਨੂੰ ਪਸੰਦ ਹੈ ਕਿਉਂਕਿ ਉਧਰੋਂ ਸਥਿਰ ਤੌਰ 'ਤੇ ਮਾਰਕੀਟ ਵਿਚ ਆਉਣ ਦਾ ਕੋਈ ਖਤਰਾ ਨਹੀਂ।

ਇਸ ਪ੍ਰਸੰਗ ਵਿਚੋਂ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਸੱਤਾਧਾਰੀ ਵਰਗ ਦਾ ਮੁਖ ਨਿਸ਼ਾਨਾ ਸਿੱਧੀ ਅਤੇ ਬੇਰੋਕ ਮਾਰਕੀਟ ਕਾਇਮ ਕਰਨਾ ਹੈ। ਇਸ ਨੂੰ ਸਭਿਆਚਾਰਕ ਪਛਾਣਾਂ ਵਾਲੇ ਸੰਗਠਨ ਦੀ ਲੋੜ ਨਹੀਂ ਅਤੇ ਨਾ ਹੀ ਇਸ ਨੇ ਕੋਈ ਆਪਣੀ ਸੂਝ-ਬੂਝ ਇਨ੍ਹਾਂ ਸਭਿਆਚਾਰਕ ਪਛਾਣਾਂ ਨੂੰ ਸਮਝਣ ਅਤੇ ਵਿਕਸਿਤ ਕਰਨ ਲਈ ਬਣਾਈ ਹੈ। ਸਗੋਂ ਜਿੱਥੇ ਵੀ ਇਹ ਪਛਾਣਾਂ ਸਮੱਸਿਆ ਬਣ ਕੇ ਖੜ੍ਹੀਆਂ ਹੋਈਆਂ ਹਨ ਉਥੇ ਸਾਡੇ ਸੱਤਾਧਾਰੀ ਵਰਗ ਨੇ ਉਸ ਮੁਆਮਲੇ ਨੂੰ ਕੇਵਲ "ਪ੍ਰਬੰਧਕੀ ਮਸਲੇ" ਵਜੋਂ ਹੀ ਨਜਿੱਠਣ ਦਾ ਜਤਨ ਕੀਤਾ ਹੈ ਜਿਸ ਦਾ ਨਤੀਜਾ ਸਗੋਂ ਇਹ ਹੋਇਆ ਹੈ ਕਿ ਮੁਆਮਲੇ ਪੇਚੀਦਾ ਹੋ ਗਏ ਹਨ। ਸਗੋਂ ਪ੍ਰਤੀਕਰਮ ਵਜੋਂ ਸਬੰਧਿਤ ਸਭਿਆਚਾਰ - ਸਮਾਜਾਂ ਨੇ ਹੋਰ ਕਠੋਰ ਰਵੱਈਏ ਅਖਤਿਆਰ ਕਰ ਲਏ ਹਨ।

ਇਸ ਸਥਿਤੀ ਵਿਚ ਅਕਾਲੀ ਦਲ ਦੇ ਵੋਟਰ ਨੇ ਬਹੁਤ ਸ਼ਿੱਦਤ ਵਾਲੀ ਸਭਿਆਚਾਰਕ ਸ੍ਵੈ-ਚੇਤਨਤਾ ਨਾਲ ਵੋਟ ਪਾਈ ਹੈ ਜਿਸ ਦਾ ਆਧਾਰ ਇਤਿਹਾਸ ਅਤੇ ਆਰਥਿਕਤਾ ਦੋਵੇਂ ਹਨ। ਇਹ ਵੋਟਰ ਉਪਰੋਂ ਭਾਵੇਂ ਕਿਵੇਂ ਵੀ ਲੱਗੇ, ਪਰ ਅੰਦਰੋਂ ਜਾਂ ਤਹਿ ਤੋਂ ਇਸ ਨੇ ਸੱਤਾਧਾਰੀ ਵਰਗ ਦੇ ਵਿਰੁਧ ਵਿਸ਼ੇਸ਼ ਕਰ ਕੇ ਇਸ ਦੀਆਂ ਸਭਿਆਚਾਰਕ ਪਛਾਣਾਂ ਪ੍ਰਤੀ ਅਗਿਆਨੀ ਅਤੇ ਆਰਥਿਕ ਤੌਰ 'ਤੇ ਗੈਰ-ਜ਼ਿੰਮੇਵਾਰ ਨੀਤੀਆਂ ਵਿਰੁੱਧ ਰੋਸ ਪ੍ਰਗਟ ਕੀਤਾ ਹੈ। ਇਹ ਰੋਸ ਕੇਵਲ ਕਾਂਗਰਸ(ਆਈ) ਨੂੰ "ਹਰਾਉਣ" ਜਾਂ ਇਸ ਦੀ ਅਸ੍ਵੀਕ੍ਰਿਤੀ ਨਾਲੋਂ ਵੱਧ ਇਸ ਦੇ ਰਾਸ਼ਟਰੀ ਪੱਧਰ ਉਤੇ ਚੁਣੇ ਸਭਿਆਚਾਰਕ ਅਤੇ ਆਰਥਿਕ ਮਾਡਲ ਦੀ ਅਸ੍ਵੀਕ੍ਰਿਤੀ ਹੈ।

ਅਕਾਲੀ ਸਰਕਾਰ ਨੂੰ ਸੱਤਾ ਵਿਚ ਰਹਿਣ ਲਈ ਅਤੇ ਪੰਜਾਬ ਦਾ ਸੁਸਥ ਵਿਕਾਸ ਕਰਨ ਲਈ ਆਪਣੇ ਆਪ ਨੂੰ ਪ੍ਰਾਂਤਕ ਸਭਿਆਚਾਰ ਦੇ ਪੇਸ਼ਕਾਰ ਅਤੇ ਵਿਕਾਸਕਾਰ ਦੇ ਤੌਰ 'ਤੇ ਸਮਝਣ ਦੀ ਵੱਡੀ ਲੋੜ ਹੈ। ਜੇ ਅਸੀਂ ਸਭਿਆਚਾਰਕ ਚੇਤਨਤਾ ਅਤੇ ਪਛਾਣਾਂ ਨੂੰ ਕ੍ਰਿਆਸ਼ੀਲ ਮਾਧਿਅਮ ਸਮਝਦੇ ਹਾਂ ਜਿਨ੍ਹਾਂ ਰਾਹੀਂ ਬੜੇ ਸੌਂਦਰਮਈ ਅਤੇ ਉਪਯੋਗੀ ਢੰਗ ਨਾਲ ਜਗਤ ਨੂੰ ਦੇਖਿਆ ਜਾਂ ਜੀਵਿਆ ਜਾ ਸਕਦਾ ਹੈ ਤਾਂ ਇਸ ਦਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਹਿਤਾਂ ਨਾਲ ਕੋਈ ਵਿਰੋਧ ਨਹੀਂ। ਇਕ ਸਭਿਆਚਾਰਕ ਪਛਾਣ ਰਾਹੀਂ ਵਿਕਸਿਤ ਮਨੁੱਖ ਵਧੇਰੇ ਪ੍ਰਮਾਣਿਕ ਰੂਪ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹੋ ਸਕਦਾ ਹੈ।

ਹੁਣ ਦੀ ਇਤਿਹਾਸਕ ਸਥਿਤੀ ਨੇ ਅਕਾਲੀ ਸਰਕਾਰ ਲਈ ਇਹ ਜ਼ਰੂਰੀ ਬਣਾ ਦਿਤਾ ਹੈ ਕਿ ਉਹ ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਅਤੇ ਇਸ ਦੇ ਸੰਗਠਨ ਨੂੰ ਹੋਰ ਪੱਕਿਆਂ ਕਰਨ ਅਤੇ ਇਸ ਦੇ ਸਰੱਖਿਅਕ ਅਤੇ ਵਿਸਥਾਰਕਾਰ ਬਣਨ। ਇਸ ਸਰਕਾਰ ਲਈ ਕੇਂਦਰ ਪ੍ਰਤੀ ਦੋ-ਪੱਖਾ ਰਾਹ ਅਪਨਾਉਣਾ ਚਾਹੀਦਾ ਹੈ। ਗੱਲਬਾਤ ਅਤੇ ਸਿਰਜਣਾਤਮਕ ਟਕਰਾਓ ਦਾ। ਗੱਲਬਾਤ ਇਸ ਲਈ ਕਿ ਅਕਾਲੀ ਖੁਦ ਸਭਿਆਚਾਰਕ ਨੁਮਾਇੰਦਿਆਂ ਵਜੋਂ ਵੱਡੇ ਬਹੁ-ਮੁਖੀ ਸਭਿਆਚਾਰ ਦਾ ਭਾਗ ਹਨ ਅਤੇ ਉਨ੍ਹਾਂ ਨੇ ਰਾਜ ਨੂੰ ਉਸ ਪ੍ਰਕਾਰ ਨਾਲ ਵਿਕਸਿਤ ਕਰਨਾ ਹੈ ਅਤੇ ਸਿਰਜਣਾਤਮਕ ਟਕਰਾਓ ਦਾ ਇਸ ਲਈ ਕਿ ਉਨ੍ਹਾਂ ਨੇ ਕੇਂਦਰ ਦੇ ਸੱਤਾਧਾਰੀ ਵਰਗ ਦੇ ਇਕ - ਮੁਖਵਾਦ ਨੂੰ ਲਗਾਤਾਰ ਅਸ੍ਵੀਕਾਰ ਕਰਨਾ ਹੈ ਅਤੇ "ਰਾਸ਼ਟਰਵਾਦ" ਦੇ ਪਿੱਛੇ ਲੁਕੀ ਸਭਿਆਚਾਰਕ ਪਛਾਣਾਂ ਦੀ ਕੀਮਤ ਉਤੇ ਸਿੱਧੀ ਮਾਰਕੀਟ ਕਾਇਮ ਕਰਨ ਦੀ ਨੀਤੀ ਨੂੰ ਛੁਟਿਆਉਣਾ ਹੈ।

ਸਿੱਧੇ ਅਤੇ ਬਿਨਾਂ ਸਮੱਸਿਆ ਵਾਲੇ ਇਕ-ਮੁਖੀ ਮਾਰਕੀਟ ਪ੍ਰਬੰਧ ਬਨਾਉਣੇ ਵਿਕਸਿਤ ਪੱਛਮੀ ਪੂੰਜੀਵਾਦੀ ਪ੍ਰਬੰਧ ਦੀ ਨਕਲ ਹੈ। ਸਾਡੇ ਸੱਤਾਧਾਰੀ ਵਰਗ ਦਾ ਇਸ ਪਾਸੇ ਆਕਰਸ਼ਿਤ ਹੋਣਾ ਸਮਝ ਆ ਸਕਦਾ ਹੈ ਪਰ ਮਾੜੀ ਗੱਲ ਇਹ ਹੈ ਕਿ ਸਾਡੀਆਂ ਕਮਿਊਨਿਸਟ ਪਾਰਟੀਆਂ ਨੇ ਵੀ ਅਜੇ ਬਹੁਮੁਖੀ ਸਭਿਆਚਾਰਾਂ ਅਤੇ ਉਨ੍ਹਾਂ ਦੀਆਂ ਪਛਾਣਾਂ ਨੂੰ ਕਾਇਮ ਰੱਖਣ ਵਾਲੇ ਰਾਸ਼ਟਰ ਬਾਰੇ ਅਜੇ ਆਪਣਾ ਕੋਈ ਸਿਧਾਂਤ ਨਹੀਂ ਦਿਤਾ। ਉਹ ਸਭਿਆਚਾਰਾਂ ਨੂੰ ਜਾਗੀਰਦਾਰੀ ਪ੍ਰਬੰਧ ਦਾ ਵਿਚਾਰਕ ਰਹਿੰਦ ਖੂੰਦ ਸਮਝ ਕੇ ਸੱਤਾਧਾਰੀ ਵਰਗ ਦੇ ਇਕ-ਮੁਖਵਾਦ ਦਾ ਹੀ ਪੱਖ ਪੂਰ ਰਹੇ ਹਨ। ਇਸ ਮੁਆਮਲੇ ਵਿਚ ਕਮਿਊਨਿਸਟ ਪਾਰਟੀਆਂ ਨੇ ਸੋਵੀਅਤ ਪ੍ਰਬੰਧ ਤੋਂ ਵੀ ਬਹੁਤਾ ਕੁਝ ਨਹੀਂ ਸਿੱਖਿਆ। ਸੋਵੀਅਤ ਯੂਨੀਅਨ ਨੇ ਪ੍ਰਾਂਤਕ ਸਭਿਆਚਾਰਾਂ ਨੂੰ ਜਿਸ ਮਾਣ, ਇਜ਼ਤ ਅਤੇ ਕ੍ਰਿਆਵੰਤ ਢੰਗ ਨਾ ਸਾਂਭਿਆ ਹੈ ਉਸ ਨਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਦਿਲਚਸਪੀ ਤੇ ਰੰਗੀਨੀ ਕਾਇਮ ਰਹੀ ਹੈ। ਇਸ ਨਾਲ ਸੋਸ਼ਲਿਜ਼ਮ ਨੂੰ ਇਕ-ਮੁਖੀ ਹੋਣ ਤੋਂ ਬਚਾਈ ਰੱਖਿਆ ਹੈ। ਵੱਧ ਇਹ ਕਿ ਇਨ੍ਹਾਂ ਸਭਿਆਚਾਰਾਂ ਦਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਚੇਤਨਤਾ ਨਾਲ ਕੋਈ ਵਿਰੋਧ ਨਹੀਂ ਬਣਿਆ। ਸਾਡੀਆਂ ਕਮਿਊਨਿਸਟ ਪਾਰਟੀਆਂ ਦਾ ਮਾਡਲ ਵਿਕਸਿਤ ਪੂੰਜੀਵਾਦ ਦੇ ਇਕ-ਮੁਖਵਾਦ ਵਾਲਾ ਹੈ — ਉਨ੍ਹਾਂ ਦਾ ਆਰਥਿਕ ਸਮਾਜਵਾਦ ਪੂੰਜੀਵਾਦੀ ਸ਼ੈਲੀ ਵਾਲੇ ਸਭਿਆਚਾਰਵਾਦ ਨਾਲ ਇਕਮਿਕ ਹੋ ਗਿਆ ਹੈ। ਭਾਵੇਂ ਕਾਂਗਰਸ(ਆਈ) ਅਤੇ ਭਾਰਤ ਦੀਆਂ ਲੈਫਟ ਪਾਰਟੀਆਂ ਇਕ ਦੂਜੇ ਦੀਆਂ ਵਿਰੋਧੀ ਹਨ, ਪਰ ਉਨ੍ਹਾਂ ਦਾ ਇਕ-ਮੁਖਵਾਦ ਪ੍ਰਤੀ ਸਾਂਝ ਰੱਖਣਾ ਬੜੀ ਵਚਿੱਤਰ ਗੱਲ ਹੈ।

ਅਕਾਲੀ ਸਰਕਾਰ ਇਤਿਹਾਸਕ ਤੌਰ 'ਤੇ ਇਕ ਬਹੁਮੁਖੀ ਸਭਿਆਚਾਰ ਨੂੰ ਉਸਾਰਨ ਦੇ ਵਧੇਰੇ ਸਮਰਥ ਹੈ। ਘੱਟੋ ਘੱਟ ਉਸ ਕੋਲ ਇਕ ਸਹਾਇਕ ਮਨ ਜ਼ਰੂਰ ਹੈ ਪਰ ਇਸ ਲਈ ਅਨਿਵਾਰਯ ਹੈ ਕਿ ਉਹ ਗੁਫਤਗੂ ਅਤੇ ਸਿਰਜਣਾਤਮਕ ਟਕਰਾਓ ਦੀ ਨੀਤੀ ਨੂੰ ਚੇਤੰਨ ਤੌਰ 'ਤੇ ਅਪਣਾਵੇ ਨਹੀਂ ਤਾਂ ਸੱਤਾਧਾਰੀ ਵਰਗ ਦੀ ਇਕ-ਮੁਖੀ ਸਭਿਆਚਾਰ ਉਸਾਰਨ ਦੀ ਬਹੁਪੱਖੀ ਨੀਤੀ ਅਕਾਲੀ ਸਰਕਾਰ ਅਤੇ ਉਸ ਦੀ ਸਭਿਆਚਾਰਕ ਪਛਾਣ ਨੂੰ ਹਜ਼ਮ ਕਰ ਲਵੇਗੀ। ਜੋ ਤਾਣਾ-ਪੇਟਾ ਹੁਣ ਬੁਣਿਆ ਜਾ ਰਿਹਾ ਹੈ ਉਹ ਇਕ ਅਜਿਹਾ ਨੈਟਵਰਕ ਹੈ ਜਿਸ ਵਿਚ ਨੱਥੀ ਹੋ ਜਾਣਾ ਬਿਨਾਂ ਚੇਤਨਤਾ ਤੋਂ ਬਿਲਕੁਲ ਸਹਿਜ ਦੀ ਗੱਲ ਹੈ। ਪਰ ਜੋ ਇਤਿਹਾਸਕ ਸੁਵਿਧਾ ਪ੍ਰਾਂਤਕ ਸਭਿਆਚਾਰ ਦੀ ਪਛਾਣ ਨਾਲ ਬਹੁਮੁਖੀ ਸਭਿਅਤਾ ਉਸਾਰਨ ਲਈ ਅਕਾਲੀ ਸਰਕਾਰ ਨੂੰ ਹਾਸਲ ਹੈ ਉਸ ਨੂੰ ਕੇਵਲ ਨਾਅਰਿਆਂ ਜਾਂ ਤੱਤਫੱਟ ਜਿਹੇ ਆਰਥਿਕ ਪਰੋਗਰਾਮਾਂ ਨਾਲ ਨਹੀਂ ਮੂਰਤੀਮਾਨ ਕੀਤਾ ਜਾ ਸਕਦਾ ਹੈ। ਉਸ ਲਈ ਕੁਝ ਸੰਸਥਕ ਸੰਗਠਨਾਂ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ।

ਸਭ ਤੋਂ ਪਹਿਲਾਂ ਵਿਦਿਅਕ ਪ੍ਰਬੰਧ ਨੂੰ ਨਵਾਂ ਸੰਗਠਨ ਦੇਣ ਦੀ ਲੋੜ ਹੈ। ਪ੍ਰਾਇਮਰੀ ਅਤੇ ਮਿਡਲ ਪੱਧਰ ਉਤੇ ਵਿਗਿਆਨਾਂ ਤੋਂ ਬਿਨਾਂ ਬਾਕੀ ਮਨੁੱਖਵਾਦੀ ਸ਼ਾਸ਼ਤਰਾਂ ਵਿਚ ਅਜਿਹੀਆਂ ਪਾਠ ਪੁਸਤਕਾਂ ਲਾਉਣੀਆਂ ਚਾਹੀਦੀਆਂ ਹਨ ਜੋ ਪੰਜਾਬੀ ਸਭਿਆਚਾਰ ਦਾ ਵਿਸ਼ਾਲ, ਖੁੱਲ੍ਹਾ ਅਤੇ ਬਾਕੀ ਸਭਿਆਚਾਰਾਂ ਵਲ ਸਹਿਯੋਗੀ ਅਤੇ ਸਹਿਕਾਰੀ ਸੁਰੂਪ ਪੇਸ਼ ਕਰੇ। ਇਹ ਪਾਠ ਪੁਸਤਕਾਂ ਇਸ ਤਰ੍ਹਾਂ ਲਿਖੀਆਂ ਜਾ ਸਕਦੀਆਂ ਹਨ ਕਿ ਪੰਜਾਬ ਦੇ ਲੋਕ ਸਾਹਿਤ, ਚਿੰਨ੍ਹਾਂ, ਰੀਤੀ ਰਿਵਾਜਾਂ ਰਾਹੀਂ ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਉਸਾਰਨ। ਪੰਜਾਬੀਆਂ ਦੇ ਜ਼ਿੰਦਗੀ ਅਤੇ ਮਨੁੱਖ ਪ੍ਰਤੀ ਨਾਇਕੀ ਅਤੇ ਮਾਨਵਵਾਦੀ ਵਿਸ਼ਵਾਸ਼ ਨੂੰ ਪੱਕਿਆਂ ਕਰਨ। ਜੇ ਪ੍ਰਾਂਤਕ ਸਭਿਆਚਾਰ ਵਿਚ ਸਥਿਤ ਅਤੇ ਸੁਸਥ ਮਨੁੱਖ ਪੈਦਾ ਕਰਨਾ ਹੈ ਤਾਂ ਇਸੇ ਪੱਧਰ ਉਤੇ ਹੀ ਹੋਵੇਗਾ।

ਇਸ ਪ੍ਰਯੋਜਨ ਲਈ — ਪੰਜਾਬੀ, ਗੁਰੂ ਨਾਨਕ ਦੇਵ ਅਤੇ ਪੰਜਾਬ - ਤਿੰਨੇ ਯੂਨੀਵਰਸਿਟੀਆਂ ਨੂੰ ਨਵੇਂ ਸਿਰਿਓਂ ਸੰਗਠਿਤ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਐਕਟਾਂ ਵਿਚ ਤੁਰਤ ਸੋਧ ਕਰਨ ਦੀ ਲੋੜ ਹੈ। ਇਨ੍ਹਾਂ ਲਈ ਇਹ ਜ਼ਰੂਰੀ ਬਣਾ ਦੇਣਾ ਚਾਹੀਦਾ ਹੈ ਕਿ ਇਹ ਆਪਣੇ ਸਮਾਜ ਸ਼ਾਸ਼ਤਰੀ ਅਤੇ ਮਨੁੱਖ ਸ਼ਾਸ਼ਤਰੀ ਕੋਰਸਾਂ ਵਿਚ ਪੰਜਾਬੀ ਸਭਿਆਚਾਰ ਦੇ ਵਿਲੱਖਣ ਅਤੇ ਖੁੱਲ੍ਹੇ ਰੂਪ ਬਾਰੇ ਚੇਤਨਤਾ ਪੈਦਾ ਕਰਨਾ। ਵਿਗਿਆਨ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਸਭਿਆਚਾਰਕ ਚੇਤਨਤਾ ਨਾਲ ਸਬੰਧਿਤ ਇਕ ਕੋਰਸ ਪਾਸ ਕਰਨਾ ਜ਼ਰੂਰੀ ਹੋਣਾ ਚਾਹੀਦਾ ਹੈ। ਸਭ ਅਧਿਆਪਕਾਂ ਲਈ ਵੀ ਇਸ ਚੇਤਨਤਾ ਵਾਲਾ ਯੋਗਦਾਨ ਕਿਸੇ ਨਾ ਕਿਸੇ ਰੂਪ ਵਿਚ ਲਾਜ਼ਮੀ ਹੋਣਾ ਚਾਹੀਦਾ ਹੈ। ਪੰਜਾਬੀ ਯੂਨੀਵਰਸਿਟੀ ਵਿਚ ਇਸ ਪਾਸੇ ਕੀਤੇ ਯਤਨ ਨੂੰ ਪਿਛਲੀ ਅਕਾਲੀ ਸਰਕਾਰ ਦੇ ਨਿਯੁਕਤ ਕੀਤੇ ਇਕ ਵਾਈਸ ਚਾਂਸਲਰ ਨੇ ਹੀ ਅਸਫਲ ਬਣਾ ਦਿਤਾ ਸੀ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਕਾਂਗਰਸ(ਆਈ) ਵਲੋਂ ਨਿਯੁਕਤ ਵਾਈਸ ਚਾਂਸਲਰਾਂ ਨੇ ਯੂਨੀਵਰਸਿਟੀਆਂ ਨੂੰ ਪੰਜਾਬੀ ਸਭਿਆਚਾਰ ਪ੍ਰਤੀ ਚੇਤਨਤਾ ਨਾਲ ਵਿਕਸਿਤ ਨਹੀਂ ਹੋਣ ਦਿਤਾ। ਸਗੋਂ ਕਿਹਾ ਜਾਂਦਾ ਹੈ ਕਿ ਕੁਝ ਕੇਂਦਰ ਕਾਂਗਰਸ ਮੰਤਰੀਆਂ ਤੇ ਆਪਣੇ ਪ੍ਰਾਂਤਕ ਕਾਂਗਰਸੀ ਲੀਡਰਾਂ ਤੋਂ ਫਾਇਦੇ ਉਠਾਉਣ ਲਈ ਉਨ੍ਹਾਂ ਦੇ ਆਖੇ ਬੇਸ਼ੁਮਾਰ ਅਜਿਹੇ ਫੈਸਲੇ ਕੀਤੇ ਹਨ ਜੋ ਪੰਜਾਬੀ ਸਭਿਆਚਾਰ ਵਿਰੋਧੀ ਹਨ। ਪੰਜਾਬੀ ਯੂਨੀਵਰਸਿਟੀ ਵਿਚ ਮਿਸਾਲ ਦੇ ਤੌਰ 'ਤੇ ਬਹੁਤ ਵੱਡੀਆਂ ਸੰਸਥਾਵਾਂ ਉਤੇ ਅਜਿਹੇ ਵਿਅਕਤੀ ਬਿਠਾ ਦਿਤੇ ਗਏ ਹਨ ਜੋ ਪੰਜਾਬੀ ਸਭਿਆਚਾਰ ਪ੍ਰਤੀ ਅਗਿਆਨੀ ਹੀ ਨਹੀਂ ਸਗੋਂ ਵਿਰੋਧੀ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਨਿਯੁਕਤੀਆਂ ਕਾਂਗਰਸੀ ਮੰਤਰੀਆਂ ਦੇ ਕਹਿਣ ਉਤੇ ਹੋਈਆਂ ਹਨ। ਪੰਜਾਬੀ ਯੂਨੀਵਰਸਿਟੀ ਜੋ ਮੁਖ ਤੌਰ 'ਤੇ ਪੰਜਾਬੀ ਸਭਿਆਚਾਰ ਦੀ ਵਿਆਖਿਆ, ਵਿਕਾਸ ਅਤੇ ਸਭਿਆਚਾਰ ਪ੍ਰਤੀ ਚੇਤਨ ਮਨੁੱਖ ਸਜਾਉਣ ਲਈ ਬਣਾਈ ਗਈ ਸੀ ਆਪਣਾ ਕਾਰਜ ਨਿਭਾਉਣ ਦੇ ਬਿਲਕੁਲ ਅਸਮਰਥ ਹੈ। ਇਸ ਨੂੰ ਜਿਸ ਤਰ੍ਹਾਂ ਕਾਂਗਰਸ ਸਰਕਾਰ ਦੇ ਨਿਯੁਕਤ ਵਾਈਸ ਚਾਂਸਲਰਾਂ ਨੇ ਵਿਗਾੜਿਆ ਹੈ ਉਸ ਦੀ ਪੜਤਾਲ ਲਈ ਇਕ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ।

ਪੰਜਾਬੀ ਸਭਿਆਚਾਰ ਕੇਵਲ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਭੰਗੜਾ, ਗਿੱਧਾ ਜਾਂ ਫੁਲਕਾਰੀ ਨਹੀਂ। ਇਸ ਪਿੱਛੇ ਕੰਮ ਕਰ ਰਹੀ ਇਕ ਚੇਤਨਤਾ ਹੈ ਜੋ ਥਿਰ ਵੀ ਹੈ ਅਤੇ ਸਥਿਰ ਵੀ, ਜੋ ਆਪਣੇ ਇਤਿਹਾਸ, ਭੂਗੋਲ ਅਤੇ ਭਾਸ਼ਾ ਨਾਲ ਸਬੰਧਤ ਇਕ ਖਾਸ ਵਿਧਾਨ ਨਾਲ ਜੁੜੀ ਹੋਈ ਹੈ। ਇਸ ਸਭਿਆਚਾਰ ਦੀ ਖਾਸੀਅਤ ਸੱਤਾ ਵਿਰੋਧ, ਲੁੱਟ - ਵਿਰੋਧ ਅਤੇ ਮਨੁੱਖੀ ਭਾਵਾਂ ਦਾ ਇਕ ਪ੍ਰਜ੍ਵਲਿਤ ਅਤੀ ਵਿਸਤ੍ਰਿਤ ਪ੍ਰਕਾਸ਼ ਕਰਨ ਵਿਚ ਹੈ। ਇਨ੍ਹਾਂ ਖਾਸੀਅਤਾਂ ਦਾ ਸਮਕਾਲੀ ਖੋਜ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕਰਨਾ ਅਤੇ ਇਸ ਨੂੰ ਅਜੋਕੇ ਪੰਜਾਬ ਵਿਚ

(ਬਾਕੀ ਪੰਨਾ 15 ਤੇ)

**South Side Drugs**
6647 Fraser Street
Vancouver, B.C.
321-4188

**Vicon Medic Pharmacy**
6407 Main Street
Vancouver, B.C.
324-3177

Guaranteed Competitive Prescription
Prices Prompt Services
FREE delivery for Prescription in Vancouver,
Richmond & Burnaby

ਅਸੀਂ ਡਾਕਟਰ ਵੱਲੋਂ ਲਿਖੀ ਹੋਈ ਦਵਾਈ ਦੀ ਘੱਟ ਤੋਂ ਘੱਟ ਕੀਮਤ ਚਾਰਜ ਕਰਦੇ ਹਾਂ ਅਤੇ ਅਸੀਂ ਵੈਨਕੂਵਰ, ਬਰਨਬੀ ਤੇ ਰਿਚਮੰਡ ਵਿਚ ਫਰੀ ਡਿਲਵਰੀ ਵੀ ਕਰ ਸਕਦੇ ਹਾਂ। ਸਾਡੀਆਂ ਕੀਮਤਾਂ ਇਕ ਵਾਰ ਆ ਕੇ ਅਜ਼ਮਾ ਕੇ ਦੇਖੋ।

**Woods Auto Body**
530 Victoria St. NEW WESTMINSTER, B.C.
Collision Repairs & Painting
14 Year's experienced persons



We Serve :
■ Free Fstimates ■ I.C.B.C. Claims ■ Rust Repairs
■ Glass installations
All work is guranteed
Come and see
more information : Call

Gurdip [Gordy] Mutti
Ph. Bus. 521-6730
Res. 521-2184

# ਖਾਲਸਾ ਕੌਣ?

**ਮੇਹਰ ਸਿੰਘ ਸੰਧੂ, ਵੈਨਕੂਵਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੀ ਬਾਣੀ ਅਨੁਸਾਰ :—

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ (ਪੰਨਾ 654)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ :—

ਜਾਗਤ ਜੋਤ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ ।
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੇ ।
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖ਼ਾਲਸ ਜਾਨੈ ।
(ਤੇਤੀ ਸਵੈਯੇ)

ਇਨ੍ਹਾਂ ਦੋਹਾਂ ਫਰਮਾਨਾਂ ਅਨੁਸਾਰ ਅਸਲ ਭਾਵ ਦਾ ਖਾਲਸਾ ਉਹ ਹੀ ਹੈ ਜੋ ਅੰਦਰਲੀ ਰਹਿਤ ਦੀ ਕਮਾਈ ਕਰਦਾ ਹੋਵੇ, ਅੰਦਰੋਂ ਖ਼ਾਲਸ ਹੋਵੇ ।

ਦਸਮ ਗ੍ਰੰਥ ਵਿਚ ਹਜ਼ਾਰੇ ਸ਼ਬਦਾਂ ਵਿਚ ਵੀ ਦਸਮੇਸ਼ ਜੀ ਨੇ ਉਪਦੇਸ਼ ਦਿਤਾ ਹੈ :—

ਰੇ ਮਨ ਐਸੋ ਕਰ ਸੰਨਯਾਸਾ, ਬਨ ਸੇ ਸਦਨ ਸਭੈ ਕਰ ਸਮਝਹ ਮਨ ਹੀ ਮਾਹਿ ਉਦਾਸਾ
ਜਤਾ ਕੀ ਜਟ ਜੋਗ ਕੋ ਮੰਜਨ, ਨਾਮ ਕੇ ਨਖਨ ਬਢਾਓ ।
ਗਾਯਾਨ ਗੁਰੂ ਆਤਮ ਉਪਦੇਸ਼ਹੁ, ਨਾਮ ਬਿਭੂਤ ਲਗਾਓ ।
ਅਲਪ ਅਹਾਰ ਸੁਲਪ ਸੀ ਨਿਦ੍ਰਾ, ਦਯਾ ਛਿਮਾ ਤਨ ਪ੍ਰੀਤਿ ।
ਸੀਲ ਸੰਤੋਖ ਸਦਾ ਨਿਰਬਾਹਬੋ, ਹ੍ਵੈਬੋ ਤ੍ਰਿਵਣਗੁ ਅਤੀਤ ।
ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸੋ ਲਾਵੈ ।
ਤਬਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹਿ ਪਾਵੈ ।

ਖਾਲਸੇ ਲਈ, ਇਨ੍ਹਾਂ ਤੋਂ ਅੱਡ ਹੋਰ ਵੀ ਕਈ ਰਹਿਤ-ਮਰਿਯਾਦਾਂ ਹਨ ਜੋ ਸਾਰੀਆਂ ਹੀ ਇਕ ਅੱਛੀ ਇਨਸਾਨੀਅਤ ਬਨਾਉਣ ਦੀਆਂ ਸੂਚਕ ਹਨ, ਕਿਸੇ ਗੁਆਂਢੀ ਨਾਲ ਵੈਰ ਭਾਵ ਪੈਦਾ ਕਰਨ ਵਾਲੀਆਂ ਨਹੀਂ ।

ਖਾਲਸੇ ਦੀ ਅਸਥਾਪਨਾਂ ਦੇ ਨਾਲ ਨਾਲ ਸਿੱਖ, ਸਹਿਜਧਾਰੀ ਰੂਪ ਵਿਚ, ਗੁਰੂਆਂ ਦੇ ਸਮੇਂ ਤੋਂ ਹੁਣ ਤਾਈਂ ਸਾਡੇ ਨਾਲੋਂ ਨਾਲ ਪੂਰਾ ਮਾਨ ਸਤਿਕਾਰ ਲੈਂਦੇ ਚਲੇ ਆ ਰਹੇ ਹਨ। ਇਸ ਪਰਪੱਟੀ ਨੂੰ ਜਿਉਂ ਦਾ ਤਿਉਂ ਰਖਣਾ, ਸਿੱਖੀ ਦੀ ਸ਼ਾਨ ਨੂੰ ਉਚਾ ਕਰਦਾ ਹੈ ।

ਖਾਲਸੇ ਦਾ ਜੋ ਵਤੀਰਾ, ਅਜ ਕੱਲ੍ਹ ਆਪਣੇ ਆਂਢ ਗੁਆਂਢ ਨਾਲ ਦਿਸ ਰਿਹਾ ਹੈ, ਉਹ ਭਿਆਨਕ ਅਤੇ ਡਰਾਉਣਾ ਹੈ। ਲੋਕਾਂ ਅੰਦਰ ਸਹਿਮ ਪੈਦਾ ਕਰਦਾ ਹੈ। ਇਸ ਦਿਸ਼ਾ ਬਾਰੇ ਡੂੰਘੀ ਵਿਚਾਰ ਕਰਨਾ ਅਤੇ ਇਸ ਹਾਲਤ ਨੂੰ ਬਦਲਨਾ, ਖਾਲਸੇ ਦਾ ਫਰਜ਼ ਬਣਦਾ ਹੈ ।

ਖਾਲਸੇ ਨੂੰ ਆਪਣੇ ਲਖਸ਼ ਭੁਲਣੇ ਨਹੀਂ ਚਾਹੀਦੇ, ਖਾਲਸਾ ਸਾਜਣ ਵਾਲੇ ਗੁਰੂ ਜੀ ਇਉਂ ਲਲਕਾਰ ਰਹੇ ਹਨ —

ਦੇਹਰਾ ਮਸੀਤ ਸੋਈ, ਪੂਜਾ ਔ ਨਮਾਜ਼ ਓਹੀ,
ਮਾਨਸ ਸਭੈ ਏਕ, ਪੈ ਅਨੇਕ ਕੋ ਪ੍ਰਭਾਵ ਹੈ ।
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਯਾਰੇ ਨਯਾਰੇ ਦੇਸਨ ਕੇ ਭੇਸ ਕੋ ਸੁਭਾਵ ਹੈ ।

ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖਾਕ, ਬਾਡ, ਆਤਸ਼ ਔ ਆਬ ਕੋ ਰਲਾਵ ਹੈ ।
ਅੱਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਭੈ ਏਕ ਹੀ ਬਨਾਵ ਹੈ ।
ਮਾਨੁਸ ਕੀ ਜਾਤਿ ਸਭੈ ਏਕ ਹੀ ਪਹਿਚਾਨਬੋ ।

ਖਾਲਸਾ ਖਾਸ ਕਾਹਵੈ ਸੋਈ,
ਜਾਂ ਕੈ ਹਿਰਦੇ ਭਰਮ ਨ ਹੋਈ ।
ਸੋ ਖਾਲਸਾ ਸਤਿਗੁਰੂ ਹਮਾਰਾ ।

ਕਈ ਪਰਚਾਰਕ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਫਰਮਾਨ ਕਹਿੰਦੇ ਹਨ ਇਹ ਵਾਕ "ਸ੍ਰੀ ਗੁਰੂ ਸੋਭਾ" ਗ੍ਰੰਥ ਵਿਚ ਹੈ ! ਕਵੀ ਸੈਨਾਪਤੀ ਜੋ ਦਸ਼ਮੇਸ਼ ਜੀ ਦਾ ਹਜ਼ੂਰੀ ਦਰਬਾਰੀ ਕਵੀ ਸੀ, ਉਸ ਨੇ ਇਹ ਗ੍ਰੰਥ 1768 ਬਿਕਰਮੀ ਵਿਚ ਲਿਖਿਆ !

ਜਿਸ ਤਰ੍ਹਾਂ ਭੌਗਵਾਂ ਪੈਹਿਣ ਕੇ ਸਾਧੂ ਲਾਲਚ ਕਰਦਾ ਸ਼ੋਭਦਾ ਨਹੀਂ, ਉਸੇ ਤਰ੍ਹਾਂ ਖਾਲਸਾ ਅਖਵਾ ਕੇ ਸਿੱਖ ਜ਼ੋਰ, ਧੱਕਾ ਜਾਂ ਨਿੰਦਿਆ ਕਰਦਾ ਫੱਬਦਾ ਨਹੀਂ ।

ਅੱਜ ਸਾਡਾ ਨਾਂ ਖਾਲਸਾ ਹੈ, ਪਰ ਉਦੋਂ ਸਾਡੀ ਸਿਫਤ ਖਾਲਸਾ ਸੀ !
(ਗੁਰਬਖਸ਼ ਸਿੰਘ ਪ੍ਰੀਤਲੜੀ)

# ਮਜ਼੍ਹਬਾਂ ਦੀ ਭਿੰਨਤਾ ਬਨਾਮ ਇਕਸੁਰਤਾ

**ਅਵਤਾਰ ਸਿੰਘ ਘੁੰਮਣ**

ਹਿੰਦੂ ਕਹਿਤ ਹੈਂ ਰਾਮ ਹਮਾਰਾ ਮੁਸਲ ਮਾਨ ਰਹਮਾਨਾ
ਆਪਸ ਮੇਂ ਦੋਊ ਲੜੇ ਮਰਤ ਹੈਂ ਮਰਮ ਕੋਊ ਨਹੀਂ ਜਾਨਾ ॥

ਕਬੀਰ ਸਾਹਿਬ ਦਾ ਇਹ ਸਲੋਕ ਮਜ਼੍ਹਬਾਂ ਦੇ ਇਤਿਹਾਸ ਵੱਲ ਸਾਡਾ ਧਿਆਨ ਖਿਚਦਾ ਹੈ । ਇਨ੍ਹਾਂ ਮਜ਼੍ਹਬਾਂ ਦੇ ਨਾਉਂ 'ਤੇ ਕਿਤਨੇ ਲੜਾਈ ਫਸਾਦ ਜਨਮੇ ਤੇ ਖੂਨ ਖਰਾਬੇ ਹੋਏ । ਕਿਤਨੇ ਬੱਚੇ ਯਤੀਮ ਹੋਏ, ਕਿਤਨੀਆਂ ਔਰਤਾਂ ਵਿਧਵਾ ਹੋ ਗਈਆਂ । ਫੇਰ ਵੀ ਇਹ ਮਜ਼੍ਹਬ ਦੇ ਸਹੀ ਪੈਰੋਕਾਰ ਆਪਣੇ ਆਪ ਨੂੰ ਮਜ਼੍ਹਬ ਦੇ ਸਹੀ ਰਖਵਾਲੇ ਸਮਝਦੇ ਹਨ । ਜੇਕਰ ਇਕ ਦੂਜੇ ਨੂੰ ਕਤਲ ਕਰਨ 'ਤੇ ਹੀ ਪ੍ਰਮਾਤਮਾ ਮਿਲ ਸਕਦਾ ਹੋਵੇ ਤਾਂ ਪ੍ਰਮਾਰਥੀ ਸੰਤਾਂ ਦੇ ਉਪਦੇਸ਼ਾਂ ਭਰੇ ਗ੍ਰੰਥਾਂ ਅਤੇ ਪੋਥੀਆਂ ਅੱਗੇ ਅਸੀਂ ਸਿਰ ਕਿਉਂ ਝੁਕਾਉਂਦੇ ਹਾਂ । ਕੀ ਉਨ੍ਹਾਂ ਗ੍ਰੰਥਾਂ ਅਤੇ ਪੋਥੀਆਂ ਵਿਚ ਇਸ ਪ੍ਰਕਾਰ ਦੇ ਹੀ ਉਪਦੇਸ਼ ਅੰਕਤ ਹਨ ? ਜੇ ਨਹੀਂ ਤਾਂ ਫਿਰ ਅਸੀਂ ਮੇਰ ਤੇਰ ਦੇ ਭੇਦ ਭਾਵ ਦਾ ਸ਼ਿਕਾਰ ਕਿਉਂ ਹੁੰਦੇ ਹਾਂ ? ਜੇਕਰ ਗਹੁ ਨਾਲ ਵਿਚਾਰ ਕੇ ਕਿਸੇ ਵੀ ਮਜ਼੍ਹਬ ਦਾ ਗ੍ਰੰਥ ਜਾਂ ਪਵਿੱਤਰ ਪੋਥੀ ਨੂੰ ਵਾਚਿਆ ਜਾਵੇ ਤਾਂ ਸਾਨੂੰ ਉਨ੍ਹਾਂ ਵਿਚ ਅੰਕਤ ਹਰ ਸ਼ਬਦ ਮੇਲ ਮਿਲਾਪ ਤੇ ਖਲਕਤ ਨਾਲ ਪਿਆਰ ਕਰਨ ਦਾ ਹੀ ਸੰਦੇਸ਼ ਦਿੰਦਾ ਹੈ । ਕਿਤੇ ਵੀ ਇਕ ਦੂਜੇ ਵਿਰੁਧ ਵੈਰ ਕਮਾਉਣ ਦਾ ਉਪਦੇਸ਼ ਨਹੀਂ ਹੈ। ਪਤਾ ਨਹੀਂ ਲੋਕੀਂ ਕਿਉਂ ਰਾਹੋਂ ਕੁਰਾਹੇ ਪਏ ਹੋਏ ਨੇ। ਸੁਜਾਖੇ ਅੰਨ੍ਹੀ ਗਲੀ ਦੇ ਪਾਂਧੀ ਕਿਵੇਂ ਬਣ ਜਾਂਦੇ ਨੇ ! ਬੜੀ ਹੀ ਹੈਰਾਨੀ ਵਾਲੀ ਗੱਲ ਹੈ। ਗੁਰੂ ਨਾਨਕ ਸਾਹਿਬ ਜੀ ਦਾ ਕਥਨ ਹੈ :—

ਜੀਅ ਜੰਤ ਸਭਿ ਤਿਸ ਦੇ ਸਭਨਾਂ ਕਾ ਸੋਈ ।
ਮੰਦਾ ਕਿਸਨੋ ਆਖੀਐ ਜੇ ਦੂਜਾ ਹੋਈ ।

ਇਹ ਕਥਨ 'ਏਕਸ ਪਿਤਾ ਏਕਸ ਕੇ ਹਮ ਬਾਰਕ' ਦੀ ਪ੍ਰੋੜ੍ਹਤਾ ਕਰਦਾ ਹੈ। ਇਸੇ ਪ੍ਰਕਾਰ ਇੰਜੀਲ ਵਿਚ ਵੀ ਲਿਖਿਆ ਹੈ ਕਿ :—

ਸੱਚਾ ਚਾਨਣ ਜਿਹੜਾ ਹਰੇਕ ਮਨੁੱਖ ਨੂੰ ਉਜਾਲਾ ਕਰਦਾ ਹੈ, ਉਹ ਜਗਤ ਵਿਚ ਸੀ ਤੇ ਜਗਤ ਉਸ ਵਿਚ ਸੀ ਅਤੇ ਜਗਤ ਉਸ ਤੋਂ ਰਚਿਆ ਗਿਆ ਪਰ ਜਗਤ ਨੇ ਉਸ ਨੂੰ ਨਾ ਪਛਾਤਾ (ਯੂਹੰਨਾ ੧.੯.੧੦)। ਇਸ ਕਥਨ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਸਾਰੇ ਜਗਤ ਦੀ ਰਚਨਾ ਕਰਨ ਵਾਲਾ ਇਹ ਹੈ ਤੇ ਸਾਰਾ ਜਗਤ ਉਸ ਦਾ ਹੀ ਰੂਪ ਹੈ । ਹੁਣ ਭਲਾ ਸੋਚੋ ਕਿ ਫਿਰ ਇਕ ਮਜ਼੍ਹਬ ਦੂਜੇ ਮਜ਼੍ਹਬ ਤੋਂ ਭਿੰਨ ਕਿੱਦਾਂ ਹੋਇਆ ? ਹਾਂ, ਇਹ ਤਾਂ ਏਨਾ ਕੇ ਹੀ ਅੰਦਰ ਦਸਦੇ ਹਨ ਜਿਵੇਂ ਨਿਸ਼ਾਨਾ ਸਭ ਦਾ ਇਕ ਹੋਵੇ ਅਤੇ ਤੀਰ ਅੰਦਾਜ਼ ਬਹੁਤ ਹੋਣ । ਮਤਲਬ ਜ਼ਾਹਿਰ ਹੈ ਕਿ ਮਜ਼੍ਹਬਾਂ ਦੇ ਰਸਤੇ ਭਾਵੇਂ ਅਲੱਗ ਅਲੱਗ ਹਨ ਪਰ ਮੰਜ਼ਲੇ - ਮਕਸੂਦ ਸਭ ਦਾ ਇਕ ਹੈ ਤੇ ਉਹ ਹੈ ਇਕ ਪ੍ਰਮਾਤਮਾ ਨੂੰ ਪਾਉਣਾ । ਫਿਰ ਆਪਸੀ ਵੈਰ ਵਿਰੋਧ ਕਿਉਂ ਹੋਇਆ ? ਕੋਈ ਹਿੰਦੂ ਹੋ ਕੇ ਭਗਤੀ ਕਰੇ ਜਾਂ ਕੋਈ ਸਿੱਖ, ਇਸਾਈ ਹੋ ਕੇ ਤਪੱਸਿਆ ਕਰੇ ਤਾਂ ਸਾਰੇ ਮਨੁੱਖਤਾ ਦੇ ਜਾਏ, ਭਿੰਨ ਭੇਦ ਵਾਲੀ ਜਾਂ ਦੂਈ ਦਵੈਤ ਵਾਲੀ ਤਾਂ ਕਹਾਦੀ ਮੁੱਕ ਹੀ ਜਾਂਦੀ ਹੈ ।

ਅਜ ਦੇ ਸਮੇਂ ਵਿਚ ਤਾਂ ਮਜ਼੍ਹਬ ਦਾ ਪਹਿਲਾ ਪ੍ਰਚਾਰ ਅਜਿਹਾ ਹੋਵੇ ਕਿ ਸਾਰੀ ਮਨੁੱਖਤਾ ਭੇਦ ਭਾਵਾਂ ਤੋਂ ਉਪਰ ਉਠ ਕੇ ਹੱਥ ਘੁਟਣੀ ਬਣ ਕੇ ਮਿਲ ਪਵੇ ਅਤੇ ਗਲਵੱਕੜੀ ਬਣ ਪ੍ਰੇਮ ਪਿਆਰ ਦੇ ਪੰਧ ਤੇ ਚਾਅ ਨਾਲ ਤੁਰਨ । ਫਿਰ ਸਮਾਜ ਵਿਚ ਚੁਫੇਰੇ ਠੰਢ ਦਾ ਵਾਤਾਵਰਣ ਪੈਦਾ ਜ਼ਰੂਰ ਹੋਏਗਾ ।

---

(ਪੰਨਾ 14 ਦੀ ਬਾਕੀ)

ਚੇਤਨਤਾ ਵਜੋਂ ਦੇਣਾ, ਪੰਜਾਬੀ ਯੂਨੀਵਰਸਿਟੀ ਦਾ ਕੰਮ ਸੀ ਜੋ ਅਜੇ ਤਕ ਇਸ ਨੇ ਆਰੰਭ ਨਹੀਂ ਕੀਤਾ ਅਤੇ ਨਾ ਇਥੇ ਇਹੋ ਜਿਹੇ ਵਿਦਵਾਨਾਂ ਨੂੰ ਜੋੜਨ ਦਾ ਕੋਈ ਸਾਹਸ ਕੀਤਾ ਹੈ। ਹੁਣ ਤਕ ਕੀਤੇ ਇੱਦਾ-ਦੁੱਕਾ ਜਤਨ ਤੋਂ ਬਿਨਾਂ ਬਾਕੀ ਨਿਰਦਿਸ਼ਾ ਅਤੇ ਨਿਗੁਣੇ ਹਨ ।

ਵਿਦਿਅਕ ਪ੍ਰਬੰਧ ਵਿਚ ਤਬਦੀਲੀਆਂ ਲਿਆਉਣ ਅਤੇ ਇਸ ਨੂੰ ਸਭਿਆਚਾਰ - ਚੇਤਨ ਬਨਾਉਣ ਦੇ ਨਾਲ ਅਕਾਲੀ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਆਰਥਿਕ ਢਾਂਚੇ ਵਿਚ ਤਬਦੀਲੀਆਂ ਲਿਆਵੇ। ਖੇਤੀਬਾੜੀ ਵਾਲਾ ਉਤਪਾਦਨ ਪ੍ਰਬੰਧ ਆਪਣਾ ਸਿਖਰ ਛੂਹਣ ਦੇ ਨੇੜੇ ਹੈ। ਧਨੀ ਕਿਸਾਨ ਤੋਂ ਬਿਨਾਂ ਛੋਟੇ ਜਾਂ ਮੱਧਲੇ ਕਿਸਾਨ ਲਈ ਖੇਤੀ ਵਿਚੋਂ ਜਿਊਣ ਸਾਧਨ ਪੈਦਾ ਕਰਨੇ ਔਖੇ ਹਨ । ਉਹ ਆਪਣੇ ਮੁੰਡੇ ਕੁੜੀਆਂ ਨੂੰ ਚੰਗੇ ਕਾਲਜਾਂ, ਸਕੂਲਾਂ ਵਿਚ ਨਹੀਂ ਭੇਜ ਸਕਦਾ। ਇਹ ਅਸੰਤੋਖ ਦੀ ਵੱਡੀ ਜੜ੍ਹ ਹੈ। ਖੇਤੀਬਾੜੀ ਨਾਲ ਸਬੰਧਤ ਸਨਅਤ ਪਿੰਡਾਂ ਵਿਚ ਲੱਗਣੀ ਚਾਹੀਦੀ ਹੈ । ਧਨ-ਸੰਕਟ ਵਿਚ ਗ੍ਰਸਿਤ ਪਰਵਾਰਾਂ ਦੇ ਬੱਚਿਆਂ ਨੂੰ ਉਚ-ਵਿਦਿਆ ਲਈ ਗਰਾਂਟਾਂ ਜਾਂ ਕਰਜ਼ੇ ਮਿਲਣੇ ਚਾਹੀਦੇ ਹਨ। ਪੰਜਾਬ ਦੇ ਉਚ ਸਿਖਿਅਤ ਨੌਜਵਾਨ ਵਰਗ ਲਈ ਹਾਈ-ਟੇਕ ਸਨਅਤ ਲਾਉਣ ਦੀ ਲੋੜ ਹੈ ਤਾਂ ਕਿ ਇਹ ਵਰਗ ਪੰਜਾਬ ਤੋਂ ਬਾਹਰ ਨਾ ਰਹੇ ਜਾਂ ਇਥੇ ਰਹਿ ਕੇ ਅਸੰਤੁਸ਼ਟ ਨਾ ਹੋਵੇ ।

ਪਰ ਵੱਧ ਧਿਆਨ ਦੀ ਗੱਲ ਇਹ ਹੈ ਕਿ ਸਨਅਤ ਦਾ ਵਿਕਾਸ, ਪੰਜਾਬ ਵਿਚ ਪੂੰਜੀਵਾਦੀ ਮਾਡਲ ਨਾਲ ਨਹੀਂ ਹੋਣਾ ਚਾਹੀਦਾ । ਪੰਜਾਬ ਦੇ ਇਤਿਹਾਸ ਅਤੇ ਖਾਸ ਤੌਰ 'ਤੇ ਸਿੱਖ ਪਰੰਪਰਾਂ ਨੂੰ ਸਾਹਮਣੇ ਰਖਿਆ ਜਾਵੇ ਤਾਂ ਇਹ ਸਮਝਣਾ ਔਖਾ ਨਹੀਂ ਕਿ ਜੋ ਨੌਜਵਾਨ ਵਰਗ ਇਸ ਪ੍ਰਥਾ ਵਿਚ ਪਲਿਆ ਹੈ ਉਸ ਨੂੰ ਅਜਿਹੀਆਂ ਪੂੰਜੀਵਾਦੀ ਸੰਸਥਾਵਾਂ ਵਿਚ ਢਾਲਣਾ ਔਖਾ ਹੈ ਜੋ ਪੂੰਜੀ ਇਕੋ ਵਰਗ ਨੂੰ ਦੇਣ ਅਤੇ ਬਾਕੀ ਕਿਰਤੀਆਂ ਨੂੰ ਕੇਵਲ "ਚਾਕਰ" ਵਾਲੇ ਦਰਜੇ ਉਤੇ ਰੱਖਣ । ਪੰਜਾਬ ਦੇ ਸਿੱਖ ਪਿਛੋਕੜ ਵਾਲੇ ਨੌਜਵਾਨ ਲਈ ਇਹ ਸੁਵੀਕਾਰ ਕਰਨਾ ਔਖਾ ਹੈ । ਇਸ ਨੌਜਵਾਨ ਨੂੰ ਮੁਖ ਧਾਰਾ ਵਿਚ ਤਾਂ ਹੀ ਲਿਆਂਦਾ ਜਾ ਸਕਦਾ ਹੈ ਜੇ ਪੰਜਾਬ ਵਿਚ ਸਨਅਤ ਦਾ ਸੰਗਠਨ ਕੁਝ ਸਮਾਜਵਾਦੀ ਢੰਗ ਨਾਲ ਕੀਤਾ ਜਾਵੇ । ਇਸ ਦਾ ਭਾਵ ਹੈ ਕਿ ਇਸ ਸੈਕਟਰ ਵਿਚ ਕੋਆਪ੍ਰੇਟਿਵ ਜਾਂ ਰਾਜ ਸੰਸਥਾਵਾਂ ਖੜ੍ਹੀਆਂ ਕੀਤੀਆਂ ਜਾਣ ਜਿਨ੍ਹਾਂ ਵਿਚ ਮਾਲਕ ਅਤੇ ਚਾਕਰ ਵਾਲਾ ਰਿਸ਼ਤਾ ਨਾ ਹੋਵੇ । ਕਾਮਿਆਂ ਨੂੰ ਸਨਅਤ ਚਲਾਉਣ, ਇਸ ਦੇ ਹਿਤਾਂ ਲਈ ਮੁਖ ਫੈਸਲੇ ਲੈਣ ਵਿਚ ਸ਼ਰੀਕ ਕੀਤਾ ਜਾਵੇ । ਜਦੋਂ ਕੇਂਦਰੀ ਸਰਕਾਰ ਪੂਰੀ ਤਰ੍ਹਾਂ ਪੱਛਮੀ ਸ਼ੈਲੀ ਵਾਲੇ ਪੂੰਜੀਵਾਦੀ ਵਿਕਾਸ ਨੂੰ ਉਤਸਾਹਿਤ ਕਰ ਰਹੀ ਹੋਵੇ ਪੰਜਾਬੀ ਲਈ ਅਜਿਹੀਆਂ ਸੰਗਠਨਾਵੀ ਤਬਦੀਲੀਆਂ ਲਿਆਉਣੀਆਂ ਵੱਡੀ ਸਮਸਿਆ ਬਣੇਗੀ। ਪਰ ਇਨ੍ਹਾਂ ਤੋਂ ਬਿਨਾਂ ਪੰਜਾਬ ਵਿਚ ਕੋਈ ਥਿਰ ਸ਼ਾਂਤੀ ਦੀ ਸੰਭਾਵਨਾ ਨਹੀਂ । ਜਿਸ "ਵੰਡ ਕੇ ਛਕਣ" ਅਤੇ "ਕਿਰਤ ਕਰਨ" ਦੀ ਪ੍ਰਥਾ ਸਿੱਖ-ਪ੍ਰੰਪਰਾ ਨੇ ਆਰੰਭ ਕੀਤੀ ਸੀ ਉਸ ਨੂੰ ਲਵੀ ਬਰਾਬਰੀ ਦੀ ਆਰਥਿਕਤਾ ਅਤੇ ਸੰਸਥਾਵਾਂ ਵਿਚ ਢਾਲਣ ਨਾਲ ਹੀ ਪੰਜਾਬ ਲਈ ਨਵਾਂ ਭਵਿੱਖ ਸਜ ਸਕਦਾ ਹੈ । ਜੇ ਅਕਾਲੀ ਸਰਕਾਰ ਪੰਜਾਬ ਦੀਆਂ ਵੱਖ ਵੱਖ ਸੰਸਥਾਵਾਂ ਨੂੰ ਨੀਮ-ਜਾਗੀਰਦਾਰੀ ਜਾਂ ਵਿਕਸਿਤ ਪੂੰਜੀਵਾਦੀ ਢਾਂਚੇ ਦੇ ਨੇੜੇ ਜਾਂ ਉਨ੍ਹਾਂ ਦੀ ਰਲ-ਗਡ ਵਜੋਂ ਰੱਖੇਗੀ ਤਾਂ ਨਾ ਉਹ ਕੋਈ ਸਿੱਖ-ਪਰੰਪਰਾ ਦਾ ਸਤਿਕਾਰ ਕਰ ਰਹੀ ਹੋਵੇਗੀ ਅਤੇ ਨਾ ਹੀ ਇਸ ਪਰੰਪਰਾ ਵਿਚ ਪਲੀ ਨਵੀਂ ਪੀੜ੍ਹੀ ਨੂੰ ਸੰਤੁਸ਼ਟ ਰੱਖਣ ਦਾ ਕੋਈ ਤਰੀਕਾ ਅਮਲ ਵਿਚ ਲਿਆ ਰਹੀ ਹੋਵੇਗੀ। ਇਹ ਜਤਨ ਕਰਨ ਲਈ ਅਕਾਲੀ ਸਰਕਾਰ ਨੂੰ ਸਲਾਹ ਵਾਸਤੇ ਇਕ ਅਜਿਹਾ ਕਮਿਸ਼ਨ ਮੁਕੱਰਰ ਕਰਨ ਦੀ ਲੋੜ ਹੈ ਜਿਸ ਵਿਚ ਸਭਿਆਚਾਰ, ਆਰਥਿਕਤਾ ਅਤੇ ਧਰਮ ਦੇ ਅਜਿਹੇ ਵਿਸ਼ੇਸ਼ੱਗ ਹੋਣ ਜਿਨ੍ਹਾਂ ਨੂੰ ਪੂਰਬੀ ਅਤੇ ਪੱਛਮੀ ਢਾਂਚਿਆਂ ਦਾ ਸਿੱਧਾ ਗਿਆਨ ਹੋਵੇ । ਇਸ ਮੁਆਮਲੇ ਵਿਚ ਅਕਾਲੀ ਸਰਕਾਰ ਨੂੰ ਦਲੇਰ ਹੋ ਕੇ ਫੈਸਲੇ ਲੈਣੇ ਚਾਹੀਦੇ ਹਨ ।


JOHAL'S COLLISION Ltd.



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਮਾਡਰਨ ਕੁਆਲਿਟੀ ਪੇਂਟਿਂਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

MERRY CHRISTMAS & HAPPY NEW YEAR

ALL TYPES OF BODY REPAIRS — FREE ESTIMATES —
ALL WORK CONDITIONALLY GUARANTEED

- CARS
- TRUCKS

Balbir or Paul
12051 - 86th Ave. SURREY
Ph. 591-8151

MERRY CHRISTMAS & HAPPY NEW YEAR

S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ । ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE
* FINANCING AVAILABLE
* SAFE DRIVING DISCOUNT (if eligible)

Ph. 324-5711



ਹਰਦੇਵ ਸਿੰਘ ਗਿੱਲ

324-5711

# ਧਰਮੀ ਰਾਜਨੀਤੀ

ਹਰਦਿਆਲ ਸਿੰਘ(ਜੌਹਲ), ਵੈਨਕੂਵਰ

ਸਿੱਖ ਧਰਮ ਵਿਚ 'ਧਰਮ ਅਤੇ ਰਾਜਨੀਤੀ' ਇਕੱਠੀ ਹੈ। ਇਸ ਦਾ ਭਾਵ ਇਹ ਨਹੀਂ ਕਿ ਰਾਜਨੀਤੀ ਦੀ ਖਾਤਰ ਧਰਮ ਕੁਰਬਾਨ ਕਰ ਦਿਤਾ ਜਾਵੇ (ਜਿਵੇਂ ਕਿ ਜ਼ਿਆਦਾ ਸਮਝਿਆ ਅਤੇ ਕੀਤਾ ਜਾਂਦਾ ਹੈ) ਸਗੋਂ ਰਾਜਨੀਤੀ ਨੂੰ ਧਰਮ ਅਨੁਸਾਰ ਚਲਾਇਆ ਜਾਵੇ। ਝੂਠ ਬੋਲਕੇ, ਲੋਕਾਂ ਨੂੰ ਧੋਖਾ ਦੇ ਕੇ, ਆਪਦੇ ਖਿਆਲਾਂ ਦਾ ਪਰਚਾਰ ਕਰਨਾ ਅਤੇ ਆਪਣਾ ਸਵਾਰਥ ਪੂਰਾ ਕਰਨਾ ਬਹੁਤ ਹੀ ਘਟੀਆ ਕਿਸਮ ਦੀ ਰਾਜਨੀਤੀ ਹੈ। ਸਿੱਖ ਧਰਮ ਇਸ ਤਰ੍ਹਾਂ ਦੀ ਰਾਜਨੀਤੀ ਵਿਚ ਵਿਸ਼ਵਾਸ਼ ਨਹੀਂ ਰੱਖਦਾ ਕਿ ਆਪਦਾ ਮਾੜਾ ਵੀ ਚੰਗਾ ਹੈ ਅਤੇ ਦੂਸਰੇ ਦਾ ਚੰਗਾ ਵੀ ਮਾੜਾ। ਧਰਮ ਦੀ ਚੜ੍ਹਦੀ ਕਲਾ ਲਈ ਸਿਆਸਤ ਦੇ ਮੈਦਾਨ ਵਿਚ ਆਉਣਾ ਫਰਜ਼ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਦੀ ਆਤਮ ਕਥਾ ਲਿਖਦੇ ਲਿਖਿਆ ਹੈ :—

ਅਕਾਲ ਪੁਰਖ ਬਾਚ (ਚੌਪਈ)
"ਮੈਂ ਅਪਨਾ ਸੁਤ ਤੁਹਿ ਨਿਵਾਜਾ ॥
ਜਾਹ ਤਹਾ ਤੈ ਧਰਮੁ ਚਲਾਇ ॥
ਪੰਥ ਪ੍ਰਚੁਰ ਕਰਬੇ ਕਉ ਸਾਜਾ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥"

ਧਰਮ ਦੀ ਚੜ੍ਹਦੀ ਕਲਾ ਕਰਨੀ ਹੈ, ਭੈੜੇ ਕੰਮਾਂ ਤੋਂ ਲੋਕਾਂ ਨੂੰ ਹਟਾਉਣਾ ਹੈ ਭੈੜੇ ਕੰਮ ਰਿਸ਼ਤੇ ਵਿਚ ਆਪਦੇ ਵੀ ਕਰ ਸਕਦੇ ਹਨ ਤਾਂ ਉਨ੍ਹਾਂ ਨੂੰ ਹਟਾਉਣਾ ਹੈ। ਵਾਹਿਗੁਰੂ ਜੀ ਤੋਂ ਬਰ ਮੰਗਣਾ ਹੈ ਤਾਂ ਕੀ ਮੰਗਣਾ ਹੈ :— "ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋ ਤਊ ਸਾਚ ਪਤੀਜੈ॥ ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ ॥"

ਧਰਮ ਦੀ ਸਰਪ੍ਰਸਤੀ ਹੇਠਾਂ ਕੀਤੇ ਰਾਜ ਪ੍ਰਬੰਧ ਨੂੰ ਹੀ ਧਰਮੀ ਰਾਜਨੀਤੀ ਕਿਹਾ ਜਾ ਸਕਦਾ ਹੈ। ਹੁਣ ਵਿਚਾਰ ਹੈ ਕਿ ਧਰਮ ਨਾਲ ਕਿਸ ਤਰ੍ਹਾਂ ਪ੍ਰਬੰਧ ਚਲੇ :— ਰਹਿਤ ਨਾਮਿਆਂ ਵਿਚ ਸਾਫ ਸਾਫ ਲਿਖਿਆ ਹੈ :—

"ਖ਼ਲਕ ਖ਼ਾਲਿਕ ਕੀ ਜਾਨ ਕੈ, ਖ਼ਲਕ ਦੁਖਾਵੈ ਨਾਹਿ ॥
ਖ਼ਲਕ ਦੁਖੇ ਜੋ ਨੰਦ ਜੀ, ਖ਼ਾਲਿਕ ਕੋਪੈ ਤਾਹਿ ॥
ਜਗਤ ਮਾਂਹਿ, ਹੈ ਪੰਥ ਸੁ ਜੇਤੇ। ਕਰੇ ਨਿੰਦ ਨਹਿ ਕਬਹੂੰ ਤੇਤੇ।
ਵੱਢੀ ਲੇ ਕਰ ਨਿਆਇ ਨ ਕਰੀਏ। ਝੂਠੀ ਸਾਖਾ ਕਬਹੂੰ ਨ ਭਰੀਏ
ਧਨ ਕੀਰਤਿ, ਸੁਖ ਰਾਜ ਬਡਾਈ। ਯੁਵਤੀ, ਸੁਤ, ਵਿਦਿਆ ਬਹੁ ਭਾਈ।
ਏ ਸਭ ਦਾਤ ਗੁਰੂ ਕੀ ਜਾਨੈ। ਤਾਂ ਤੇ ਨਹਿ ਅਭਿਮਾਨਹਿ ਠਾਨੈ।"

ਇਸ ਤਰ੍ਹਾਂ ਦੇ ਚਲਨ ਚਲਣ ਨੂੰ ਹੀ ਧਰਮੀ ਰਾਜਨੀਤੀ ਕਿਹਾ ਜਾ ਸਕੇਗਾ ਅਜਕੱਲ੍ਹ ਰਾਜਨੀਤੀ ਦੇ ਖਿਡਾਰੀਆਂ ਨੇ ਰਾਜਨੀਤੀ ਨੂੰ ਬਹੁਤ ਬਦਨਾਮ ਕਰ ਦਿਤਾ ਹੈ। ਹਲਾਤ ਐਸੇ ਪੈਦਾ ਕੀਤੇ ਜਾ ਚੁੱਕੇ ਹਨ ਕਿ ਰਾਜਨੀਤੀ ਦੇ ਮੈਦਾਨ ਵਿਚ ਉਹ ਹੀ ਲੋਕ ਆਉਂਦੇ ਹਨ ਜਾਂ ਆਉਣ ਦਿਤੇ ਜਾਂਦੇ ਹਨ ਜਿਨ੍ਹਾਂ ਦਾ ਨਿਸ਼ਾਨਾ ਸੁਆਰਥ ਹੁੰਦਾ ਹੈ, ਸੇਵਾ ਨਹੀਂ। ਰਾਜਨੀਤੀ ਦੇ ਰਸਤੇ ਲੋਕਾਂ ਦੇ ਛੋਟੇ ਇਕੱਠ ਤੋਂ ਲੈ ਕੇ ਵੱਡੇ ਇਕੱਠ ਅਤੇ ਦੇਸ਼ਾਂ ਦੀ ਰਾਜ ਸੀ ਤਾਕਤ ਹਾਸਲ ਕੀਤੀ ਜਾਂਦੀ ਹੈ ਅਤੇ ਫੇਰ ਉਸ ਤਾਕਤ ਨਾਲ ਆਪਦੀ ਚੌਧਰ, ਧਨ, ਆਪਦਾ ਅਸਰ ਰਸੂਖ, ਇੱਜ਼ਤ ਅਤੇ ਹੋਰ ਤਰ੍ਹਾਂ ਦਾ ਆਪਦਾ ਅਤੇ ਆਪਦੀ ਪਾਰਟੀ ਦੇ ਬੰਦਿਆਂ ਦਾ ਸੁਆਰਥ ਪੂਰਾ ਕੀਤਾ ਜਾ ਸਕਦਾ ਹੈ। ਪਰ ਇਸ ਤਰ੍ਹਾਂ ਦੀ ਤਾਕਤ ਹਾਸਲ ਕਰਨ ਲਈ ਬਹੁਤ ਜੱਦੋ-ਜਹਿਦ ਕਰਨੀ ਪੈਂਦੀ ਹੈ,। ਆਪਾਂ ਲੀਡਰਾਂ ਨੂੰ ਦੇਖਦੇ ਹੀ ਹਾਂ ਕਿ ਕਿਸ ਤਰ੍ਹਾਂ ਪੈਂਤੜੇ ਬਦਲਦੇ ਹਨ ਰੋਜ਼ਾਨਾ ਹੇਰਾ ਫੇਰੀਆਂ, ਝੂਠ, ਬੇਈਮਾਨੀ ਦੇ ਨਿਤ ਨਵੇਂ ਦਾਉ ਪੇਚ ਖੁਲ੍ਹੇ ਤੌਰ ਤੇ ਵਰਤੇ ਜਾਂਦੇ ਹਨ। ਹਾਲਤ ਇਹ ਹਨ ਕਿ ਇਨ੍ਹਾਂ ਕੰਮਾਂ ਨੂੰ ਅਜ ਕੱਲ੍ਹ ਮਾੜਾ ਵੀ ਨਹੀਂ ਸਮਝਿਆ ਜਾਂਦਾ।



ਸਚਾਈ, ਧਰਮ, ਦੇਸ਼ ਪਿਆਰ ਅਤੇ ਸੇਵਾ ਭਾਵ ਤਾਂ ਰਾਜਨੀਤੀ ਤੋਂ ਬਹੁਤ ਪਰੇ ਰਹਿੰਦਾ ਜਾ ਰਿਹਾ ਹੈ। ਜੇ ਕਰ ਕੁਝ ਲੋਕ ਆਪਣੇ ਸੁਆਰਥ ਤੋਂ ਉਪਰ ਉਠ ਕੇ ਅਗੇ ਆ ਕੇ ਕੰਮ ਕਰਦੇ ਵੀ ਹਨ ਤਾਂ ਉਨ੍ਹਾਂ ਨੂੰ ਆਪਣਾ ਧੜਾ ਪਿਆਰਾ ਹੁੰਦਾ ਹੈ।

ਲੋਕ ਭਲਾਈ ਅਤੇ ਧਰਮ ਨੂੰ ਛੱਡ ਕੇ ਧੜੇ ਨਾਲ ਪਿਆਰ ਕਰਨ ਵਾਲਿਆਂ ਨੂੰ ਵਧੇਰੇ ਸਤਿਕਾਰ ਮਿਲਦਾ ਹੈ ਅਜ ਦੀ ਰਾਜਨੀਤੀ ਵਿਚ। ਜੇ ਕਰ ਕੋਈ ਵੀਰ ਆਪਦੀ ਜ਼ਮੀਰ ਦੀ ਆਵਾਜ਼ ਦੇ ਮਗਰ ਲਗ ਕੇ ਸਚਾਈ ਕਹਿੰਦਾ ਹੈ ਜਾਂ ਸਚਾਈ ਵਾਲੇ ਕੰਮ ਕਰਦਾ ਹੈ ਤਾਂ ਉਸ ਨੂੰ ਪਾਰਟੀ ਜ਼ਬਤ ਤੋੜਨ ਦੇ ਦੋਸ਼ ਵਿਚ ਡੰਨ ਦਿਤਾ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤਾਂ ਵਿਚ ਭਲੇ ਮਾਣਸ ਅਤੇ ਬੇਗਰਜ਼ ਸੱਚੇ ਬੰਦੇ ਲਾਂਭੇ ਹੋ ਜਾਂਦੇ ਹਨ ਜਾਂ ਲਾਂਭੇ ਕਰ ਦਿਤੇ ਜਾਂਦੇ ਹਨ ਅਤੇ ਰਾਜਸੀ ਮੈਦਾਨ ਵਿਚ ਫੇਰ ਘਟੀਆ ਕਿਸਮ ਦੇ ਸੁਆਰਥੀ ਲੋਕਾਂ ਦਾ ਜੱਫਾ ਵਧੇਰੇ ਪੱਕਾ ਹੋ ਜਾਂਦਾ ਹੈ। ਨਤੀਜਾ ਸਾਹਮਣੇ ਹੈ, ਦੁਨੀਆਂ ਵਾਹੋ ਦਾਹੀਂ ਆਪਦੀ ਬਰਬਾਦੀ, ਤਬਾਹੀ ਵੱਲ ਜਾ ਰਹੀ ਹੈ। ਇਹ ਮਸਲਾ ਕਿਸੇ ਇਕ ਛੋਟੀ ਇਕਾਈ, ਦਹਾਈ ਦਾ ਨਹੀਂ ਸਗੋਂ ਦੁਨੀਆਂ ਦੇ ਸਾਂਝੇ ਮਸਲੇ ਇਸ ਤਰ੍ਹਾਂ ਦੇ ਬਣ ਚੁਕੇ ਹਨ ਕਿ ਇਮਾਨਦਾਰੀ ਬਿਨਾਂ ਕੋਈ ਹੱਲ ਨਹੀਂ ਨਿਕਲ ਸਕਦਾ ਅਤੇ ਇਮਾਨਦਾਰੀ ਅਜ ਦੀ ਰਾਜਨੀਤੀ ਵਿਚੋਂ ਖਤਮ ਹੈ, ਨਤੀਜਾ ਤਬਾਹੀ ਸਾਹਮਣੇ ਹੈ।

ਇਸ ਅਧੋਗਤੀ ਵਿਚ ਦੁਨੀਆਂ ਲਈ ਠੀਕ ਇਕ ਹੀ ਰਸਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਨੂੰ ਅਪਣਾਇਆ ਜਾਵੇ। ਹੇਠ ਲਿਖੇ ਸ਼ਬਦਾਂ ਤੋਂ ਦੁਨੀਆਂ ਦੀ ਹਾਲਤ ਸਾਫ ਦਿਖਾਈ ਦੇ ਰਹੀ ਹੈ ਕਿ ਸਚੇ ਗੁਰੂ ਤੋਂ ਬਿਨਾਂ ਠੀਕ ਰਸਤੇ ਤੋਂ ਬਿਨਾਂ ਕੋਈ ਰਾਹ ਨਹੀਂ ਹੈ।

ਵਾਰ ੧, ਪਉੜੀ ੧੯

ਭਈ ਗਿਲਾਨਿ ਜਗਤ ਵਿਚ, ਚਾਰਿ ਵਰਨ ਆਸ੍ਰਮ ਉਪਾਏ। ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ। ਜੰਗਮ ਅਤੇ ਸਰੇਵੜੇ, ਦਗੇ ਦਿਗੰਬਰਿ ਵਾਦਿ ਕਰਾਏ। ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ। ਖਟਿ ਦਰਸਨ ਬਹੁ ਵੈਰਿ ਕਰਿ ਨਾਲ ਛਤੀਸਿ ਪਖੰਡ ਰਲਾਏ। ਤੰਤ ਮੰਤ ਰਾਸਾਇਣਾ, ਕਰਾਮਾਤਿ ਕਾਲਖਿ ਲਪਟਾਏ। ਇਕਸਿ ਤੇ ਬਹੁ ਰੂਪਿ ਕਰਿ, ਰੂਪ ਕਰੂਪੀ ਘਣੇ ਦਿਖਾਏ। ਕਲਿਜੁਗਿ ਅੰਦਰਿ ਭਰਮਿ ਭੁਲਾਏ। ।੧੯॥

ਵਾਰ ੧, ਪਉੜੀ ੩੦

ਕਲਿ ਆਈ ਕੁਤੇ ਮੁਹੀ ਖਾਜੇ ਹੋਆ-ਮੁਰਦਾਰ ਗੁਸਾਈ। ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ। ਪ ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸਤਿ ਮੁਖਹੁ ਆਲਾਈ। ਚੇਲੇ ਸਾਜ ਵਜਾਇਦੇ, ਨਚਨਿ ਗੁਰੂ ਬਹੁਤੁ ਬਿਧਿ ਭਾਈ। ਸੇਵਕ ਬੈਠਨਿ ਘਰਾ ਵਿਚਿ, ਗੁਰ ਉਠਿ ਘਰੀ ਤਿਨਾੜੇ ਜਾਈ। ਕਾਜੀ ਹੋਏ ਰਿਸਵਤੀ, ਵਢੀ ਲੈ ਕੇ ਹਕ ਗਵਾਈ। ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ। ਵਰਤਿਆ ਪਾਪ ਸਭਸ ਜਗ ਮਾਂਹੀ ॥੩੦॥

ਵਾਰ ੧, ਪਉੜੀ ੨੧

ਚਾਰਿ ਵਰਨ ਚਾਰਿ ਮਜਹਬਾ, ਜਗ ਵਿਚਿ ਹਿੰਦੂ ਮੁਸਲਮਾਣੇ। ਖੁਦੀ ਬਖੀਲਿ ਤਕਬਰੀ, ਖਿਚੋਤਾਣ ਕਰੇਨਿ ਧਿਡਾਣੇ। ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ। ਸੁੰਨਤਿ ਮੁਸਲਮਹਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ। ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੁਇ ਰਾਹ ਭੁਲਾਣੇ। ਬੇਦ ਕਤੇਬ ਭੁਲਾਇ ਕੈ, ਮੋਹੇ ਲਾਲਚ ਦੁਨੀ ਸੈਤਾਣੇ। ਸਚੁ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਹਮਣ। ਮਉਲਾਣੇ। ਸਿਰੋ ਨ ਮਿਟੇ ਆਵਣ ਜਾਣੇ ॥੨੧॥

ਵਾਰ ੧, ਪਾਉੜੀ ੨੦

ਬਹੁ ਵਾਟੀ ਜਗਿ ਚਲੀਆ, ਤਬ ਹੀ ਭਏ ਮੁਹੰਮਦਿ ਯਾਰਾ। "ਕਉਮਿ ਬਹਤਰਿ ਸੰਗਿ ਕਰਿ, ਬਹੁ ਬਿਧਿ ਵੈਰੁ ਵਿਰੋਧੁ ਪਸਾਰਾ। ਰੋਜੇ ਈਦ ਨਿਮਾਜਿ ਕਰਿ, ਕਰਮੀ ਬੰਦਿ ਕੀਆ ਸੰਸਾਰਾ। ਪੀਰ ਪੈਕੰਬਰ ਅਉਲੀਏ, ਗਉਸ ਕੁਤਬ ਬਹੁ ਭੇਖ ਸਵਾਰਾ। ਠਾਕੁਰ ਦੁਆਰੇ ਢਾਹਿ ਕੈ, ਤਿਹਿ ਠਉੜੀ ਮਾਸੀਤ ਉਸਾਰਾ। ਮਾਰਨਿ ਗਊ ਗਰੀਬ ਨੋ, ਧਰਤੀ ਉਪਰਿ ਪਾਪੁ ਬਿਥਾਰਾ। ਕਾਫਰ ਮੁਲਹਦ ਇਰਮਨੀ, ਰੂਮੀ ਜੰਗੀ ਦੁਸਮਨਿ ਦਾਰਾ। ਪਾਪੇ ਦਾ ਵਰਤਿਆ ਵਰਤਾਰਾ ॥੨੦॥

ਸਲੋਕ ਮ: ੧ (ਵਾਰ ਮਾਝ ਕੀ) (੧੪੫)

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥(੧੬)

ਅਸੂਲ ਤੋਂ ਬਿਨਾਂ ਕਦੇ ਵੀ ਚਲਿਆ ਨਹੀਂ ਜਾ ਸਕਦਾ। "ਲੀਹਾਂ ਅੰਦਰ ਚਲਣਾ, ਜਿਉਂ ਗਾਡੀ ਰਾਹੁ ॥ ਹੁਕਮਿ ਰਜਾਈਂ ਚਲਣਾ ਸਾਧ ਸੰਗਤਿ ਨਿਵਾਹੁ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਤੋਂ ਸਾਫ ਜ਼ਾਹਰ ਹੈ ਕਿ ਧਰਮ ਅਤੇ ਸਚੁ ਦੇ ਪ੍ਰਚਾਰ ਲਈ ਧਰਮੀ ਅਤੇ ਸਚੇ ਬੰਦੇ ਹੋਣੇ ਜ਼ਰੂਰੀ ਹਨ, ਜੋ ਆਪ ਕੁਮਾਈ ਕਰਕੇ ਦਿਖਾਉਣ ਨਾ ਕਿ ਕੇਵਲ ਗੱਲਾਂਬਾਤਾਂ ਹੀ ਕਰਨ। ਗੁਰੂ ਨਾਨਕ ਦੇਵ ਜੀ "ਜਪੁ ਜੀ ਸਾਹਿਬ" ਵਿਚ ਲਿਖਦੇ ਹਨ:—

"ਪੰਚੇ ਸੋਹਹਿ ਦਰਿ ਰਾਜਾਨੁ ॥'

ਭਾਵ ਰਾਜੁ ਦਰਬਾਰ ਦੇ ਕੰਮਾਂ ਵਿਚ ਕੇਵਲ ਸੰਤ (ਧਰਮੀ) ਲੋਕ ਹੀ ਸੋਹਣੇ ਲਗਦੇ ਹਨ। ਇਹ ਹੈ ਗੁਰੂ ਨਾਨਕ ਦੇਵ ਜੀ ਦੀ ਸਾਫ ਅਤੇ ਸਪੱਸ਼ਟ ਧਰਮੀ ਰਾਜਨੀਤੀ। ਆਉ ਜ਼ਰਾ ਆਪਾਂ ਉਸ ਸਮੇਂ ਉਪਰ ਝਾਤੀ ਮਾਰੀਏ ਜਦੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਬਾਬਰ ਨੇ ਹਿੰਦੁਸਤਾਨ ਉਪਰ ਹਮਲਾ ਕੀਤਾ ਅਤੇ ਹਿੰਦੁਸਤਾਨ ਵਿਚ ਬਹੁਤ ਭਾਰੀ ਰਾਜ ਪਲਟਾ ਆਇਆ ਤਾਂ ਗੁਰੂ ਜੀ ਨੇ ਕਿੰਨ੍ਹਾਂ

(ਬਾਕੀ ਪੰਨਾ ।7 ਤੇ)

ਤੁਹਾਡੇ ਵਿਚਾਰ

MERRY CHRISTMAS & HAPPY NEW YEAR MERRY

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

HAMILTON MORTUARY LTD.
5390 Fraser Street [at 38th Ave.]
VANCOUVER, B.C. V5W 2Z1
Phone: 324-3851

PROUD OF THE COMMUNITY
MERRY CHRISTMAS & HAPPY NEW YEAR

We Serve:
- Superb Facilities
- A Caring & helping staff.
- Across from the Vancouver Crematorium.
- Enquiries Welcome at any time.
- Saturday or evening services available.



JIM HOUSEMAN
Managing Director

Goyal Travels Inc.
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
Cheapest Fares to:
FIJI—INDIA—PAKISTAN—COLOMBO—NEPAL
IATA



MERRY CHRISTMAS & HAPPY NEW YEAR
THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

(ਪੰਨਾ 16 ਦੀ ਬਾਕੀ)

ਸਾਫ ਅਤੇ ਸਪੱਸ਼ਟ ਮੌਕੇ ਉਪਰ ਲੋਕਾਂ ਨੂੰ ਮੌਕੇ ਦੇ ਹਾਕਮਾਂ ਨੂੰ, ਹਮਲਾਵਰ ਨੂੰ ਇਥੋਂ ਤਕ ਕਿ ਪਰਮਾਤਮਾ ਨੂੰ ਵੀ ਕਿਹਾ :—

"ਖੁਰਾਸਾਨ ਖਸਮਾਨਾ ਕੀਆ, ਹਿਦੁਸਤਾਨ ਡਰਾਇਆ ॥ ਆਪੈ ਦੋਸ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦੁ ਨ ਆਇਆ ॥੧॥ ਕਰਤਾ ਤੂੰ ਸਭਨਾ ਕਾ ਸੋਈ। ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ ॥੧॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ, ਵੇਖੁ ਤੇਰੀ ਵਡਿਆਈ ॥੨॥ ਜੇ ਕੋ ਨਾਉ ਧਰਾਏ ਵਡਾ, ਸਾਦ ਕਰੁ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ, ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ, ਨਾਨਕ ਨਾਮੁ ਖਵਾਣੇ ॥੩॥੫॥੩੯॥

ਭਾਵ :— ਹੇ ਪਰਮਾਤਮਾ ਤੂੰ ਖੁਰਾਸਾਨ ਨੂੰ ਤਾਂ ਬਚਾ ਲਿਆ ਸੀ, ਪਰ ਹਿੰਦੁਸਤਾਨ ਨੂੰ ਡਰਾ ਦਿਤਾ ਹੈ। ਤੂੰ ਆਪ ਸਭ ਕੁਝ ਦਾ ਜ਼ਿਮੇਵਾਰ ਹੈਂ, ਪਰ ਆਪ ਦੋਸੀ ਨਾ ਬਣਿਆ, ਕਿਉਂਕਿ ਮੁਗਲਾਂ ਨੂੰ ਜਮਾਂ ਦਾ ਰੂਪ ਦੇ ਕੇ ਸਾਡੇ ਉਪਰ ਹਮਲਾ ਕਰਵਾਇਆ। ਇੰਨੀ ਮਾਰ ਪਈ, ਲੋਕ ਕੁਰਲਾ ਉਠੇ ਕੀ ਤੈਨੂੰ ਦਰਦ ਨਹੀਂ ਆਇਆ ? ਹੇ ਪਰਮਾਤਮਾ ਤੂੰ ਸਾਰਿਆਂ ਦਾ ਮਾਲਕ ਹੈਂ। (ਜਿੰਨਾਂ ਮੁਗਲਾਂ ਦਾ ਹੈਂ ਉਨ੍ਹਾਂ ਹੀ ਹਿੰਦੂਆਂ ਦਾ ਵੀ) ਜੇ ਕਰ ਬਰਾਬਰ ਦੀ ਤਾਕਤ ਵਾਲਾ ਆਪਣੇ ਬਰਾਬਰ ਦੀ ਤਾਕਤ ਵਾਲੇ ਨੂੰ ਮਾਰਦਾ ਤਾਂ ਮੈਨੂੰ ਕੋਈ ਰੋਸ ਨਾ ਆਉਂਦਾ ਪਰ ਜੇ ਕਰ ਤਾਕਤ ਵਾਲਾ ਸ਼ੇਰ ਗਾਵਾਂ ਦੇ ਵੱਗ ਉਪਰ ਆ ਪਵੇ ਤਾਂ ਮਾਲਕ ਤੋਂ ਪੁਛ ਹੁੰਦੀ ਹੈ ਕਿ ਤੂੰ ਕਿੱਥੇ ਸੀ। ਇਨ੍ਹਾਂ ਕੁਤਿਆਂ ਨੇ ਹੀਰਿਆਂ ਵਰਗਿਆਂ ਆਦਮੀਆਂ ਨੂੰ ਮਿੱਟੀ ਵਿਚ ਰੋਲਿਆ ਹੈ, ਮਰਿਆਂ ਦੀ ਕੋਈ ਗਿਣਤੀ ਨਹੀਂ ਪਾ ਸਕਦਾ। ਇਹ ਜੋੜਨਾ ਅਤੇ ਵਿਛੋੜਨਾ ਤੂੰ ਆਪ ਹੀ ਕਰ ਰਿਹਾ ਹੈਂ, ਇਹ ਤੇਰਾ ਭਾਣਾ ਹੈ ਤੇ ਠੀਕ ਹੈ, ਸਗੋਂ ਇਹ ਤੇਰੀ ਵਡਿਆਈ ਹੈ। ਜੇ ਕਰ ਕੋਈ ਪੁਰਸ਼ ਵੱਡਾ ਬਣਿਆ ਫਿਰਦਾ ਰਹੇ, ਮਨ-ਭਾਉਂਦੇ ਖਾਣਿਆਂ ਦੇ ਸੁਆਦ ਮਾਣੇ। ਪ੍ਰਮਾਤਮਾ ਦੀ ਨਜ਼ਰ ਵਿਚ ਤਾਂ ਕੀੜਾ ਵੀ ਆ ਜਾਂਦਾ ਹੈ ਅਤੇ ਉਹ ਦਾਣੇ ਵੀ ਜਿਹੜੇ ਉਹ ਚੁਗਦਾ ਹੈ। (ਫਿਰ ਅਸਲ ਜੀਵਨ ਕੀ ਹੈ) ਜੀਵਤ ਭਾਵ ਤੋਂ ਮਰ ਕੇ ਜੋ ਅਸਲ ਜੀਵਨ ਜਿਉਂਦਾ ਹੈ, ਉਹੋ ਜੀਵਨ ਦੀ ਰਮਜ਼ ਲਭਦਾ ਹੈ, ਹੇ ਨਾਨਕ ਉਹ ਪ੍ਰਮਾਤਮਾ ਦਾ ਨਾਮ ਹੀ ਜਪਦਾ ਹੈ।

ਇਸ ਸ਼ਬਦ ਦਾ ਪਛੋਕੜ ਇਉਂ ਹੈ ਕਿ ਬਾਬਰ ਨੇ ਪਹਿਲਾਂ ਆਪਣੇ ਅਸਲੀ ਵਤਨ ਖੁਰਾਸਾਨ ਤੇ ਹਮਲਾ ਕੀਤਾ ਸੀ, ਪਰ ਉਥੋਂ ਨਿਰਾਸ਼ਾ ਮੁੜਿਆ ਅਤੇ ਕਮਜ਼ੋਰ ਹਿੰਦੁਸਤਾਨ ਉਪਰ ਚੜ੍ਹ ਆਇਆ। ਜਿਥੇ ਉਸ ਨੇ ਮੈਦਾਨ ਛੇਤੀ ਹੀ ਸਾਫ ਕਰ ਲਿਆ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਅਤਿਆਚਾਰਾਂ ਨੂੰ ਅੱਖੀਂ ਦੇਖਿਆ ਸੀ, ਇਹ ਸ਼ਬਦ ਉਨ੍ਹਾਂ ਦੇ ਦਿਲ ਦੀ ਦਰਦ ਭਰੀ ਪੁਕਾਰ ਸੀ। ਬਾਬਰ ਦੇ ਉਸ ਕੀਤੇ ਜ਼ੁਲਮ ਨੂੰ ਦੇਖ ਕੇ ਉਸ ਦੀ ਫੌਜ ਨੂੰ "ਪਾਪ ਕੀ ਜੰਞੁ ਲੈ ਕਾਬਲਹੁ ਧਾਇਆ" ਅਤੇ "ਰਤੁ ਕਾ ਕੁੰਗੂ ਪਾਇਆ ਵੇ ਲਾਲੋ" ਆਦਿ ਇਥੋਂ ਤਕ ਕਿ ਕੁੱਤੇ ਭੀ ਆਖਿਆ ਹੈ।

ਗੁਰੂ ਨਾਨਕ ਦੇਵ ਜੀ ਨਾ ਤਾਂ ਬਾਬਰ ਦੇ ਵਿਰੋਧੀ ਸਨ ਅਤੇ ਨਾ ਹੀ ਕਿਸੇ ਦੇਸ਼ ਦੇ ਵਿਰੋਧੀ ਸਨ। ਉਨ੍ਹਾਂ ਨੇ ਮੌਕੇ ਉਪਰ ਜੋ ਕੁਝ ਦੇਖਿਆ, ਸੱਚ ਸੱਚ ਬਿਆਨ ਕੀਤਾ। ਜੇਕਰ ਸੱਚ ਬੋਲਦਿਆਂ ਗੁਰੂ ਜੀ ਨੂੰ ਬਾਬਰ ਦੀ ਕੈਦ ਵਿਚ ਚੱਕੀ, ਚਲਾਉਣੀ ਪਈ, ਉਸਦਾ ਬੁਰਾ ਨਹੀਂ ਮਨਾਇਆ ਸਗੋਂ ਸਮੇਂ ਦੇ ਪੈਦਾ ਹੋਏ ਹਾਲਤਾਂ ਦਾ ਜ਼ਿੰਮੇਵਾਰ ਕੌਣ ਸੀ ਅਤੇ ਕਿਵੇਂ ਉਹ ਹਾਲਤ ਪੈਦਾ ਹੋਏ ਉਨ੍ਹਾਂ ਦਾ ਵਿਖਿਆਨ ਕੀਤਾ, ਜੋ ਹੁਣ ਸਾਡੇ ਲਈ ਅਗੇ ਵਾਸਤੇ ਰਸਤਾ ਹੈ :—

"ਇਕੁ ਲਖੁ ਲਹਨਿ ਬਹਿਠੀਆਂ, ਲਖੁ ਲਹਨਿ ਖੜੀਆਂ ॥
ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆਂ ॥
ਤਿਨ ਗਲਿ ਸਿਲਕਾ ਪਾਈਆਂ, ਤੁਟਨਿ ਮੋਤਸਰੀਆਂ ॥੩॥" ਅਤੇ
"ਅਗੋਦੇ ਜੇ ਚੇਤੀਐ, ਤਾ ਕਾਇਤ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ ॥
ਬਾਬਰ ਬਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
ਇਕਨਾ ਵਖਤ ਖੁਆਈਅਹਿ, ਇਕਨਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ, ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਿਣ ਨ ਮਿਲੈ ਖੁਦਾਇ ॥੬॥"

ਬਾਬਰ ਦੇ ਹਮਲੇ ਤੋਂ ਪਹਿਲਾਂ ਹਿੰਦੁਸਤਾਨ ਦੇ ਰਾਜੇ ਅਤੇ ਜੰਤਾ ਕੀ ਕਰਦੀ ਸੀ ਅਤੇ ਬਾਬਰ ਨੇ ਹਮਲਾ ਕਰਕੇ ਜਿੱਤ ਪ੍ਰਾਪਤ ਕਰਕੇ ਕੀ ਹਾਲਤ ਬਣਾ ਦਿਤੇ ? ਵੱਡਾ ਕਾਰਨ ਸੀ ਕਿ ਪ੍ਰਬੰਧਕ ਰੱਬ ਨੂੰ ਭੁਲ ਕੇ ਆਪਣੇ ਫਰਜ਼ਾਂ ਨੂੰ ਭੁਲ ਕੇ ਐਸ਼ੋ ਅਸ਼ਰਤ ਵਿਚ ਲਗੇ ਹੋਏ ਸਨ। "ਇਸੁ ਜ਼ਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ ॥"

ਗੁਰੂ ਜੀ ਨੇ ਬੀਮਾਰੀ ਦੀ ਠੀਕ ਜੜ੍ਹ ਫੜੀ ਅਤੇ ਉਸ ਦਾ ਠੀਕ ਇਲਾਜ ਦਸਿਆ। ਹੁਣ ਤਾਂ ਆਪਾ ਵਿਚਾਰਨਾ ਹੈ ਕਿ ਕੀ ਅਸੀਂ ਇਲਾਜ ਕਰਨਾ ਹੈ ਜਾਂ ਕਿ ਪਠਾਣਾਂ ਵਾਂਗੂੰ ਹੀ ਮਾਇਆ ਇਕੱਠੀ ਕਰਕੇ ਐਸ਼ੋ ਅਸ਼ਰਤ ਹੀ ਕਰਨੀ ਹੈ, ਜੰਤਾ ਦਾ ਭਲਾ ਨਹੀਂ ਕਰਨਾ, ਯੋਗ ਪ੍ਰਬੰਧ ਨਹੀਂ ਕਰਨੇ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਨੂੰ ਆਖਰੀ ਪਿਉਂਦ ਦਿਤੀ ਅਤੇ ਸਿੰਘ ਨੂੰ ਰਾਜਾ ਯੋਗੀ ਬਣਾਇਆ। ਭਿਖਾਰੀ ਨਹੀਂ ਦਾਤਾ ਬਣਾਇਆ। ਜਦੋਂ ਸਿੰਘ ਸੰਗਤਾਂ ਦੀ ਸੇਵਾ ਵਿਚ ਜੁਟਦਾ ਹੈ ਤਾਂ ਸੇਵਾ ਲਈ ਬਲ ਵਾਹਿਗੁਰੂ ਜੀ ਆਪ ਬਖਸ਼ਦੇ ਹਨ। ਪਰ ਜਦੋਂ ਸਿੰਘ ਕਿਸੇ ਇਕ ਗਰੁੱਪ ਜਾਂ ਧੜੇ ਦੇ ਅਸੂਲਾਂ ਲਈ ਧਰਮ ਦੇ ਨਾਮ ਥੱਲੇ ਕੁਝ ਕਰ ਰਿਹਾ ਹੁੰਦਾ ਹੈ ਤਾਂ ਉਸ ਨੂੰ ਭਿਖਾਰੀ ਬਣ ਕੇ ਕਿਸੇ ਧੜੇ ਤੋਂ ਹੀ ਮੰਗਣਾ ਪੈਂਦਾ ਹੈ। ਇਹ ਧਰਮੀ ਰਾਜਨੀਤੀ ਨਹੀਂ ਸਗੋਂ ਇਕ ਧੜਾ ਪਾਲੂ ਰਾਜਨੀਤੀ ਰਹਿ ਜਾਂਦੀ ਹੈ। ਜਿਸ ਨਾਲ ਕੌਮ ਦਾ ਕੁਝ ਨਹੀਂ ਸਵਾਰਿਆ ਜਾਂਦਾ ਸਗੋਂ ਇਕ ਧੜੇ ਨੂੰ ਮਜ਼ਬੂਤ ਕਰਕੇ ਕੌਮ ਦੇ ਸਿਰ ਉਪਰ ਮਜ਼ਬੂਰਨ ਠੋਸਿਆ ਜਾਂਦਾ ਹੈ, ਜੋ ਬਾਅਦ ਵਿਚ ਆਪਣੀ ਕੁਰਸੀ ਬਰ-ਕਰਾਰ ਰਖਣ ਲਈ ਕੌਮ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਆਪਣੇ ਸਵਾਰਥ ਪੂਰੇ ਕਰਦਾ ਰਹਿੰਦਾ ਹੈ।

ਅਸੀਂ ਦੁਨੀਆਂ ਵਿਚ ਕਿਸੇ ਮਨੁੱਖ ਨੂੰ ਦਾਅਵੇ ਨਾਲ ਪੂਰਨ ਨਹੀਂ ਕਹਿ ਸਕਦੇ। ਆਦਮੀ ਵਿਚ ਚੰਗਿਆਈਆਂ ਅਤੇ ਬੁਰਿਆਈਆਂ ਦਾ ਕੁਝ ਸੁਮੇਲ ਹੁੰਦਾ ਹੈ। ਜਦੋਂ ਚੰਗਿਆਈਆਂ ਵੱਧ ਹੋਣ ਤਾਂ ਆਦਮੀ ਦੇਖਣ ਨੂੰ ਚੰਗਾ ਲਗਣ ਲਗ ਜਾਂਦਾ ਹੈ ਪਰ ਇਹ ਨਹੀਂ ਚਾਹੀਦਾ ਕਿ ਉਸ ਦੀਆਂ ਬੁਰਿਆਈਆਂ ਨੂੰ ਵੀ ਅਪਨਾਉਣਾ ਸ਼ੁਰੂ ਕਰ ਦੇਵੋ, ਸਗੋਂ ਉਨ੍ਹਾਂ ਦਾ ਸੁਧਾਰ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ। ਸੱਚ ਨੂੰ ਸੱਚ ਕਹਿਣਾ ਅਤੇ ਉਸ ਦੀ ਹਮਾਇਤ ਕਰਨਾ ਹੀ ਧਰਮੀ ਰਾਜਨੀਤੀ ਹੈ। ਜਦੋਂ ਸ੍ਰੀ ਗੁਰੂ ਅਰਜਣ ਦੇਵ ਜੀ ਨੂੰ ਤੱਤੀਆਂ ਤਵੀਆਂ ਉਪਰ ਬਿਠਾ ਕੇ ਤਸੀਹੇ ਦਿਤੇ ਜਾ ਰਹੇ ਸਨ ਤਾਂ ਮੀਆਂ ਮੀਰ ਸਾਂਈ ਜੀ ਨੇ ਜ਼ਾਲਮਾਂ ਦੀ ਪਰਵਾਹ ਨਾ ਕਰਦੇ ਹੋਏ, ਗੁਰੂ ਜੀ ਉਪਰ ਕੀਤੇ ਜਾ ਰਹੇ ਜ਼ੁਲਮਾਂ ਦੀ ਨਿਖੇਧੀ ਕੀਤੀ ਅਤੇ ਗੁਰੂ ਜੀ ਦੇ ਸਟੈਂਡ ਦੀ ਹਮਾਇਤ ਕੀਤੀ।

ਸਭ ਜਾਣਦੇ ਹਨ ਕਿ ਔਰੰਗਜ਼ੇਬ ਨੇ ਕੀ ਕੀ ਜ਼ੁਲਮ ਗੁਰੂ ਸਾਹਿਬ ਜੀ ਦੇ ਪਰਵਾਰ ਉਤੇ ਕੀਤੇ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ, ਪਿਆਰੇ ਸਿੱਖਾਂ ਮਾਤਾ, ਪਿਤਾ ਨੂੰ ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਨੇ ਸ਼ਹੀਦ ਕੀਤਾ, ਪਰ ਮੌਕਾ ਆਉਣ ਤੇ ਔਰੰਗਜ਼ੇਬ ਦਾ ਪੁੱਤਰ ਬਹਾਦਰ ਸ਼ਾਹ ਜਦੋਂ ਆਪਦਾ ਹੱਕ ਲੈਣ ਲਈ ਘਰੇਲੂ ਖਾਨਾ ਜੰਗੀ ਵਿਚ ਲੜ ਰਿਹਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਆਗਰੇ ਤੋਂ ੨੫ ਮੀਲ ਦੀ ਦੂਰੀ ਤੇ ਹੋ ਰਹੀ ਲੜਾਈ ਵਿਚ ਬਹਾਦਰ ਸ਼ਾਹ ਦੀ ਮੱਦਦ ਲਈ ਭੇਜਿਆ। ਸਿੰਘਾਂ ਨੇ ਮੈਦਾਨ ਫਤਹਿ ਕੀਤਾ ਅਤੇ ਬਹਾਦਰ ਸ਼ਾਹ ਦਿੱਲੀ ਦੇ ਤਖਤ ਉਪਰ ਬੈਠਿਆ। ਗੁਰੂ ਜੀ ਨੇ ਸੱਚੇ ਹੱਕ ਦੀ ਹਮਾਇਤ ਕੀਤੀ, ਇਹ ਹੀ ਧਰਮੀ ਰਾਜਨੀਤੀ ਹੈ।

ਲੁਕ ਕੇ ਕਿਸੇ ਉਪਰ ਹਮਲਾ ਕਰਨਾ ਧਰਮੀ ਰਾਜਨੀਤੀ ਨਹੀਂ ਸਖਾਉਂਦੀ। ਜੇ ਕਰ ਜ਼ੁਲਮ, ਅਨਿਆਂ ਹੋ ਰਿਹਾ ਹੋਵੇ ਤਾਂ ਚੁਪ ਕਰਕੇ ਬੈਠਣਾ ਧਰਮੀ ਬੰਦਿਆਂ ਦਾ ਕੰਮ ਨਹੀਂ। ਗੁਰੂ ਜੀ ਵਲੋਂ ਦਿਤੇ ਨਾਮ ਦਾ ਸਿਮਰਨ ਕਰਕੇ ਮੌਤ ਦਾ ਡਰ ਉਨ੍ਹਾ ਧਰਮੀ ਸੰਤ ਪੁਰਸ਼ਾਂ ਵਿਚੋਂ ਖਤਮ ਹੋ ਚੁਕਾ ਹੁੰਦਾ ਹੈ। ਉਹ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਢੋਲ ਉਪਰ ਡੱਗਾ ਲਾ ਕੇ ਕਹਿ ਸਕਦੇ ਹਨ। ਇਹ ਕੁਦਰਤੀ ਹੈ ਕਿ "ਜੇ ਕੋਈ ਬੋਲੇ ਸੱਚ ਕੂੜਾ ਜਲ ਜਾਵਈ ॥" ਪਰ ਧਰਮ ਨੇ ਆਪਣਾ ਫਰਜ਼ ਪਾਲਣਾ ਹੈ। :—

"ਮਨ ਰੇ ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥ ਸੂਰ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥ ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥ ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥ ਕਹਿ ਕਬੀਰ ਰਾਜਾ ਰਾਮੁ ਨ ਛੋਡਉ, ਸਗਲ ਊਚ ਤੇ ਊਚਾ ॥੨॥੨॥੧੭॥੬੮॥"

ਕਿੰਨੀ ਉਤਮ ਅਤੇ ਪਰਤੱਖ ਫਿਲਾਸਫੀ ਦਿਤੀ ਹੈ ਗੁਰੂ ਸਾਹਿਬ ਜੀ ਨੇ, ਪਰ ਕਮਾਈ ਕਰਨੀ ਸੌਖੀ ਨਹੀਂ ਕਹਿਣਾ ਸੌਖਾ ਹੈ। ਧਰਮ ਦੀ ਉਸ ਮੰਜ਼ਲ ਤਕ ਪੁੱਜਣਾ ਅਤੇ ਇਸ ਫਲਾਸਫੀ ਦੇ ਤੱਤ ਨੂੰ ਸਮਝਣਾ ਸੌਖਾ ਨਹੀਂ, ਕਿ ਉਂਕਿ ਧਰਮੀ ਸਿਆਸਤ ਵਿਚ ਲੀਡਰ ਨੂੰ ਰਾਜ ਪ੍ਰਬੰਧ ਦਾ ਅਧਿਕਾਰ ਲੈਣ ਲਈ ਤੱਤੀ ਤਵੀ

(ਬਾਕੀ ਪੰਨਾ 31 ਤੇ)

TICKETS TO ANYWHERE

GABA TRAVELS

ਮੈਰੀ ਕ੍ਰਿਸਮਿਸ ਅਤੇ ਨਵਾਂ ਸਾਲ ਮੁਬਾਰਕ?

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

GABA TRAVELS

6612, MAIN ST. VANCOUVER, B. C.

Phone 324-3336

# 'ਸੁਨਹਿਰੀ ਗੁਲਾਬ ਸਿੰਘ ਨਾਲ ਖੁੱਲ੍ਹੀਆਂ ਗੱਲਾਂ'

**ਸ਼ੰਗਾਰਾ ਸਿੰਘ ਭੁੱਲਰ**

ਮਾਸਟਰ ਗੁਲਾਬ ਸਿੰਘ ਭਾਰਤ ਦਾ ਸੁਨਹਿਰੀ ਗੁਲਾਬ ਹੈ। ਉਨ੍ਹਾਂ ਨੇ ਬਜ਼ੁਰਗਾਂ ਦੀਆਂ ਖੇਡਾਂ ਵਿਚ ਬਹੁਤ ਮੱਲਾਂ ਮਾਰੀਆਂ ਹਨ। ਜਿੰਨੇ ਮੈਡਲ ਇਸ ਸੁਨਹਿਰੀ ਗੁਲਾਬ ਨੇ ਜਿੱਤੇ ਹਨ ਜੇ ਕਿਸੇ ਹੋਰ ਮੁਲਕ ਦੇ ਬਜ਼ੁਰਗ ਖਿਡਾਰੀ ਨੇ ਜਿੱਤੇ ਹੁੰਦੇ ਤਾਂ ਉਸ ਨੂੰ ਉਥੋਂ ਦੀ ਸਰਕਾਰ ਵਲੋਂ, ਲੋਕਾਂ ਵਲੋਂ ਉਸ ਨੂੰ ਅੱਖਾਂ 'ਤੇ 'ਬਿਠਾਇਆ ਜਾਂਦਾ'। ਉਸ ਦੀ ਪੰਡ ਡਾਲਰਾਂ ਦੀ ਪੈਨਸ਼ਨ ਲਾ ਦਿਤੀ ਜਾਂਦੀ ਪਰ ਇਕ ਸਾਡਾ ਮੁਲਕ ਹੈ ਕਿ ਇਥੋਂ ਦੀ ਸਰਕਾਰ ਉਸ ਨੂੰ ਰੱਜਵੀਂ ਰੋਟੀ ਦੇਣ ਲਈ ਵੀ ਤਿਆਰ ਨਹੀਂ।

ਮਾਸਟਰ ਗੁਲਾਬ ਸਿੰਘ ਹਰਿਆਣੇ ਦਾ ਵਾਸੀ ਹੈ ਅਤੇ ਮਾਮੂਲੀ ਜਿਹੀ ਪੈਨਸ਼ਨ 'ਤੇ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲ ਰਿਹਾ ਹੈ। ਕਿਸੇ ਅੱਗੇ ਹੱਥ ਅੱਡਣਾ ਉਹਦਾ ਸੁਭਾਅ ਨਹੀਂ। ਇਸ ਲਈ ਉਹ ਸਭ ਭੁੱਲ-ਭੁਲਾ ਕੇ ਆਪਣੀ ਪ੍ਰੈਕਟਿਸ ਵਿਚ ਮਸਤ ਹੈ। ਹਾਲੀ ਵੀ ਉਸ ਦੀ ਹੋਰ ਵਿਸ਼ਵ ਰਿਕਾਰਡ ਕਾਇਮ ਕਰਨ, ਹੋਰ ਗੋਲਡ ਮੈਡਲ ਜਿੱਤਣ ਤੇ ਮੁਲਕ ਦਾ ਨਾਂ ਉਚਾ ਕਰਨ ਦੀ ਰੀਝ ਉਸੇ ਤਰ੍ਹਾਂ ਕਾਇਮ ਹੈ।

ਕੁਝ ਮਹੀਨੇ ਪਹਿਲਾਂ ਜਦੋਂ ਇਹ "ਨੌਜਵਾਨ" ਖਿਡਾਰੀ ਚੰਡੀਗੜ੍ਹ ਆਪਣੇ ਕਿਸੇ ਕੰਮ ਆਏ ਤਾਂ ਉਨ੍ਹਾਂ ਨਾਲ ਨਰਿੰਦਰ ਸਿੰਘ ਦੇ ਘਰ ਮੁਲਾਕਾਤ ਹੋਈ ਸਿਰ ਤੋਂ ਲੈ ਕੇ ਪੈਰਾਂ ਤਕ ਸਫੈਦ ਲਿਬਾਸ। ਦਾੜ੍ਹੀ ਵੀ ਬਰਫ ਦੇ ਗੋਹੜਿਆਂ ਵਰਗੀ। ਉਚਾ ਲੰਬਾ, ਇਕਹਿਰਾ ਤੇ ਫੁਰਤੀਲਾ ਸਰੀਰ। ਤਾਂਬੇ ਰੰਗੀ ਭਾਅ ਮਾਰਦਾ ਚਿਹਰਾ, ਅੱਖਾਂ ਵਿਚ ਅਜੇ ਕਈ ਕੁਝ ਹੋਰ ਗੁਜ਼ਰਨ ਦੀ ਲਾਲਸਾ। ਜਦੋਂ 85 ਸਾਲਾਂ ਦੇ ਇਸ ਬਜ਼ੁਰਗ ਖਿਡਾਰੀ ਨੇ ਮੇਰੇ ਨਾਲ ਘੁੱਟ ਕੇ ਹੱਥ ਮਿਲਾਇਆ ਤਾਂ ਮੇਰੇ ਸਰੀਰ ਵਿਚ ਇਕ ਝੁਣਝੁਣੀ ਆ ਗਈ।

? ਤੁਸੀਂ ਬਚਪਨ ਤੋਂ ਹੀ ਖੇਡਾਂ ਵਿਚ ਹਿੱਸਾ ਲੈ ਰਹੇ ਹੋ ਜਾਂ ਸਿਰਫ ਕੁਝ ਵਰ੍ਹਿਆਂ ਤੋਂ?

— ਗੱਲ ਦਰਅਸਲ ਇਹ ਆ ਜੀ ਕਿ ਖੇਡਾਂ ਦਾ ਸ਼ੌਕ ਤਾਂ ਮੈਨੂੰ ਬਚਪਨ ਤੋਂ ਹੀ ਸੀ ਪਰ ਜਿੰਨੀ ਸ਼ੁਹਰਤ ਪਿਛਲੇ ਪੰਜ ਛੇ ਵਰ੍ਹਿਆਂ ਵਿਚ ਬਜ਼ੁਰਗਾਂ ਵਾਲੀਆਂ ਖੇਡਾਂ ਵਿਚ ਮਿਲੀ ਹੈ, ਓਨੀ ਪਹਿਲਾਂ ਕਦੇ ਨਹੀਂ ਹਾਲਾਂ ਕਿ ਫੌਜ ਵਿਚ ਨੌਕਰੀ ਕਰਦਿਆਂ ਵੀ ਮੈਂ ਖੇਡਾਂ ਸਹਾਰੇ ਕਈ ਇਕ ਪ੍ਰਾਪਤੀਆਂ ਕੀਤੀਆਂ ਹਨ, ਖਾਸ ਕਰ ਕੇ ਨੌਕਰੀ ਵਿਚ ਤਰੱਕੀ।

? ਇਹਦਾ ਮਤਲਬ ਤੁਸੀਂ ਕਿਸਾਨ ਯੁਵਕਾਂ ਵਾਂਗੂੰ ਅੱਠਵੀਂ ਦਸਵੀਂ ਵਿਚ ਹੀ ਫੌਜ ਦੀ ਨੌਕਰੀ ਕਰ ਲਈ?

— ਮੈਂ ਬਹੁਤਾ ਪੜ੍ਹ ਲਿਖ ਨਹੀਂ ਸਕਿਆ। ਉਸ ਦਾ ਵੱਡਾ ਕਾਰਨ ਇਹ ਸੀ ਕਿ ਉਦੋਂ ਸਾਡੇ ਇਲਾਕੇ ਵਿਚ ਦੂਰ-ਦੂਰ ਤਕ ਵੀ ਕੋਈ ਸਕੂਲ ਨਹੀਂ ਸੀ। ਇਹ ਗੱਲ 1910 ਦੀ ਹੈ। ਪਰ ਮੈਂ ਫਿਰਨ ਤੁਰਨ ਕਰਕੇ ਕਾਫੀ ਸੂਝਵਾਨ ਸਾਂ, ਇਸ ਲਈ ਵੀਹ ਸਾਲ ਦੀ ਉਮਰ ਵਿਚ ਬਰਮਾ ਫੌਜ ਵਿਚ ਭਰਤੀ ਹੋ ਗਿਆ। ਉਥੇ 21 ਸਾਲ



ਨੌਕਰੀ ਕਰ ਕੇ ਨਾਇਬ ਸੂਬੇਦਾਰ ਵਜੋਂ ਰੀਟਾਇਰ ਹੋਇਆ ਹਾਂ ਤੇ ਹੁਣ ਵੀ ਮੈਨੂੰ ਬਰਮੀ ਫੌਜੀ ਵਲੋਂ ਸਾਢੇ ਇਕਤਾਲੀ ਰੁਪਏ ਦੀ ਪੈਨਸ਼ਨ ਮਿਲਦੀ ਹੈ।

? ਇਸ ਹਿਸਾਬ ਤੁਹਾਡਾ ਜਨਮ ਵੀਹਵੀਂ ਸਦੀ ਦੇ ਸ਼ੁਰੂ ਦਾ ਹੈ?

— ਜੀ ਹਾਂ ਮੇਰਾ ਜਨਮ 13 ਅਕਤੂਬਰ 1905 ਨੂੰ ਹੋਇਆ, ਪਿੰਡ ਜਲਾਲਆਵਾ, ਤਹਿਸੀਲ ਸਰਸਾ, ਵਿਚ। ਇਸ ਵੇਲੇ ਮੈਂ ਡੱਬਵਾਲੀ ਰਹਿੰਦਾ ਹਾਂ

? ਤੁਹਾਨੂੰ ਖੇਡਾਂ ਦੀ ਪਰੇਰਨਾ ਕਿਥੋਂ ਮਿਲੀ?

— ਮੇਰੇ ਪਿਤਾ ਜੀ ਸ. ਆਲਾ ਸਿੰਘ ਤੋਂ। ਉਹ ਆਪਣੇ ਸਮੇਂ ਦੇ ਚੰਗੇ ਖਿਡਾਰੀ ਸਨ। ਉਸ ਵੇਲੇ ਕਿਉਂਕਿ ਰੇਲਾਂ ਤੇ ਬੱਸਾਂ ਬਹੁਤ ਘੱਟ ਹੁੰਦੀਆਂ ਸਨ, ਇਸ ਲਈ ਦੂਰ ਨੇੜੇ ਜਿਥੇ ਕਿਤੇ ਵੀ ਖੇਡਾਂ ਹੁੰਦੀਆਂ, ਮੇਰੇ ਪਿਤਾ ਮੈਨੂੰ ਆਪਣੇ ਮੋਢਿਆਂ 'ਤੇ ਚੁੱਕੇ ਕੇ ਉਥੇ ਲੈ ਜਾਂਦੇ। ਮੈਂ ਖੇਡਾਂ ਵਿਚ ਖਿਡਾਰੀਆਂ ਦੇ ਕਾਰਨਾਮੇ ਵੇਖ ਵੇਖ ਬੜਾ ਖੁਸ਼ ਹੁੰਦਾ ਸਾਂ ਤੇ ਕਦੀ ਕਦੀ ਮੈਨੂੰ ਵੀ ਜੋਸ਼ ਆਉਂਦਾ ਕਿ ਮੈਂ ਵੀ ਖੇਡਾਂ ਪਰ ਇਕ ਉਮਰ ਛੋਟੀ ਸੀ, ਦੂਸਰਾ ਕਿਸੇ ਸਕੂਲ ਵਿਚ ਪੜ੍ਹਨ ਦਾ ਮੌਕਾ ਨਾ ਮਿਲਣ ਕਰਕੇ ਮੇਰੇ ਖੇਡ ਸੁਪਨਿਆਂ ਨੂੰ ਉਦੋਂ ਹਕੀਕਤ ਦਾ ਰੰਗ ਨਹੀਂ ਸੀ ਚੜ੍ਹ ਸਕਿਆ।

? ਪਰ ਇਹ ਰੰਗ ਕਿਤੋਂ ਨਾ ਕਿਤੋਂ ਤਾਂ ਚੜ੍ਹਨਾਂ ਸ਼ੁਰੂ ਹੋਇਆ ਈ ਹੋਵੇਗਾ?

— ਜੀ! ਜਦੋਂ ਮੈਂ ਬਰਮਾ ਫੌਜ ਵਿਚ ਭਰਤੀ ਹੋਇਆ ਤਾਂ ਉਥੇ ਹੋਰ ਖਿਡਾਰੀਆਂ ਨੂੰ ਵੇਖ ਵੇਖ ਮੈਂ ਵੀ ਇਸ ਪਾਸੇ ਪੂਰਾ ਧਿਆਨ ਦੇਣਾ ਸ਼ੁਰੂ ਕੀਤਾ। ਇਕ ਅੰਗਰੇਜ਼ ਅਫਸਰ ਕਰਨਲ ਆਰ. ਐਨ. ਜੈਕਬ ਨੇ ਮੈਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ। ਉਹ ਖੁਦ ਬੜਾ ਅੱਛਾ ਐਥਲੀਟ ਸੀ ਤੇ ਕਦੀ ਕਦੀ ਉਹ ਮੈਨੂੰ ਵੀ ਐਥਲੈਟਿਕਸ ਦੇ ਢੰਗ ਤਰੀਕੇ ਸਿਖਾਉਂਦਾ।

? ਤੁਸੀਂ ਦੌੜਾਂ ਵੱਲ ਵਧੇਰੇ ਧਿਆਨ ਦਿਤਾ ਜਾਂ ਕਿਸੇ ਹੋਰ ਖੇਡ ਵੱਲ?

— ਕਰਨਲ ਜੈਕਬ ਦੇ ਕਹਿਣ 'ਤੇ ਮੈਂ ਹੋਰ ਸਭ ਪਾਸਿਓਂ ਹਟ ਕੇ ਪੂਰੀ ਤਰ੍ਹਾਂ ਐਥਲੈਟਿਕਸ ਵੱਲ ਰੁਚਿਤ ਹੋ ਗਿਆ। ਪਹਿਲਾਂ ਮੈਂ ਕਈ ਹੋਰ ਪਾਸਿਆਂ ਵੱਲ ਰੁਚਿਤ ਸਾਂ। ਐਥਲੈਟਿਕਸ ਵਿਚ ਵੀ ਮੈਂ ਉਚੀ ਛਾਲ, ਲੰਬੀ ਛਾਲ ਤੇ ਤੀਹਰੀ ਛਾਲ ਵੱਲ ਵਧੇਰੇ ਧਿਆਨ ਦਿੰਦਾ ਸਾਂ। ਇਸ ਦੇ ਨਾਲ ਹੀ 100, 200 ਤੇ 400 ਮੀਟਰ ਵੱਲ। ਫੌਜ ਦੇ ਵਰ੍ਹਿਆਂ ਦੌਰਾਨ ਮੈਂ ਇਨ੍ਹਾਂ ਖੇਡਾਂ ਵਿਚ ਸਾਲੋ ਸਾਲ ਕਈ ਰਿਕਾਰਡ ਰੱਖੇ। ਸੱਚ ਪੁੱਛੋ ਤਾਂ ਇਨ੍ਹਾਂ ਖੇਡਾਂ ਦੇ ਸਹਾਰੇ ਹੀ ਮੈਂ ਨਾਇਬ ਸੂਬੇਦਾਰ ਦੀ ਪਦਵੀ ਤਕ ਪਹੁੰਚਿਆ। ਨਹੀਂ ਤਾਂ ਫੌਜ ਵਿਚ ਅਨਪੜ੍ਹ ਬੰਦਾ ਸਿਪਾਹੀ ਭਰਤੀ ਹੋ ਕੇ ਸਿਪਾਹੀ ਹੀ ਰਿਟਾਇਰ ਹੋ ਜਾਂਦਾ ਹੈ। ਅੰਗਰੇਜ਼ ਸੱਚੀਂ ਖਿਡਾਰੀਆਂ ਦੀ ਬੜੀ ਕਦਰ ਕਰਦੇ ਸਨ।

? ਫੌਜੀਆਂ ਨੂੰ ਵਿਆਹ ਬੜਾ ਪਿਆਰਾ ਹੁੰਦਾ ਹੈ। ਤੁਸੀਂ ਇਸ ਸੂਤਰ ਵਿਚ ਕਦੋਂ ਬੱਝੇ?

— (ਬਜ਼ੁਰਗ ਖਿਡਾਰੀ ਦੇ ਚਿਹਰੇ ਉਤੇ ਰੌਣਕ ਦੀ ਥਾਂ ਘੜੀ ਦੀ ਘੜੀ ਪਲਿੱਤਣ ਛਾ ਗਈ ਜਿਸ ਉਤੇ ਉਨ੍ਹਾਂ ਨੇ ਕੁਝ ਪਲਾਂ ਪਿਛੋਂ ਕਾਬੂ ਪਾ ਲਿਆ) ਵਿਆਹ ਵੱਲ ਤਾਂ ਮੇਰਾ ਬਹੁਤ ਧਿਆਨ ਨਹੀਂ ਸੀ ਪਰ ਖੇਡਾਂ ਵਿਚ ਮੇਰਾ ਨਾਂ ਥਾਂ ਹੋਣ ਕਰਕੇ ਇਕ ਡਾਕਟਰ ਨੇ ਆਪਣੀ ਲੜਕੀ ਮੇਰੇ ਨਾਲ ਵਿਆਹ ਦਿਤੀ।

? ਇਹ ਕਦੋਂ ਦੀ ਗੱਲ ਹੈ?

— 1938 ਦੀ ਅਤੇ ਹਾਂ! ਇਹ ਮੇਰਾ ਪਹਿਲਾ ਵਿਆਹ ਸੀ। ਮੇਰੀ ਬੀਵੀ ਦਾ ਨਾ ਬਲਵੰਤ ਕੌਰ ਸੀ।

? ਕੀ ਤੁਸੀਂ ਕੋਈ ਹੋਰ ਵਿਆਹ ਵੀ ਕਰਵਾਇਆ?

— ਹਾਂ, ਗੱਲ ਦਰਅਸਲ ਇਹ ਹੋਈ ਕਿ ਮੇਰੇ ਪਹਿਲੇ ਵਿਆਹ ਵਿਚੋਂ ਮੇਰੇ ਘਰ ਦੋ ਲੜਕੀਆਂ ਅਤੇ ਚਾਰ ਲੜਕੇ ਹੋਏ। ਇਨ੍ਹਾਂ ਵਿਚੋਂ ਸਿਰਫ ਇਕ ਲੜਕੀ ਹੀ ਬਚ ਸਕੀ। ਉਸ ਦੀ ਸ਼ਾਦੀ ਪਿਛੋਂ ਜਦੋਂ ਮੈਂ ਇਕੱਲਾ ਰਹਿ ਗਿਆ ਤਾਂ ਘਰ ਦਿਆਂ ਨੇ ਇਹ ਸੋਚ ਕੇ ਜ਼ਬਰਦਸਤੀ ਮੇਰਾ ਦੂਸਰਾ ਵਿਆਹ 1963 ਵਿਚ ਕਰ ਦਿਤਾ ਕਿ ਸ਼ਾਇਦ ਇਸ ਪਰਿਵਾਰ ਦੀ ਜੜ੍ਹ ਲਗ ਜਾਵੇ। ਮੇਰੀ ਇਹ ਬੀਵੀ ਸੁਰਜੀਤ ਕੌਰ ਨੇਤਰਹੀਣ ਹੈ ਤੇ ਇਸ ਵੇਲੇ ਇਕ ਲੜਕੀ ਵਰਿੰਦਰ ਕੌਰ ਤੇ ਲੜਕਾ ਮਨਜੀਤ ਸਿੰਘ।

? ਵਿਆਹ ਤਾਂ ਬਜ਼ੁਰਗੋ ਇਕ ਹੀ ਮਾਣ ਨਹੀਂ ਪਰ ਤੁਸੀਂ ਦੋ ਕਰਵਾਏ। ਕੀ ਇਹ ਬੰਧਨ ਤੁਹਾਡੀਆਂ ਖੇਡ ਪ੍ਰਾਪਤੀਆਂ ਵਿਚ ਰੋੜਾ ਨਹੀਂ ਅਟਕਾਉਂਦੇ?

— ਨਹੀਂ! ਨਾ ਤਾਂ ਕਦੀ ਬਲਵੰਤ ਕੌਰ ਨੇ ਅਤੇ ਨਾ ਹੀ ਹੁਣ ਸੁਰਜੀਤ ਕੌਰ ਨੇ ਮੈਨੂੰ ਇਸ ਪਾਸਿਓਂ ਹਟਾਇਆ ਵਰਜਿਆ ਹੈ।

? ਤੁਹਾਡੇ ਪੁੱਤ ਧੀ ਖੇਡਾਂ ਵਿਚ ਹਿੱਸਾ ਲੈਂਦੇ ਹਨ?

— ਹਾਂ। ਮੇਰੀ ਲੜਕੀ ਸਕੂਲ ਪੱਧਰ ਦੀ ਅੱਛੀ ਖਿਡਾਰਨ ਰਹੀ ਹੈ ਤੇ ਹੁਣ ਪੀ. ਟੀ. ਟੀਚਰ ਲੱਗੀ ਹੋਈ ਹੈ। ਲੜਕਾ ਦਸਵੀਂ ਜਮਾਤ ਵਿਚ ਹੈ ਤੇ ਪੰਜਾਬ ਪੱਧਰ ਦਾ ਖਿਡਾਰੀ ਹੈ। ਉਸ ਦੀ ਵਧੇਰੇ ਰੁਚੀ ਹਾਕੀ ਤੇ ਡਿਸਕਸ ਥਰੋ ਵਿਚ ਹੈ।

(ਬਾਕੀ ਪੰਨਾ 19 ਤੇ)

WESTMINSTER
CHEVROLET OLDSMOBILE
"we run a very simple business"
Telephone (604) 521-7731

MERRY CHRISTMAS and HAPPY NEW YEAR



ਗੁਰਜੀਤ ਢੀਂਡਸਾ ਬਾਵਾ
ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਅਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ਼੍ਰੀਦਣ ਤੋਂ ਪਹਿਲਾਂ ਇਕ ਵਾਰੀ

ਗੁਰਜੀਤ ਬਾਵਾ ਨੂੰ ਮਿਲੋਂ

ਜਾਂ ਫੂਨ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ।



ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।

FOR YOUR NEXT USED OR NEW CAR,TRUCK, VAN OR
SPORTS CAR, PICK—UP AND OTHER AUTO—VEHICLES

Bus. 521-7731 Pager 687-1985 #5531

12th Street (at Queens Ave.) New Westminster, B.C.

(ਪੰਨਾ 18 ਦੀ ਬਾਕੀ)

? ਤੁਸੀਂ ਬਜ਼ੁਰਗਾਂ ਦੀਆਂ ਖੇਡਾਂ ਵੱਲ ਕਿਵੇਂ ਆਏ ?

— ਬਰਮਾ ਫੌਜ ਵਿਚੋਂ ਮੈਂ 1946 ਵਿਚ ਰਿਟਾਇਰ ਹੋਇਆ। ਉਸ ਪਿਛੋਂ ਮੰਡੀ ਡੱਬਵਾਲੀ ਵਿਖੇ ਇਕ ਸਰਕਾਰੀ ਸਕੂਲ ਵਿਚ ਸਾਢੇ ਤੇਹਰਾਂ ਵਰ੍ਹੇਂ ਪੀ. ਟੀ. ਅਧਿਆਪਕ ਲੱਗਾ ਰਿਹਾ। ਇਕ ਇਕ ਦੋ ਦੋ ਸਾਲ ਮੈਂ ਗੁਰੂ ਨਾਨਕ ਕਾਲਜ ਤੇ ਹਾਇਰ ਸੈਕੰਡਰੀ ਸਕੂਲ ਵਿਚ ਐਥਲੈਟਿਕ ਦਾ ਕੋਚ ਰਿਹਾ ਹਾਂ। 1975 ਤੋਂ ਲਗਭਗ ਪੂਰੀ ਤਰ੍ਹਾਂ ਰਿਟਾਇਰ ਹਾਂ, ਪਰ ਖੇਡਾਂ ਤੋਂ ਨਹੀਂ।

— ਇਹ ਗੱਲ ਸ਼ਾਇਦ 1981 ਦੀ ਹੈ। ਮੈਨੂੰ ਪਤਾ ਲੱਗਾ ਕਿ ਕਿਸੇ ਬਾਹਰਲੇ ਮੁਲਕ ਵਿਚ ਬਜ਼ੁਰਗਾਂ ਦੀਆਂ ਖੇਡਾਂ ਹੋ ਰਹੀਆਂ ਹਨ। ਮੈਂ ਕਿਉਂਕਿ ਬਚਪਨ ਤੋਂ ਲੈ ਕੇ ਖੇਡਾਂ ਨਾਲ ਸਬੰਧਤ ਰਿਹਾ ਹਾਂ। ਇਸ ਲਈ ਮੈਨੂੰ ਆਪਣੇ ਆਪ 'ਤੇ ਪੂਰਾ ਭਰੋਸਾ ਸੀ ਕਿ ਮੈਂ ਇਨ੍ਹਾਂ ਖੇਡਾਂ ਵਿਚ ਚੰਗੇ ਮਾਅਰਕੇ ਮਾਰ ਸਕਦਾ ਹਾਂ। ਮੇਰਾ ਇਹ ਭਰੋਸਾ ਇਸ ਕਰ ਕੇ ਵੀ ਪਰਪੱਕ ਸੀ ਕਿ ਮੇਰੀ ਉਮਰ ਦੇ ਬਹੁਤੇ ਆਦਮੀਆਂ ਤੋਂ ਗੋਡਿਆਂ ਤੋਂ ਉਠਿਆ ਨਹੀਂ ਜਾਂਦਾ ਅਤੇ ਇਕ ਮੈਂ ਹਾਂ ਕਿ ਮੈਨੂੰ ਕਈ ਚੰਗੇ ਤੋਂ ਚੰਗੇ ਦੌੜਾਕ ਵੀ ਠਿੱਬੀ ਨਹੀਂ ਲਾ ਸਕਦੇ। ਪੰਜਾਬ ਦੇ ਖੇਡ ਵਿਭਾਗ ਨੇ ਇਸ ਲਈ ਅਰਜ਼ੀਆਂ ਮੰਗੀਆਂ। ਦੱਸਿਆ ਗਿਆ ਕਿ ਇਹ ਖੇਡਾਂ ਨਿਊਜ਼ੀਲੈਂਡ ਵਿਚ ਹੋਣੀਆਂ ਸਨ। ਇਸ ਤੋਂ ਪਹਿਲਾਂ ਬਜ਼ੁਰਗਾਂ ਦੀਆਂ ਖੇਡਾਂ ਦੇ ਚਾਰ ਵਿਸ਼ਵ ਪੱਧਰ ਦੇ ਮੁਕਾਬਲੇ ਹੋ ਚੁੱਕੇ ਸਨ ਜਿਨ੍ਹਾਂ ਵੱਲ ਨਾ ਤਾਂ ਮੇਰਾ ਧਿਆਨ ਹੀ ਗਿਆ ਅਤੇ ਨਾ ਹੀ ਕਿਸੇ ਨੇ ਦੁਆਇਆ। ਖੈਰ ! ਜਿਹੜੇ ਬਜ਼ੁਰਗ ਖਿਡਾਰੀ ਟਰਾਇਲਾਂ ਲਈ ਆਏ ਉਨ੍ਹਾਂ ਵਿਚੋਂ ਮੈਂ ਉਚੀ ਛਾਲ, ਲੰਬੀ ਛਾਲ ਅਤੇ ਤੀਹਰੀ ਛਾਲ ਵਿਚ ਪਹਿਲੇ ਨੰਬਰ 'ਤੇ ਰਿਹਾ। ਇਉਂ ਮੈਂ ਚੁਣਿਆ ਤਾਂ ਗਿਆ ਪਰ ਖਰਚੇ ਲਈ ਬੜੀ ਮੁਸ਼ਕਲ ਪੇਸ਼ ਆਈ। ਰੱਬ - ਸਬੱਬੀਂ ਹਰਿਆਣੇ ਦਾ ਖੇਡ ਡਾਇਰੈਕਟਰ ਓਨੀਂ ਦਿਨੀਂ ਪੰਡਰਵਨੀ ਸੀ। ਉਹਨੇ ਕਹਿ ਕਹਾ ਕੇ ਹਰਿਆਣਾ ਸਰਕਾਰ ਵਲੋਂ ਮੇਰਾ ਸਾਰਾ ਖਰਚਾ ਕਰਵਾ ਦਿਤਾ। ਇਉਂ ਮੈਂ ਉਨ੍ਹਾਂ ਖੇਡਾਂ ਵਿਚ ਹਿਸਾ ਲਿਆ।

? ਇਨ੍ਹਾਂ ਖੇਡ ਮੁਕਾਬਲਿਆਂ ਬਾਰੇ ਕੁਝ ਹੋਰ ਦੱਸੋ।

— ਇਨ੍ਹਾਂ ਖੇਡਾਂ ਵਿਚ ਲਗਭਗ 44 ਮੁਲਕਾਂ ਦੇ 75 ਤੋਂ 80 ਤਕ ਉਮਰ ਗਰੁਪ ਦੇ 2254 ਖਿਡਾਰੀਆਂ ਨੇ ਹਿਸਾ ਲਿਆ ਜਿਨ੍ਹਾਂ ਵਿਚੋਂ ਕਈ ਔਰਤਾਂ ਵੀ ਸਨ। ਹਿੰਦੁਸਤਾਨ ਵਿਚੋਂ 13 ਐਥਲੀਟ ਗਏ ਜਿਨ੍ਹਾਂ ਵਿਚ ਇਕ ਮਦਰਾਸਣ ਦੌੜਾਕ ਵੀ ਸੀ। ਮੈਂ ਇਥੇ ਚਾਰ ਆਈਟਮਾਂ ਵਿਚ ਹਿਸਾ ਲਿਆ। ਲੰਬੀ ਛਾਲ, ਤੀਹਰੀ ਛਾਲ ਅਤੇ ਉਚੀ ਛਾਲ ਵਿਚੋਂ ਗੋਲਡ ਮੈਡਲ ਲਏ ਤੇ ਨਾਲ ਹੀ ਲੰਬੀ ਤੇ ਤੀਹਰੀ ਛਾਲ ਵਿਚ ਵਿਸ਼ਵ ਰਿਕਾਰਡ ਰੱਖਿਆ। ਵੰਝ ਛਾਲ ਵਿਚ ਮੈਨੂੰ ਚਾਂਦੀ ਦਾ ਤਮਗਾ ਮਿਲਿਆ। ਇਉਂ ਪੈਂਦੀ ਸੱਟੇ ਬਜ਼ੁਰਗ ਖਿਡਾਰੀਆਂ ਵਿਚ ਮੇਰੇ ਨਾਂ ਦਾ ਡੰਕਾ ਵੱਜ ਗਿਆ।

? ਕੁਝ ਹੋਰ ਮੁਕਾਬਲੇ ਜਾਂ ਮੈਡਲ ?

— ਮੈਂ 1981 ਵਿਚ ਸਿੰਘਾਪੁਰ, 1982 ਵਿਚ ਹਾਂਗਕਾਂਗ, 1983 ਵਿਚ ਨਵੀਂ ਦਿੱਲੀ, 1983 ਵਿਚ ਹੀ ਪੋਰਟੋਰੀਕੋ ਤੇ 1985 ਵਿਚ ਫਿਰ ਸਿੰਘਾਪੁਰ ਅਤੇ ਰੋਮ ਵਿਖੇ ਹੋਏ ਬਜ਼ੁਰਗਾਂ ਦੇ ਖੇਡ ਮੁਕਾਬਲਿਆਂ ਵਿਚ ਹਿਸਾ ਲਿਆ। ਇਨ੍ਹਾਂ ਖੇਡਾਂ ਵਿਚ ਮੈਂ 100, 200, 400 ਮੀਟਰ ਤੇ ਚੱਪਣੀ ਸੁੱਟਣ ਵਿਚ ਹਿਸਾ ਲੈਣਾ ਸ਼ੁਰੂ ਕਰ ਦਿਤਾ। ਇਨ੍ਹਾਂ ਈਵੈਂਟਾਂ ਵਿਚ ਮੇਰੇ ਹੁਣ ਵੀ ਕਈ ਰਿਕਾਰਡ ਬਣੇ ਹੋਏ ਹਨ। ਇਨ੍ਹਾਂ ਵਿਚ ਮੈਂ ਲਗਪਗ 26 ਸੋਨੇ ਦੇ 3 ਚਾਂਦੀ ਦੇ ਅਤੇ ਇਕ ਕਾਂਸੀ ਦਾ ਤਮਗਾ ਜਿਤਿਆ। ਜੂਨ 1985 ਤੋਂ ਪਹਿਲਾਂ ਮੇਰੇ ਮੈਡਲਾਂ ਦੀ ਕੁਲ ਗਿਣਤੀ 34 ਬਣ ਜਾਂਦੀ ਹੈ ਜਿਨ੍ਹਾਂ ਵਿਚ 29 ਸੋਨੇ ਦੇ, 4 ਚਾਂਦੀ ਦੇ ਅਤੇ ਇਕ ਤਾਂਬੇ ਦਾ।

? ਲਗਦਾ ਹੈ ਤੁਸੀਂ ਗੋਲਡ ਮੈਡਲ ਜਿੱਤਣ ਵਾਲੀ ਮਸ਼ੀਨ ਹੋ। ਕਿੰਨੇ ਕੁ ਮੈਡਲਾਂ ਦਾ ਟੀਚਾ ਮਿਥਿਆ ਹੈ ?

— ਪਹਿਲਾਂ ਤਾਂ ਮੈਂ 40 ਗੋਲਡ ਮੈਡਲਾਂ ਤਕ ਦਾ ਨਿਸ਼ਾਨਾ ਮਿਥਿਆ ਸੀ ਪਰ ਹੁਣ ਸੋਚਦਾ ਹਾਂ ਕਿ ਜਦੋਂ ਤਕ ਲੱਤਾਂ ਵਿਚ ਦਮ ਹੈ ਉਦੋਂ ਤਕ ਇਹ ਸਿਲਸਿਲਾ ਜਾਰੀ ਰਹੇ ਤਾਂ ਅੱਛਾ ਹੈ।

? ਤੁਸੀਂ ਬਾਹਰਲੇ ਮੁਲਕਾਂ ਵਿਚ ਖੇਡਣ ਜਾਂਦੇ ਰਹੇ ਹੋ। ਤੁਹਾਡੀਆਂ ਪ੍ਰਾਪਤੀਆਂ 'ਤੇ ਕਿਸੇ ਮੇਮ ਜਾਂ ਕਿਸੇ ਹੋਰ ਮੁਟਿਆਰ ਨੇ ਤੁਹਾਨੂੰ ਕਦੀ ਗਲਵੱਕੜੀ ਨਹੀਂ ਪਾਈ

— ਅਸਲ ਗੱਲ ਇਹ ਹੈ ਕਿ ਜਦੋਂ ਮੈਂ ਖੇਡ ਮੈਦਾਨ ਵਿਚ ਹੁੰਦਾ ਹਾਂ ਤਾਂ ਫਿਰ ਮੈਨੂੰ ਆਪਣੇ ਟੀਚੇ ਹੀ ਦਿਸਦੇ ਹਨ, ਹੋਰ ਕੁਝ ਨਹੀਂ। ਉਂਝ ਜਦੋਂ ਕੋਈ ਰਿਕਾਰਡ ਤੋੜੀਦਾ ਸੀ ਤਾਂ ਅਨੇਕਾਂ ਦਰਸ਼ਕ ਆ ਕੇ ਗਲਵੱਕੜੀਆਂ ਪਾ ਜਾਂਦੇ, ਪਰ ਆਪਾਂ ਨੂੰ ਉਸ ਵੇਲੇ ਅਜੀਬ ਹੀ ਸਰੂਰ ਹੁੰਦਾ ਸੀ। ਪਤਾ ਹੀ ਨਾ ਲਗਦਾ ਕਿਹੋ ਜਿਹੇ ਲੋਕ ਜੱਫੀਆਂ ਪਾ ਰਹੇ ਹਨ। ਇਸਤਰੀਆਂ ਮਰਦ ਸਾਰੇ ਬਰਾਬਰ।

? ਇਨ੍ਹਾਂ ਖੇਡ ਮੁਕਾਬਲਿਆਂ ਦੀ ਕੋਈ ਤਾਂ ਦਿਲਚਸਪ ਘਟਨਾ ਦੱਸੋ ?

— ਜਦੋਂ ਮੈਂ ਨਿਊਜ਼ੀਲੈਂਡ ਵਿਖੇ ਪਹਿਲੇ ਵਿਸ਼ਵ ਮੁਕਾਬਲਿਆਂ ਵਿਚ ਤਿੰਨ ਗੋਲਡ ਮੈਡਲ ਜਿੱਤੇ ਤਾਂ ਅਨੇਕਾਂ ਲੜਕੇ-ਲੜਕੀਆਂ ਆ ਮੇਰੇ ਦੁਆਲੇ ਹੋਏ। ਕਦੀ ਕੋਈ ਫੋਟੋ ਖਿਚਵਾਉਣ ਲਈ ਕਹੇ ਅਤੇ ਕਦੀ ਕੋਈ। ਸੱਚ ਮੈਂ ਤਾਂ ਉਨ੍ਹਾਂ ਨਾਲ ਫੋਟੋਆਂ ਲਹਾਉਂਦਾ ਹੀ ਬੌਂਦਲ ਜਿਹਾ ਗਿਆ। ਕੋਈ ਮੈਨੂੰ ਕਿਸੇ ਪਾਸੇ ਵੱਲ ਖਿਚੇ ਅਤੇ ਕੋਈ ਕਿਸੇ ਪਾਸੇ। ਉਸ ਵੇਲੇ ਸ਼ਾਮ ਦੇ ਘੁਸ - ਮੁਸੇ ਦਾ ਸਮਾਂ ਸੀ। ਸਟੇਡੀਅਮ ਵਿਚ ਬੇਸ਼ੁਮਾਰ ਦਰਸ਼ਕ ਸਨ। ਦਰਸ਼ਕਾਂ ਵਲੋਂ ਖੁਸ਼ੀ ਵਿਚ ਕਈ ਵਾਰ ਬੱਤੀਆਂ ਜਗਾਈਆਂ ਗਈਆਂ ਅਤੇ ਕਈ ਵਾਰ ਬੁਝਾਈਆਂ ਗਈਆਂ। ਇਹ ਸਭ ਕੁਝ ਵੇਖ ਕੇ ਮੈਨੂੰ ਆਪਣਾ ਆਪ ਬਹੁਤ ਚੰਗਾ ਲੱਗਾ ਸੀ ਤੇ ਇਕ ਵੇਲੇ ਮੇਰਾ ਗੱਚ ਵੀ ਭਰ ਆਇਆ ਸੀ।

? ਕੋਈ ਹੋਰ ਖੁਸ਼ੀ ਦੀ ਘਟਨਾ ਦੱਸੋ ?

— ਜਦੋਂ ਦੂਸਰੇ ਵਿਆਹ ਤੋਂ ਪਿਛੋਂ ਮੇਰੇ ਘਰ ਲੜਕੇ ਨੇ ਜਨਮ ਲਿਆ। ਮੈਨੂੰ ਲਗਦਾ ਸੀ ਜਿਵੇਂ ਮੇਰੀ ਕੁਲ ਹੀ ਅਗੇ ਨਹੀਂ ਤੁਰਨੀ ਪਰ ਲੜਕੇ ਮਨਜੀਤ ਸਿੰਘ ਦੇ ਜਨਮ ਨੇ ਮੇਰੀਆਂ ਸਾਰੀਆਂ ਚਿੰਤਾਵਾਂ ਦੂਰ ਕਰ ਦਿਤੀਆਂ ਮੈਂ ਖੇਡਾਂ ਵਿਚ ਵਧੇਰੇ ਦਿਲਚਸਪੀ ਨਾਲ ਹਿਸਾ ਲੈਣ ਲਗ ਪਿਆ।

? ਇਹ ਤਾਂ ਚੰਗੇ ਦਿਨਾਂ ਦੀਆਂ ਘਟਨਾਵਾਂ ਹਨ। ਕੋਈ ਮਾੜੇ ਦਿਨਾਂ ਦੀ ਘਟਨਾ ਵੀ ਦਸੋ ਜਿਸ ਨੇ ਤੁਹਾਨੂੰ ਤਾਰ ਤਾਰ ਕਰ ਦਿਤਾ ਹੋਵੇ ?

— ਉਂਝ ਤਾਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦਾ ਹਾਂ ਪਰ ਜਦੋਂ ਪਹਿਲੇ ਵਿਆਹ ਦੀਆਂ ਲੜਕੀਆਂ - ਲੜਕੇ ਤੇ ਫੇਰ ਉਨ੍ਹਾਂ ਦੀ ਮਾਂ ਮੇਰਾ ਸਾਥ ਛੱਡ ਗਈ ਤਾਂ ਇਉਂ ਲਗਦਾ ਸੀ ਕਿ ਇਸ ਫਾਨੀ ਦੁਨੀਆਂ ਵਿਚ ਕੀ ਪਿਐ। ਪਰ ਸੱਚ ਹੈ ਕਿ ਮਰਦਿਆਂ ਨਾਲ ਕੋਈ ਨਹੀਂ ਮਰਦਾ। ਹੌਲੀ ਹੌਲੀ ਬੀਤੇ ਦੀਆਂ ਯਾਦਾਂ ਧੁੰਦਲਕੇ ਵਿਚ ਗਵਾਚਣੀਆਂ ਸ਼ੁਰੂ ਹੋ ਗਈਆਂ। ਦੂਜੇ ਵਿਆਹ ਨੇ ਭਾਵੇਂ ਇਨ੍ਹਾਂ ਨੂੰ ਮੇਰੇ ਦਿਮਾਗ ਤੋਂ ਬਿਲਕੁਲ ਲਾਂਭੇ ਕਰ ਦਿਤਾ ਸੀ ਪਰ ਯਾਦਾਂ ਨੂੰ ਵੀ ਭਲਾ ਕਦੇ ਭੁਲਾਇਆ ਜਾ ਸਕਦਾ ਹੈ।

? ਖੇਡਾਂ ਦੇ ਸਿਲਸਿਲੇ ਵਿਚ ਤੁਸੀਂ ਕਈ ਦੇਸ਼ ਘੁੰਮੇ ਹਨ। ਵੱਖ ਵੱਖ ਦੇਸ਼ਾਂ ਦੇ ਖਿਡਾਰੀਆਂ ਨਾਲ ਵਾਹ ਪਿਆ ਹੈ। ਸਾਡੇ ਅਤੇ ਬਾਹਰਲੇ ਦੇਸ਼ਾਂ ਦੇ ਖਿਡਾਰੀਆਂ ਵਿਚ ਤੁਸੀਂ ਕੀ ਫਰਕ ਦੇਖਿਆ ?

— ਸਭ ਤੋਂ ਵੱਡਾ ਫਰਕ ਤਾਂ ਇਹ ਹੈ ਕਿ ਬਾਹਰਲੇ ਮੁਲਕਾਂ ਦੇ ਖਿਡਾਰੀ ਸਾਡੇ ਟਾਕਰੇ 'ਤੇ ਬਹੁਤ ਸਿਹਤਮੰਦ ਹਨ। ਉਨ੍ਹਾਂ ਨੂੰ ਖੇਡਾਂ ਦੀਆਂ ਬਕਾਇਦਾ ਆਧੁਨਿਕ ਸਹੂਲਤਾਂ ਮਿਲਦੀਆਂ ਹਨ। ਹੋਰ ਤੇ ਹੋਰ ਉਨ੍ਹਾਂ ਮੁਲਕਾਂ ਦੀਆਂ ਔਰਤਾਂ ਵਿਚ ਵੀ ਬੜਾ ਦਮ ਹੈ। ਕਮਾਲ ਇਹ ਹੈ ਕਿ ਸਾਡੇ ਦੇਸ਼ ਦੇ ਖਿਡਾਰੀਆਂ ਨੂੰ ਭਾਵੇਂ ਲੋੜੀਂਦੀਆਂ ਸਹੂਲਤਾਂ ਨਹੀਂ ਮਿਲਦੀਆਂ ਪਰ ਉਨ੍ਹਾਂ ਦਾ ਖੇਡਾਂ ਦਾ ਸ਼ੌਕ ਅਤੇ ਨਿਸ਼ਚਾ ਉਨ੍ਹਾਂ ਨੂੰ ਆਪਣੇ ਟੀਚਿਆਂ ਵੱਲ ਨਸਾਈ ਰੱਖਦਾ ਹੈ। ਸ਼ਾਇਦ ਇਹੀਓ ਵਜ੍ਹਾ ਹੈ ਕਿ ਸਾਡੇ ਖਿਡਾਰੀ ਜਾਨ ਹੂਲ ਕੇ ਖੇਡਦੇ ਹਨ। ਉਂਝ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਿਵੇਂ ਬਾਹਰਲੇ ਮੁਲਕ ਆਪਣੇ ਖਿਡਾਰੀਆਂ ਦਾ ਧਿਆਨ ਰਖਦੇ ਹਨ ਜੇ ਕਿਤੇ ਸਾਡੀ ਸਰਕਾਰ ਇਵੇਂ ਕਰੇ ਤਾਂ ਅਸੀਂ ਤੇ ਮੈਡਲਾਂ ਦੇ ਢੇਰਾਂ ਦੇ ਢੇਰ ਲਾ ਸਕਦੇ ਹਾਂ।

? ਹਾਂ, ਸੱਚ ਤੁਸੀਂ ਏਨੇ ਮੈਡਲ ਜਿੱਤੇ ਤੇ ਰਾਸ਼ਟਰ ਦਾ ਨਾਂ ਉਚਾ ਕੀਤਾ, ਕੀ ਸਰਕਾਰ ਜਾਂ ਕਿਸੇ ਸੰਸਥਾ ਨੇ ਤੁਹਾਨੂੰ ਕੋਈ ਇਨਾਮ ਸਨਮਾਨ ਦਿਤਾ ?

— ਮੈਨੂੰ ਛੋਟੇ ਮੋਟੇ ਕਈ ਸਨਮਾਨ ਮਿਲੇ ਹਨ ਜਿਨ੍ਹਾਂ ਵਿਚ 5100 ਰੁਪਏ ਦਾ ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ ਦਿਤਾ ਗਿਆ ਸਨਮਾਨ ਵੀ ਸ਼ਾਮਲ ਹੈ। ਚੀਫ ਖਾਲਸਾ ਦੀਵਾਨ ਨੇ ਵੀ ਸਨਮਾਨ ਕੀਤਾ। ਕਈ ਇਕ ਕਾਲਜਾਂ ਤੇ ਲਾਇਨਜ਼ ਕਲੱਬਾਂ ਨੇ ਵੀ ਸਨਮਾਨ ਕੀਤਾ। ਪਰ ਕੌਮੀ ਪੱਧਰ ਦਾ ਕੋਈ ਨਹੀਂ। ਪਲ ਦੀ ਪਲ ਮੇਰੇ ਮਨ ਵਿਚ ਆਇਆ ਕਿ ਸਰਕਾਰ ਹਰ ਵੇਲੇ ਖਿਡਾਰੀਆਂ ਨੂੰ ਅਰਜਨ ਐਵਾਰਡ ਦਿੰਦੀ ਹੈ। ਕੀ ਉਸ ਵਲੋਂ ਇਕ ਅੱਧਾ ਦਰਜਨ ਐਵਾਰਡ ਇਸ ਸੁਨਹਿਰੀ ਗੁਲਾਬ ਨੂੰ ਨਹੀਂ ਦਿਤਾ ਜਾ ਸਕਦਾ ?

? ਸੁਣਿਐ ਅਮਰੀਕਾ ਵਿਚ ਵਸੇ ਭਾਰਤੀ ਲੋਕਾਂ ਨੇ ਤੁਹਾਨੂੰ ਕਾਰ ਭੇਟਾ ਕੀਤੀ ਸੀ ਪਰ ਇਹ ਕਾਰ ਤੁਸੀਂ ਭਾਰਤ ਨਹੀਂ ਲਿਆ ਸਕੇ ?

— ਇਹ ਕਾਰ ਤਾਂ ਮੈਨੂੰ ਭੇਟ ਕੀਤੀ ਗਈ ਸੀ ਪਰ ਭਾਰਤ ਸਰਕਾਰ ਨੇ ਕਸਟਮ ਮਾਫ ਕਰਨ ਤੋਂ ਇਨਕਾਰ ਕਰ ਦਿਤਾ। ਮੇਰੇ ਕੋਲ ਏਨੇ ਰੁਪਏ ਹੈ ਨਹੀਂ ਸਨ, ਇਸ ਲਈ ਉਹ ਕਾਰ ਅਮਰੀਕਾ ਵਿਚ ਹੀ ਰਹਿ ਗਈ।

? ਕੀ ਤੁਹਾਨੂੰ ਕਿਸੇ ਬਾਹਰਲੇ ਮੁਲਕ ਨੇ ਆਪਣੇ ਮੁਲਕ ਵਿਚ ਵਸ ਜਾਣ ਦੀ ਅਪੀਲ ਨਹੀਂ ਕੀਤੀ ?

— ਹਾਂ, ਕੀਤੀ ਸੀ ਸਿੰਘਾਪੁਰ ਨੇ। ਸਿੰਘਾਪੁਰ ਵਿਖੇ ਹੋਈਆਂ ਖੇਡਾਂ ਵਿਚ ਜਦੋਂ ਮੈਂ ਚਾਰ ਗੋਲਡ ਮੈਡਲ ਜਿੱਤੇ ਤਾਂ ਉਥੋਂ ਦੀ ਸਰਕਾਰ ਨੇ ਮੈਨੂੰ ਪੇਸ਼ਕਸ਼ ਕੀਤੀ ਕਿ ਮੈਂ ਉਥੇ ਹੀ ਰਹਿ ਜਾਵਾਂ ਅਤੇ ਸਿੰਘਾਪੁਰ ਲਈ ਖੇਡਾਂ। ਪਰ ਮੈਂ ਕਿਸੇ ਸੂਰਤ ਵਿਚ ਵੀ ਆਪਣੇ ਮੁਲਕ ਦੀ ਪਿੱਠ ਲਗਣੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਮੈਂ ਸਾਫ ਨਾਂਹ ਕਰ ਦਿਤੀ। ਸਿੰਘਾਪੁਰ ਨੇ ਮੇਰੇ ਇਸ ਨਜ਼ਰੀਏ ਤੋਂ ਖੁਸ਼ ਹੋ ਕੇ ਮੇਰਾ ਉਚੇਚਾ ਸਨਮਾਨ ਵੀ ਕੀਤਾ ਸੀ। ਪਰ ਆਪਣੇ ਹਨ ਕਿ 'ਘਰ ਦੀ ਮੁਰਗੀ ਦਾਲ ਬਰਾਬਰ' ਸਮਝ ਰਹੇ ਹਨ।

? ਖਿਡਾਰੀਆਂ ਲਈ ਕਾਫੀ ਠੋਸ ਖੁਰਾਕ ਦੀ ਲੋੜ ਹੁੰਦੀ ਹੈ। ਤੇ ਤੁਸੀਂ ਇਸ ਵੇਲੇ 85ਵੇਂ ਵਰ੍ਹੇ ਵਿਚੋਂ ਦੀ ਲੰਘ ਰਹੇ ਹੋ ਤੇ ਤੁਹਾਡੀ ਖੁਰਾਕ ਕੀ ਹੈ ?

(ਬਾਕੀ ਪੰਨਾ 20 ਤੇ)


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਯਾ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸਤੇਦਾਰ ਦੇ ਬਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ,ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸਤੇਦਾਰ ਦੀ ਚਿਠੀ ਭਰੀ ਹੈ ਤਾ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ

ਹੋਰ ਜਾਣਕਾਰੀ ਲਈ ਮਿਲੋ

ਜਾਂ ਫੂਨ ਕਰੋ

**ਮਲਕੀਤ ਸਿੰਘ ਪਰਹਾਰ**

**ਨਵਾਂ ਫੋਨ:**

**OFF.(604)733-1644**

**Res.(604)228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

**ਨਵਾਂ ਸਾਲ ਮੁਬਾਰਕ!**

- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸ਼ੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨ੍ਹਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ਼ ਥੋੜੇ ਤੋਂ ਥੋੜੇ ਵਿ੍ਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।
- ਜੇ ਤੁਸੀਂ ਵਸੀਅਤ ਖਿਆਲ ਨਾਲ ਨਹੀਂ ਬਨਾਉਂਦੇ ਅਤੇ ਤੁਹਾਡੇ ਮਗਰਲੇ ਰਿਸ਼ਤੇਦਾਰਾਂ ਨੂੰ ਮਗਰੋਂ ਬਹੁਤ ਹੀ ਤਕਲੀਫਾਂ ਆ ਸਕਦੀਆ ਹਨ ਤਾਂ ਗੌਰਮਿੰਟ ਉਸਦੇ ਵਿਚੋਂ ਬਹੁਤ ਹੀ ਟੈਕਸ ਲੈ ਜਾਂਦੀ ਹੈ। ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਸਹੀ ਵਸੀਅਤ ਸਮੇਂ ਦੇ ਅਨੁਸਾਰ, ਵੱਖ-ਵੱਖ ਕਿਸਮਾਂ ਦੀ ਕਿਵੇਂ ਬਣਾਈ ਜਾ ਸਕਦੀ ਹੈ।

*World-Wide Immigration To Canada and U.S.A. Ltd.*

## ਵਿਅੰਗ

# ਵਜ਼ੀਰ ਸਾਹਿਬ ਨੇ ਸਹੀ ਪਾਈ

**ਡਾ. ਗੁਰਨਾਮ ਸਿੰਘ ਤੀਰ**

ਨਵੇਂ ਬਣੇ ਵਜ਼ੀਰ ਜਥੇਦਾਰ ਮਾਝਾ ਸਿੰਘ ਨੇ ਸਤਿਕਾਰ ਭੇਟ ਕਰਨ ਆਏ ਚੀਫ ਸੈਕਟਰੀ ਨੂੰ ਕਿਹਾ, "ਮੁੱਖ ਸਕੱਤਰ ਸਾਹਿਬ, ਤੁਹਾਡੀ ਕ੍ਰਿਪਾ ਨਾਲ ਸਾਨੂੰ ਇਕ ਅੱਧਾ ਪੜ੍ਹਿਆ ਲਿਖਿਆ ਸਕੱਤਰ ਮਿਲ ਜਾਏ ਤਾਂ ਅਸੀਂ ਸਰਕਾਰ ਨੂੰ ਧਰਤੀ ਤੋਂ ਚੁੱਕ ਕੇ ਅਸਮਾਨ ਵਿਚ ਪੁਚਾ ਦੇਈਏ।"

ਮੁੱਖ ਸਕੱਤਰ ਸਾਹਿਬ ਕਹਿਣ ਲੱਗੇ "ਸਰ ਸਾਡੇ ਪਾਸ ਇਕ ਨਹੀਂ ਸਾਰੇ ਹੀ ਸਕੱਤਰ ਪੜ੍ਹੇ ਲਿਖੇ ਹਨ। ਉਨ੍ਹਾਂ ਤੋਂ ਜੋ ਮਰਜ਼ੀ ਲਿਖਵਾਵੋ। ਤੁਹਾਨੂੰ ਨਾਲ ਇਕ ਪੜ੍ਹਿਆ ਲਿਖਿਆ ਪੀ. ਏ. ਵੀ ਦਿਤਾ ਜਾਵੇਗਾ। ਹੋਰ ਤਾਂ ਹੋਰ ਤੁਹਾਡੇ ਦੋਵੇਂ ਗੰਨਮੈਨ ਵੀ ਦਸਵੀਂ ਦਸਵੀਂ ਤਕ ਪੜ੍ਹੇ ਲਿਖੇ ਹਨ।"

"ਹੱਛਾ?" ਵਜ਼ੀਰ ਸਾਹਿਬ ਨੇ ਖੁਸ਼ੀ ਵਿਚ ਕੁਰਸੀ ਤੋਂ ਉਛਲਦਿਆਂ ਕਿਹਾ, "ਫੇਰ ਤਾਂ ਅਸੀਂ ਆਪਣੇ ਗੰਨ ਮੈਨਾਂ ਤੋਂ ਦੂਹਰਾ ਫਾਇਦਾ ਉਠਾ ਸਕਦੇ ਹਾਂ ਜਦੋਂ ਵਿਹਲੇ ਹੋਇਆ ਕਰਨਗੇ ਇਨ੍ਹਾਂ ਤੋਂ ਮਾੜੀ ਮੋਟੀ ਸਿਖਿਆ ਲੈ ਲਿਆ ਕਰਾਂਗੇ।"

ਅਜੇ ਵਜ਼ੀਰ ਸਾਹਿਬ ਨੂੰ ਪੜ੍ਹਿਆ ਲਿਖਿਆ ਸਕੱਤਰ ਆ ਕੇ ਮਿਲਿਆ ਹੀ ਸੀ ਕਿ ਮਗਰੇ ਗ੍ਰਹਿ ਸਕੱਤਰ ਤੇ ਆਈ. ਜੀ. ਪਰਿਜ਼ਨਜ਼ ਆ ਗਏ। ਗ੍ਰਹਿ ਸਕੱਤਰ ਦੀ ਬੁੱਕਲ ਵਿਚ ਕਾਗਜ਼ਾਂ ਦਾ ਥੱਬਾ ਸੀ। ਉਹ ਬੈਠਦੇ ਹੀ ਕਹਿਣ ਲੱਗੇ, "ਸਰ ਜੇਲ੍ਹਾਂ ਦਾ ਪੋਰਟ ਫੋਲੀਓ ਵੀ ਤੁਹਾਡੇ ਪਾਸ ਹੈ। ਮਹਿਕਮੇ ਨੇ ਕੁਝ ਉਮਰ ਕੈਦੀ ਛੱਡਣੇ ਹਨ। ਉਨ੍ਹਾਂ ਦੀ ਤੁਹਾਡੇ ਵਲੋਂ ਪ੍ਰਵਾਨਗੀ ਚਾਹੀਦੀ ਹੈ।"

ਜਥੇਦਾਰ ਸਾਹਿਬ ਨੇ ਅਜੀਬ ਜਿਹੀ ਉਤਸੁਕਤਾ ਨਾਲ ਕਿਹਾ, "ਇਨ੍ਹਾਂ ਨੂੰ ਭਲਾ ਕੈਦ ਕੀਹਨੇ ਕੀਤਾ ਸੀ", "ਕੈਦ ਤਾਂ ਜਨਾਬ ਵੱਖ ਵੱਖ ਸੈਸ਼ਨ ਜੱਜਾਂ ਨੇ ਕੀਤਾ ਸੀ ਪਰ ਇਨ੍ਹਾਂ ਦੀ ਸਜ਼ਾ ਹਾਈ ਕੋਰਟ ਨੇ ਕਨਫਰਮ ਕੀਤੀ ਸੀ, ਪੱਕੀ ਕੀਤੀ ਸੀ —"

"ਬੱਲੇ ਓਏ ਵੱਡੇ ਅਫਸਰੋ" ਜਥੇਦਾਰ ਸਾਹਿਬ ਨੇ ਨੱਕ ਬੁੱਲ੍ਹ ਚੜ੍ਹਾਉਂਦਿਆਂ ਕਿਹਾ, "ਹਾਈ ਕੋਰਟ ਨੇ ਕੈਦ ਕੀਤੇ ਹੋਣ ਤੇ ਮੈਂ ਛੱਡ ਦਿਆਂ? ਭਾਵੇਂ ਮੈਂ ਬਹੁਤਾ ਪੜ੍ਹਿਆ ਲਿਖਿਆ ਨਹੀਂ ਪਰ ਇਕ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਹਾਈ ਕੋਰਟ ਦੇ ਕੈਦ ਕੀਤੇ ਬੰਦਿਆਂ ਨੂੰ ਰਿਹਾਅ ਕੀਤਾ ਤਾਂ ਉਨ੍ਹਾਂ ਦੀ ਥਾਂ ਅਸੀਂ ਅੰਦਰ ਹੋਵਾਂਗੇ।"

ਗ੍ਰਹਿ ਸਕੱਤਰ ਤੇ ਆਈ. ਜੀ. ਪਰਿਜ਼ਨਜ਼ ਇਕ ਦੂਜੇ ਦੇ ਮੂੰਹ ਵਲ ਦੇਖਣ ਲਗ ਪਏ। ਵਜ਼ੀਰ ਸਾਹਿਬ ਦੇ ਸਕੱਤਰ ਨੇ ਦਖਲ ਦਿੰਦਿਆਂ ਕਿਹਾ, "ਵਜ਼ੀਰ ਸਾਹਿਬ ਜੀ, ਬੇਨਤੀ ਇਹ ਹੈ ਕਿ ਜਿਨ੍ਹਾਂ ਕੈਦੀਆਂ ਦੀ ਰਿਹਾਈ ਦੇ ਹੁਕਮਾਂ 'ਤੇ ਤੁਸੀਂ ਦਸਤਖਤ ਕਰਨੇ ਹਨ, ਉਹ ਆਪਣੀ ਆਪਣੀ ਕੈਦ ਕੱਟ ਚੁੱਕੇ ਹਨ ਤੇ ਹੁਣ ਤੁਹਾਡੇ ਹੁਕਮ ਨਾਲ ਘਰੋ ਘਰੀ ਜਾ ਸਕਦੇ ਹਨ—"

"ਕੈਦ ਕੱਟ ਚੁੱਕੇ ਹਨ ਤਾਂ ਆਪਣੇ ਆਪਣੇ ਘਰ ਨੂੰ ਤਿੱਤਰ ਹੋ ਜਾਣ। ਸਾਡੀ ਆਗਿਆ ਦੀ ਕੀ ਲੋੜ ਹੈ — ਅਸੀਂ ਭਾਵੇਂ ਅਨਪੜ੍ਹ ਹਾਂ ਪਰ ਸਾਡੀ ਸਰਕਾਰ 'ਚ ਅਜੇ ਏਨਾ ਹਨੇਰ ਨਹੀਂ ਪਿਆ ਕਿ ਹਾਈ ਕੋਰਟ ਦੇ ਬੱਧੇ ਅਸੀਂ ਛੱਡ ਕੇ ਤੁਰ ਜਾਈਏ।" ਵਜ਼ੀਰ ਸਾਹਿਬ ਨੇ ਫੁਰਮਾਇਆ। "ਇਨ੍ਹਾਂ ਦੇ ਕੇਸ ਹਾਈ ਕੋਰਟ ਨੂੰ ਭੇਜੋ। ਕਿਸੇ ਹੋਰ ਮੁਕੱਦਮੇ ਵਿਚ ਅਜੇ ਕੋਈ ਕੈਦ ਕੱਟਣੀ ਬਾਕੀ ਹੈ ਤਾਂ ਉਥੋਂ ਨਿਰਣਾ ਕਰਵਾ ਲੈਣ।"

ਗ੍ਰਹਿ ਸਕੱਤਰ ਨੇ ਕੈਦੀਆਂ ਦੀ ਰਿਹਾਈ ਦੇ ਮਾਮਲੇ ਬਾਰੇ ਸਾਰਾ ਸਪਸ਼ਟੀਕਰਨ ਦੇਣ ਮਗਰੋਂ ਕਿਹਾ "ਵਜ਼ੀਰ ਸਾਹਿਬ ਜੀ, ਐਹ ਵੇਖੋ ਫਾਈਲ 'ਤੇ ਜੇਲ੍ਹ ਵਾਲਿਆਂ ਤੋਂ ਲੈ ਕੇ ਮੇਰੇ ਤਕ ਸਾਰਿਆਂ ਦੇ ਦਸਤਖਤ ਹੋ ਚੁੱਕੇ ਹਨ। ਹੁਣ ਤਾਂ ਸਿਰਫ ਤੁਹਾਡੀ ਸਹੀ ਪੈਣੀ ਬਾਕੀ ਹੈ, ਹੁਕਮ ਜਾਰੀ ਹੋ ਜਾਣਗੇ।"

ਵਜ਼ੀਰ ਸਾਹਿਬ ਨੇ ਮਾਮਲਾ ਨਿਪਟਾਉਂਦਿਆਂ ਕਿਹਾ, "ਹੱਛਾ ਤੁਸੀਂ ਸਾਰੇ ਕਾਗਜ਼ ਮੇਰੇ ਸਕੱਤਰ ਸਾਹਿਬ ਨੂੰ ਦੇ ਦਿਓ। ਮੈਂ ਇਹਦੇ ਦਸਤਖਤ ਕਰਵਾ ਕੇ ਤੁਹਾਨੂੰ ਭੇਜ ਦਿਆਂਗਾ।"

ਜਦੋਂ ਗ੍ਰਹਿ ਸਕੱਤਰ ਤੇ ਜੇਲ੍ਹਾਂ ਦੇ ਆਈ. ਜੀ. ਸਾਹਿਬ ਚਲੇ ਗਏ ਤਾਂ ਵਜ਼ੀਰ ਸਾਹਿਬ ਦਾ ਸਕੱਤਰ ਕਹਿਣ ਲੱਗਾ, "ਜਨਾਬ ਹੋਮ ਸੈਕਟਰੀ ਸਾਹਿਬ ਠੀਕ ਹੀ ਕਹਿੰਦੇ ਸਨ ਕਿ ਕੈਦੀ ਛੱਡਣ ਲਈ ਜਨਾਬ ਦੇ ਦਸਤਖਤ ਚਾਹੀਦੇ ਹਨ। ਹਜ਼ੂਰ ਤਰਨਤਾਰਨ ਦੇ ਮੱਸਿਆ ਦੇ ਮੇਲੇ ਦਾ ਹੋਰ ਹਿਸਾਬ ਕਿਤਾਬ ਹੈ ਤੇ ਸਰਕਾਰੀ ਕਾਰ ਵਿਹਾਰ ਦਾ ਹੋਰ ਤਰ੍ਹਾਂ ਦਾ। ਏਥੇ ਤਾਂ ਹਰ ਚੀਜ਼ ਦੀਆਂ ਲੀਹਾਂ ਪਾਈਆਂ ਗਈਆਂ ਹਨ। ਹਰ ਕੰਮ ਤੇ ਹਰ ਕਾਗਜ਼ ਲੀਹਾਂ ਦੇ ਗੇੜ ਵਿਚ ਦੀ ਲੰਘਦਾ ਹੈ। ਤੁਹਾਨੂੰ ਵੀ ਹੌਲੀ ਹੌਲੀ ਇਸ ਦੀ ਜਾਚ ਆ ਜਾਵੇਗੀ। ਲਓ ਫੜੋ ਪੈਨ ਤੇ ਕਰੋ ਦਸਤਖਤ।"

ਵਜ਼ੀਰ ਸਾਹਿਬ ਨੇ ਜ਼ਰਾ ਮੁਸਕਰਾ ਕੇ ਕਿਹਾ "ਗੂਠੇ ਨਾਲ ਨਹੀਂ ਸਰ ਸਕਦਾ?"

"ਜਨਾਬ ਸਰ ਤਾਂ ਸਕਦਾ ਹੈ ਪਰ ਤੁਸੀਂ ਵਜ਼ੀਰ ਹੋ। ਗੂਠਾ ਲਾਂਦੇ ਚੰਗੇ ਨਹੀਂ ਲਗਦੇ —" ਸਕੱਤਰ ਨੇ ਨਿਮਰਤਾ ਨਾਲ ਬੇਨਤੀ ਕੀਤੀ।

ਵਜ਼ੀਰ ਸਾਹਿਬ ਕਹਿਣ ਲੱਗੇ, "ਚੰਗਾ ਫੇਰ ਤੂੰ ਮੇਰੇ ਦਸਤਖਤਾਂ ਦੀ ਮੋਹਰ ਬਣਵਾ ਲੈ। ਮੋਹਰ ਮੈਂ ਆਪਣੀ ਜੇਬ ਵਿਚ ਰੱਖਿਆ ਕਰਾਂਗਾ। ਜਦੋਂ ਕਹੇਂਗਾ ਤੇ ਕਿੱਥੇ ਕਹੇਂਗਾ ਮੋਹਰ ਜੜ ਦਿਆਂ ਕਰਾਂਗੇ।"

ਸਕੱਤਰ ਸਾਹਿਬ ਨੇ ਫੇਰ ਕਾਨੂੰਨੀ ਨੁਕਤਾ ਉਠਾਉਂਦਿਆਂ ਕਿਹਾ "ਜਨਾਬ ਮੋਹਰ ਨੂੰ ਸਰਕਾਰੀ ਫਾਈਲਾਂ 'ਚ ਵਾਜਬ ਨਹੀਂ ਸਮਝਿਆ ਜਾਂਦਾ ਦਸਤਖਤ ਹੀ ਕਰਨੇ ਪੈਣਗੇ।"

ਜਥੇਦਾਰ ਸਾਹਿਬ ਕਹਿਣ ਲਗੇ, "ਦਸਤਖਤ ਤਾਂ ਫੇਰ ਹੌਲੀ ਹੌਲੀ। ਤੂੰ ਨਿਸ਼ਾਨੀਆਂ ਲਾ ਕੇ ਕਾਗਜ਼ ਮੇਰੇ ਅੱਗੇ ਰੱਖ ਦੇਹ। ਮੈਂ ਔਖਾ ਸੁਖਾਲਾ ਦਸ ਮਿੰਟ ਲਾ ਕੇ ਇਕ ਇਕ ਦਸਖਤ ਕਰਦਾ ਜਾਵਾਂਗਾ। ਬਾਹਰ ਚਪੜਾਸੀ ਨੂੰ ਕਹਿ ਦੇਹ ਕਿਸੇ ਨੂੰ ਅੰਦਰ ਨਾ ਆਉਣ ਦੇਵੇ। ਔਣ ਜਾਣ ਵਾਲਿਆਂ ਨੂੰ ਕਹੋ ਕਿ ਵਜ਼ੀਰ ਸਾਹਿਬ ਕੇਸੀ ਇਸ਼ਨਾਨ ਕਰ ਰਹੇ ਹਨ—"

"ਇਉਂ ਨਾ ਕਹੀਏ ਜਨਾਬ," ਸਕੱਤਰ ਨੇ ਫੇਰ ਤਰਲਾ ਮਾਰਿਆ। "ਆਪਾਂ ਬਾਹਰ ਕਿਸੇ ਰੈਸਟੋਰੈਂਟ ਵਿਚ ਚਲ ਬਹਿੰਦੇ ਹਾਂ। ਉਥੇ ਤੁਸੀਂ ਆਰਾਮ ਨਾਲ ਸਾਰੇ ਕਾਗਜ਼ਾਂ 'ਤੇ "ਸਹੀ" ਪਾ ਦੇਣੀ ਤੇ ਮੈਂ ਰਜਿਸਟਰ 'ਤੇ ਚੜ੍ਹਵਾ ਕੇ ਕੱਲ੍ਹ ਮੋੜ ਦਿਆਂਗਾ।"

"ਸਕੱਤਰ ਸਿਹੁੰ ਜੀ," ਵਜ਼ੀਰ ਸਾਹਿਬ ਨੇ ਕਿਹਾ, "ਜਿਨ੍ਹਾਂ ਨੇ ਵੀਹ ਵੀਹ ਸਾਲ ਕੈਦ ਕੱਟ ਲਈ ਹੈ ਜੇ ਦਸ ਦਿਨ ਹੋਰ ਰੁਕ ਜਾਣਗੇ ਤਾਂ ਕੀ ਵਿਗੜ ਚਲਿਆ ਹੈ। ਆਪਾਂ ਜ਼ਰਾ ਸਵਾਰ ਕੇ ਸਹੀ ਪੌਣ ਦਾ ਅਭਿਆਸ ਕਰ ਲਈਏ।"

ਵਜ਼ੀਰ ਸਾਹਿਬ ਨੇ ਦੋ ਤਿੰਨ ਦਿਨ ਸਕੱਤਰੇਤ ਤੋਂ ਬਾਹਰ ਬੈਠ ਕੇ ਸਹੀ ਪੌਣੀ ਸਿਖ ਲਈ ਤੇ ਸਰਕਾਰੀ ਕਾਗਜ਼ਾਂ 'ਤੇ ਪਾ ਵੀ ਦਿਤੀ। ਮਗਰੋਂ ਉਨ੍ਹਾਂ ਨੇ ਡੀ. ਪੀ. ਆਰ. ਨੂੰ ਬੁਲਾ ਕੇ ਕਿਹਾ, "ਅਖਬਾਰਾਂ ਵਿਚ ਇਕ ਬਿਆਨ ਛਾਪ ਦਿਓ ਕਿ ਜੇਲ੍ਹਾਂ ਦੇ ਵਜ਼ੀਰ ਸਾਹਿਬ ਨੇ ਜੇਲ੍ਹਾਂ 'ਚ ਬੋਕ ਬੰਨ੍ਹ ਦਿਤਾ ਹੈ ਭਾਵ ਕਿ ਜੇਲ੍ਹਾਂ ਖਾਲੀ ਕਰਵਾ ਦਿਤੀਆਂ ਹਨ। ਜਿਨ੍ਹਾਂ ਲੋਕਾਂ ਨੂੰ ਹਾਈ ਕੋਰਟ ਨੇ ਵੀਹ ਵੀਹ ਸਾਲ ਲਈ ਬੰਨ੍ਹਿਆ ਸੀ, ਉਨ੍ਹਾਂ ਵਿਚੋਂ ਦੋ ਸੌ ਤੋਂ ਵੱਧ ਕੈਦੀ ਫੁਰਰੇਟ ਕਰਕੇ ਰਿਹਾਅ ਕਰ ਦਿਤੇ ਹਨ। ਜੇ ਕੋਈ ਅਤਿਵਾਦੀ ਜੇਲ੍ਹ ਤੋਂ ਡਰਦਾ ਬਾਹਰ ਫਿਰਦਾ ਹੋਵੇ ਤਾਂ ਉਹ ਕਿਰਪਾ ਕਰਕੇ ਹਾਈ ਕੋਰਟ ਰਾਹੀਂ ਕੈਦ ਹੋ ਕੇ ਸਾਡੀਆਂ ਜੇਲ੍ਹਾਂ 'ਚ ਆ ਜਾਵੇ, ਅਸੀਂ ਉਸ ਨੂੰ ਸਿੱਧੇ ਰਸਤੇ ਪਾ ਦਿਆਂਗੇ। ਸਾਡੀ ਸਹੀ ਨਾਲ ਸਭ ਕੰਮ ਸਹੀ ਹੋ ਜਾਣਗੇ।"

---

(ਪੰਨਾ 19 ਦੀ ਬਾਕੀ)

— ਪਹਿਲੀ ਗੱਲ ਤਾਂ ਇਹ ਹੈ ਕਿ 1980 ਤੋਂ ਪਿਛੋਂ ਮੈਂ ਬਿਲਕੁਲ ਸ਼ਾਕਾਹਾਰੀ ਹੋ ਗਿਆ ਹਾਂ। ਮੇਰੀ ਖੁਰਾਕ ਉਂਝ ਬੜੀ ਸਧਾਰਨ ਹੈ। ਪਰ ਮੈਂ ਦਿਨ ਵਿਚ ਘੱਟੋ ਘੱਟ ਤਿੰਨ ਕਿਲੋ ਦੁੱਧ ਜ਼ਰੂਰ ਪੀਂਦਾ ਹਾਂ। ਬਸ ਫਲ ਫਰੂਟ ਜੇ ਮਿਲ ਜਾਵੇ ਤਾਂ ਠੀਕ ਹੈ ਨਹੀਂ ਤਾਂ ਲੋੜ ਨਹੀਂ ਹੁੰਦੀ। ਖੁਰਾਕ ਦਾ ਕੀ ਐ ਜੀ। ਮੈਨੂੰ ਤਾਂ ਖੇਡਾਂ ਨਾਲ ਇਸ਼ਕ ਐ ਤੇ ਇਸ ਇਸ਼ਕ ਨੂੰ ਪੁਗਾਉਣ ਖਾਤਰ ਹੀ ਮੈਂ ਸਿਰ ਧੜ ਦੀ ਬਾਜ਼ੀ ਲਾ ਬਹਿੰਦਾ ਹਾਂ।

? ਸਰਕਾਰ ਨੂੰ ਬਜ਼ੁਰਗਾਂ ਦੀਆਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀ ਕੁਝ ਕਰਨਾ ਚਾਹੀਦਾ ਹੈ?

— ਮੈਂ ਤਾਂ ਕਹਿੰਦਾ ਹਾਂ ਕਿ ਟਰਾਇਲਾਂ ਵੇਲੇ ਸਹੀ ਖਿਡਾਰੀ ਚੁਣ ਕੇ ਭੇਜੇ ਜਾਣ ਅਤੇ ਉਨ੍ਹਾਂ ਦੇ ਸਾਰੇ ਖਰਚੇ ਦਾ ਪ੍ਰਬੰਧ ਸਰਕਾਰ ਆਪ ਕਰੇ ਨਾ ਕਿ ਉਨ੍ਹਾਂ ਖਿਡਾਰੀਆਂ ਨੂੰ ਏਧਰ ਉਧਰ ਝਾਕਣਾ ਪਏ। ਦੂਸਰਾ ਜੇ ਸਰਕਾਰ ਜਾਂ ਕੋਈ ਹੋਰ ਸੰਸਥਾਵਾਂ ਇਸ ਖੇਤਰ ਵਿਚ ਅੱਗੇ ਆਉਣ ਤਾਂ ਇਹ ਗੱਲ ਹੋਰ ਵੀ ਚੰਗੀ ਹੋਵੇਗੀ ਕਿੰਨਾ ਚੰਗਾ ਹੋਵੇ ਜੇ ਬਜ਼ੁਰਗ ਖਿਡਾਰੀਆਂ ਲਈ ਢੁਕਵੇਂ ਵਜ਼ੀਫੇ ਲਾਏ ਜਾਣ ਅਤੇ ਉਨ੍ਹਾਂ ਨੂੰ ਦੁੱਧ ਪੀਣ ਲਈ ਮੱਝਾ ਜਾਂ ਗਊਆਂ ਇਨਾਮ ਵਿਚ ਦਿਤੀਆਂ ਜਾਣ

? ਭਵਿਖ ਦੀ ਪੀੜ੍ਹੀ ਲਈ ਕੋਈ ਸੁਨੇਹਾ?

— ਮੁਲਕ ਦੀ ਮਜ਼ਬੂਤੀ ਲਈ ਲੋਕਾਂ ਦੀ ਸਿਹਤ ਬਹੁਤ ਜ਼ਰੂਰੀ ਹੈ। ਇਹ ਸਿਹਤ ਤਾਂ ਹੀ ਬਣ ਸਕਦੀ ਹੈ, ਜੇ ਸਕੂਲ ਪੱਧਰ ਤੋਂ ਹੀ ਬੱਚਿਆਂ ਵਿਚ ਖੇਡਾਂ ਦੀ ਰੁਚੀ ਕਾਇਮ ਕੀਤੀ ਜਾਵੇ ਕਿਉਂਕਿ ਬੱਚੇ ਦੀ ਬੁਨਿਆਦ ਆਖਰ ਪ੍ਰਾਇਮਰੀ ਸਕੂਲ ਤੋਂ ਹੀ ਬਣਦੀ ਹੈ। ਜੇ ਸਾਡੇ ਬੱਚੇ ਤਾਕਤਵਰ ਹੋਣਗੇ ਤਾਂ ਉਹ ਯਕੀਨਨ ਹੀ ਖੇਡਾਂ ਸਣੇ ਹਰ ਖੇਤਰ ਵਿਚ ਨਾਂ ਪੈਦਾ ਕਰ ਸਕਦੇ ਹਨ ਤੇ ਇਹ ਕੰਮ ਸਰਕਾਰ ਦੇ ਹੱਥ ਹੈ।


**WHEATON**

**PONTIAC BUICK GMC LTD.**

**ਸਾਰੇ ਗਾਹਕਾਂ, ਮਿੱਤਰਾਂ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ।



**ਕੁਲਦੀਪ ਸਿੰਘ ਝੰਡ**

ਨੂੰ ਜ਼ਰੂਰ ਮਿਲੋ ਜਾਂ ਫੂਨ ਜ਼ਰੂਰ ਕਰੋ



ਕੁਲਦੀਪ ਝੰਡ ਗਰੈਂਡ ਸੇਲਜ਼ ਮਾਸਟਰ

**Bus. 526-2781 Res. 524-4137**

**Pager 687-7711 #7610**

**SUPER BUYS**

325 - 12th St. New Westminster, B.C.

# ਫਿਰਕਾਪ੍ਰਸਤੀ ਦੀ ਸਾਜਿਸ਼ ਅਸਫਲ ਰਹੀ

ਪੱਛਮੀ ਬੰਗਾਲ ਦੇ ਲੋਕਾਂ ਦੀ ਜਮਹੂਰੀ ਅਤੇ ਧਰਮ ਨਿਰਪੱਖ ਪਰੰਪਰਾ ਦੇ ਵਿਰੁਧ ਜਾ ਕੇ ਪੱਛਮੀ ਬੰਗਾਲ ਦੀਆਂ ਕੁਝ ਅਖਾਉਤੀ ਮੁਸਲਮਾਨ ਜਥੇਬੰਦੀਆਂ ਨੇ 4 ਅਕਤੂਬਰ ਨੂੰ ਪੱਛਮੀ ਬੰਗਾਲ ਦੇ ਮੁਸਲਮਾਨਾਂ ਨੂੰ ਆਮ ਹੜਤਾਲ ਕਰਨ ਦਾ ਸੱਦਾ ਦਿਤਾ ਅਤੇ ਉਸ ਦੇ ਨਾਲ ਹੀ ਮੁਸਲਿਮ ਬਹੁਗਿਣਤੀ ਇਲਾਕਿਆਂ ਵਿਚ, ਜਿਥੇ ਖਾਸ ਕਰਕੇ ਗੈਰ ਬੰਗਾਲੀ ਮੁਸਲਮਾਨ ਜ਼ਿਆਦਾ ਗਿਣਤੀ ਵਿਚ ਰਹਿੰਦੇ ਹਨ, ਜ਼ਹਿਰੀਲਾ ਪਰਚਾਰ ਸ਼ੁਰੂ ਕਰ ਦਿਤਾ। ਪੱਛਮੀ ਬੰਗਾਲ ਦੇ ਸ਼ਾਂਤ ਵਾਤਾਵਰਣ ਨੂੰ ਅਸ਼ਾਂਤ ਬਨਾਉਣ ਦੀ ਇਹ ਸੋਚੀ ਸਮਝੀ ਸਾਜਿਸ਼ ਸੀ। ਇਹਨਾ ਅਖਾਉਤੀ ਮੁਸਲਮਾਨ ਨੇਤਾਵਾਂ ਨੂੰ ਫਿਰਕਾਪ੍ਰਸਤੀ ਦੇ ਆਧਾਰ ਤੇ ਸਰਗਰਮ ਹੁੰਦਾ ਦੇਖ ਕੇ ਭਾਰਤੀ ਜਨਤਾ ਪਾਰਟੀ, ਆਰ. ਐਸ. ਐਸ. ਅਤੇ ਵਿਸ਼ਵ ਹਿੰਦੂ ਪਰੀਸ਼ਦ ਦੇ ਪੰਡਿਤ ਵੀ ਸਰਗਰਮ ਹੋ ਗਏ।

'ਸ਼ਰੀਅਤ' ਦੀ ਸ਼ੁਧਤਾ ਦੀ ਰਾਖੀ ਵਾਸਤੇ ਬੁਨਿਆਦ ਪਰਸਤਾਂ ਨੇ ਇਹ ਹੜਤਾਲ ਕਰਵਾਉਣੀ ਮੁਤਾਲਿਆ ਕਰਨ ਵਾਲੇ ਸਮਝਦਾਰ ਲੋਕਾਂ ਦਾ ਇਹ ਕਹਿਣਾ ਸੀ ਕਿ ਸੁਪਰੀਮ ਕੋਰਟ ਦੇ ਜਿਸ ਫੈਸਲੇ ਦੇ ਖਿਲਾਫ ਇਹ ਹੜਤਾਲ ਕੀਤੀ ਜਾ ਰਹੀ ਹੈ ਉਸ ਨਾਲ ਸ਼ਰੀਅਤ ਦੀ ਪਵਿਤਰਤਾ ਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਦਾ ਹੈ।

ਮੱਧ ਪ੍ਰਦੇਸ਼ ਦੀ ਇਕ ਔਰਤ ਸ਼ਾਹ ਬਾਨੋ ਨੂੰ ਉਸਦੇ ਪਤੀ ਨੇ, ਜੋ ਖੁਦ ਵਕੀਲ ਹੈ, 35 ਸਾਲਾਂ ਦੇ ਵਿਆਹੁਤਾ ਜੀਵਨ ਤੋਂ ਬਾਅਦ ਚਾਰ ਬੱਚਿਆਂ ਸਮੇਤ ਘਰੋਂ ਕੱਢ ਦਿਤਾ। ਸ਼ਾਹ ਬਾਨੋ ਨੇ ਅਦਾਲਤ ਵਿਚ ਜਾ ਕੇ ਆਪਣੇ ਅਤੇ ਆਪਣੇ ਚਾਰ ਬੱਚਿਆਂ ਦੇ ਪਾਲਣ ਪੋਸਣ ਦੀ ਮੰਗ ਕੀਤੀ। ਇਹ ਮੁਕੱਦਮਾ ਸੁਪਰੀਮ ਕੋਰਟ ਤੀਕਰ ਗਿਆ ਅਤੇ ਸੁਪਰੀਮ ਕੋਰਟ ਦੀ ਸੰਵਿਧਾਨ ਪੀਠ ਦੇ ਮਾਨਯੋਗ ਜੱਜਾਂ ਨੇ ਸ਼ਾਹ ਬਾਨੋ ਦੇ ਹੱਕ ਵਿਚ ਫੈਸਲਾ ਸੁਣਾਇਆ। ਬੱਸ ਏਨੀ ਕੁ ਗੱਲ ਸੀ ਕਿ ਕੁਝ ਸਵਾਰਥੀ ਮੁਸਲਮਾਨ ਨੇਤਾਵਾਂ ਨੇ ਸ਼ਰੀਅਤ ਦੀ ਪਵਿਤਰਤਾ ਦੀ ਰਾਖੀ ਦੇ ਨਾਂ ਤੇ ਸ਼ੋਰ ਸ਼ਰਾਬਾ ਕਰਨਾ ਸ਼ੁਰੂ ਕਰ ਦਿਤਾ। ਸਭ ਤੋਂ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਨਤਾ ਪਾਰਟੀ ਦੇ ਜਨਰਲ ਸਕੱਤਰ ਸੈਯਦ ਸਾਹਬੁਦੀਨ ਵਰਗੇ ਲੋਕੀਂ ਇਸ ਅੰਦੋਲਨ ਦੇ ਆਗੂ ਬਣੇ ਅਤੇ ਜਨਤਾ ਪਾਰਟੀ ਇਸ ਨੂੰ ਬਰਦਾਸ਼ਤ ਕਰਦੀ ਰਹੀ ਮੁਸਲਿਮ ਨਿਜੀ ਕਾਨੂੰਨ ਬੋਰਡ ਉਹਨਾਂ ਸਥਾਪਤ ਕੀਤਾ ਅਤੇ ਉਸਦੇ ਝੰਡੇ ਹੇਠ ਸੰਘਰਸ਼ ਸ਼ੁਰੂ ਕੀਤਾ।

ਸਭ ਤੋਂ ਵਧੇਰੇ ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਫਿਰਕਾਪ੍ਰਸਤ ਨੇਤਾਵਾਂ ਨੇ ਭਾਰਤ ਵਿਚ ਹੋਰ ਕਿਧਰੇ ਤਾਂ ਕੁਝ ਨਾ ਕੀਤਾ ਪ੍ਰੰਤੂ ਪੱਛਮੀ ਬੰਗਾਲ ਵਿਚ ਅਚਾਨਕ ਹੀ ਆਮ ਹੜਤਾਲ ਦਾ ਐਲਾਨ ਕਰ ਦਿਤਾ। ਇਸ ਘਟਨਾ ਤੋਂ ਸਾਫ ਪਤਾ ਲਗਦਾ ਹੈ ਕਿ ਉਹਨਾਂ ਦਾ ਮਕਸਦ ਸ਼ਰੀਅਤ ਦੀ ਦੀ ਪਵਿਤਰਤਾ ਨਹੀਂ ਸਗੋਂ ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ, ਉਥੋਂ ਦੀਆਂ ਜਮਹੂਰੀ, ਧਰਮ ਨਿਰਪੱਖ ਤਾਕਤਾਂ ਦੇ ਖਿਲਾਫ ਸਾਜਿਸ਼ੀ ਮੁਹਿੰਮ ਸੀ। ਪੱਛਮੀ ਬੰਗਾਲ ਵਿਚ ਸਭ ਜਾਤ, ਧਰਮ, ਭਾਸ਼ਾ ਅਤੇ ਸਭਿਆਚਾਰ ਦੇ ਲੋਕ ਭਾਈਚਾਰੇ ਨਾਲ ਮਿਲ ਜੁਲ ਕੇ ਰਹਿ ਰਹੇ ਹਨ। ਅਖਾਉਤੀ ਅੰਦੋਲਨਕਾਰੀਆਂ ਨੇ ਇਸ ਭਾਈਚਾਰੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਸੀ। ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਅਤੇ ਜਮਹੂਰੀ ਤਾਕਤਾਂ ਨੇ ਉਹਨਾਂ ਦੀ ਇਸ ਸਾਜਿਸ਼ੀ ਮੁਹਿੰਮ ਨੂੰ ਅਸਫਲ ਬਣਾ ਦਿਤਾ।

ਪੱਛਮੀ ਬੰਗਾਲ ਦੇ ਖੱਬੇ ਮੋਰਚੇ ਸਮੇਤ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਇਸ ਹੜਤਾਲ ਦਾ ਵਿਰੋਧ ਕੀਤਾ। ਹੜਤਾਲ ਦਾ ਵਿਰੋਧ ਕਰਦੇ ਹੋਏ ਸੀਟੂ ਨੇ ਇਸ ਅਖਾਉਤੀ ਸੰਘਰਸ਼-ਸੰਮਤੀ ਪਾਸੋਂ ਮੰਗ ਕੀਤੀ ਕਿ ਇਸ ਆਪਣੀ ਹੜਤਾਲ ਵਾਪਸ ਲੈ ਲਵੇ। ਖਾਸ ਕਰਕੇ ਮੁਸਲਮਾਨ ਬੁੱਧੀਜੀਵੀਆਂ ਅਤੇ ਅਗਾਂਹ ਵਧੂ ਵਿਚਾਰਾਂ ਵਾਲੇ ਲੋਕਾਂ ਨੇ ਇਸ ਦਾ ਡਟ ਕੇ ਮੁਕਾਬਲਾ ਕੀਤਾ। ਇਹ ਪਹਿਲਾ ਮੌਕਾ ਸੀ ਜਦ ਮੁਸਲਮਾਨ ਔਰਤ ਚਾਰਦੀਵਾਰੀ ਤੋਂ ਬਾਹਰ ਆਈ ਅਤੇ ਮੁਸਲਮਾਨ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਕਮੇਟੀ ਬਣਾਈ ਜਿਸਦੀ ਪ੍ਰਧਾਨ ਮਸ਼ਹੂਰ ਡਾਕਟਰ ਸ੍ਰੀਮਤੀ ਅਨਵਰਾ ਖਾਤੂਨ ਹੈ। ਮੁਸਲਮਾਨ ਔਰਤਾਂ ਨੇ ਇਸ ਹੜਤਾਲ ਦੇ ਖਿਲਾਫ ਅਤੇ ਸੁਪਰੀਮ ਕੋਰਟ ਦੇ ਫੈਸਲੇ ਦੇ ਹੱਕ 'ਚ ਕਲਕੱਤੇ ਵਿਚ ਥਾਂ ਥਾਂ ਮੀਟਿੰਗਾਂ ਕੀਤੀਆਂ, ਇਸਦੇ ਨਾਲ ਹੀ ਸੀ. ਪੀ. ਆਈ. (ਐਮ) ਸਮੇਤ ਖੱਬੇ ਪੱਖੀ ਮੋਰਚੇ ਦੀਆਂ ਸਾਰੀਆਂ ਪਾਰਟੀਆਂ ਅਤੇ ਖੱਬੇ ਪੱਖੀ ਸਰਕਾਰ ਨੇ ਫਿਰਕਾਪ੍ਰਸਤ ਤਾਕਤਾਂ ਦੇ ਖਿਲਾਫ ਪੁਰਜ਼ੋਰ ਮੁਹਿੰਮ ਚਲਾਈ। ਇਸ ਸਭ ਕੁਝ ਦਾ ਨਤੀਜਾ ਇਹ ਹੋਇਆ ਕਿ ਇਹ ਖੁਦ ਸੱਜੇ ਅਖਾਉਤੀ ਮੁਸਲਿਮ ਨੇਤਾ ਮੁਸਲਮਾਨ ਲੋਕਾਂ ਦੇ ਵੱਡੇ ਹਿੱਸੇ ਵਿਚੋਂ ਬੁਰੀ ਤਰ੍ਹਾਂ ਕੱਟੇ ਗਏ।

ਹੜਤਾਲ ਦੇ ਦਿਨ, ਮੁਸਲਮਾਨ ਇਲਾਕਿਆਂ ਵਿਚ ਮੁਸਲਮਾਨ ਦੀਆਂ ਕੁਝ ਦੁਕਾਨਾਂ ਜ਼ਰੂਰ ਬੰਦ ਰਹੀਆਂ ਪ੍ਰੰਤੂ ਕਲਕੱਤਾ ਜਾਂ ਪੂਰੇ ਪੱਛਮੀ ਬੰਗਾਲ ਦੇ ਲੋਕਾਂ ਦੇ ਵਿਸ਼ਾਲ ਹਿੱਸਿਆਂ ਨੂੰ ਇਹ ਹੜਤਾਲ ਜਾਂ ਮੁੱਲਿਆਂ ਦਾ ਪਰਚਾਰ ਪਰਭਾਵਤ ਨਹੀਂ ਕਰ ਸਕਿਆ। ਡਾਕਟਰ ਅਨਵਰਾ ਖਾਤੂਨ ਨੇ ਮੁਸਲਮਾਨ ਔਰਤਾਂ ਦੇ ਇਕ ਇਕੱਠ ਵਿਚ ਐਲਾਨ ਕੀਤਾ ਕਿ ਇਹਨਾਂ ਮੁੱਲਿਆਂ ਨੇ ਆਪਣੇ ਹੀ ਘਰ ਦੀਆਂ ਬਹੂ ਬੇਟੀਆਂ ਦੇ ਖਿਲਾਫ ਲੜਾਈ ਦਾ ਐਲਾਨ ਕੀਤਾ ਹੈ। ਅਜੇਹੀ ਹਾਲਤ ਵਿਚ ਸਾਨੂੰ ਵਿਰੋਧੀ ਸੰਘਰਸ਼ ਚਲਾਉਣਾ ਹੋਵੇਗਾ ਅਤੇ ਮੁਸਲਮਾਨ ਔਰਤਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜਾਗਰਿਤ ਕਰਨ ਦੀ ਮੁਹਿੰਮ ਵਿਚ ਸ਼ਾਮਲ ਹੋਣਾ ਹੋਵੇਗਾ। ਫਿਰਕਾਪ੍ਰਸਤੀ ਅਤੇ ਧਰਮ ਵਿਚ ਅੰਨੀਆ ਹੋਈਆਂ ਇਹ ਤਾਕਤਾਂ 4 ਅਕਤੂਬਰ ਨੂੰ ਆਪਣੇ ਮਨਸੂਬੇ ਪੂਰੇ ਕਰਨ ਵਿਚ ਕਾਮਯਾਬ ਨਹੀਂ ਹੋ ਸਕੀਆਂ। ਪੱਛਮੀ ਬੰਗਾਲ ਦੇ ਧਰਮ ਨਿਰਪੱਖ ਅਤੇ ਜਮਹੂਰੀ ਲੋਕਾਂ ਨੇ ਉਹਨਾਂ ਦੇ ਇਰਾਦਿਆਂ ਨੂੰ ਅਸਫਲ ਬਣਾ ਦਿਤਾ ਪ੍ਰੰਤੂ ਏਨੇ ਨਾਲ ਖਤਰਾ ਟਲ ਨਹੀਂ ਜਾਂਦਾ ਜਦ ਕਿ ਦੇਸ਼ ਦੀਆਂ ਫਿਰਕਾਪ੍ਰਸਤ ਅਤੇ ਪਿਛਾਂਹ ਖਿਚੂ ਤਾਕਤਾਂ ਨਾਲ ਬਦੇਸ਼ੀ ਸਾਮਰਾਜੀ ਤਾਕਤਾਂ ਨਾਲ ਹੱਥ ਮਿਲਾ ਕੇ ਇਸ ਦੇਸ਼ ਦੇ ਮਿਹਨਤਕਸ਼ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਤਰ੍ਹਾਂ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਅਜੇਹੀ ਹਾਲਤ ਵਿਚ ਜਮਹੂਰੀ ਤਾਕਤਾਂ ਨੂੰ ਹੋਰ ਵੀ ਸੁਚੇਤ ਰਹਿਣ ਦੀ ਲੋੜ ਹੈ ਅਤੇ ਇਹਨਾਂ ਕਾਲੀਆਂ ਤਾਕਤਾਂ ਨੂੰ ਹੋਰ ਵੀ ਬੇਨਕਾਬ ਕੀਤੇ ਜਾਣ ਦੀ ਮੁਹਿੰਮ ਨੂੰ ਹੋਰ ਵੀ ਤੇਜ਼ ਕੀਤਾ ਜਾਣਾ ਚਾਹੀਦਾ ਹੈ।

ਪੱਛਮੀ ਬੰਗਾਲ ਦੇ ਮੁਖ ਮੰਤਰੀ ਜਿਉਤੀ ਬਾਸੂ ਨੇ ਹੜਤਾਲ ਨੂੰ ਨਾਕਾਮਯਾਬ ਕਰਨ ਲਈ ਸੂਬੇ ਦੇ ਲੋਕਾਂ ਨੂੰ ਵਧਾਈ ਦਿਤੀ ਹੈ ਅਤੇ ਕਿਹਾ ਹੈ ਕਿ ਉਹਨਾਂ ਨੇ ਹੜਤਾਲ ਨੂੰ ਨਾਕਾਮਯਾਬ ਬਣਾ ਕੇ ਬੇਹੱਦ ਜਿੰਮੇਵਾਰੀ ਵਾਲੀ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਪੱਖ ਵਿਚ ਲੋਕ ਰਾਏ ਇਕੱਠੀ ਕੀਤੀ ਜਾਵੇ।

## ਕਵੀ-ਓ-ਵਾਚ

ਪ੍ਰਿੰਤ ਕਵੀ ਧਿਆਨਪੁਰੀ

### ਕੰਧ ਸਾਹਿਬ

ਸਾਨੂੰ ਪੜ੍ਹਨ ਦੀ ਵਿਹਲ ਹੀ ਨਹੀਂ ਮਿਲਦੀ,
ਲਿਖੀਆਂ ਕੰਧਾਂ ਦੇ ਉਤੇ ਇਬਾਰਤਾਂ ਨੇ।
ਇਕੋ ਛੱਤ ਹੇਠਾਂ ਭਾਵੇਂ ਵਸਦੇ ਹਾਂ
ਸਾਡੇ ਦਿਲਾਂ ਉਤੇ ਫਿਰ ਵੀ ਭਾਰ ਤਾਂ ਨੇ!
ਬੈਠੇ ਰਹਿੰਦੇ ਨੇ ਕੰਧਾਂ ਨੂੰ ਕੰਨ ਲਾ ਕੇ,
ਕਰਦੇ ਰਹਿੰਦੇ ਸ਼ਰੀਰ ਸ਼ਰਾਰਤਾਂ ਨੇ।
ਫਿਰ ਵੀ ਯਾਰੋ! ਬਟਾਲੇ ਦੀ ਕੰਧ ਵਾਕਣ,
ਕਾਇਮ ਰਹਿਣਾ ਹੈ ਇਹਨਾਂ ਇਮਾਰਤਾਂ ਨੇ।।

ਪੰਨਾ 17 ਤੋਂ ਅੱਗੇ

ਉਪਰ ਬੈਠ ਕੇ ਵੀ ਸਿਮਰਨ ਕਰਨਾ ਜ਼ਰੂਰੀ ਹੈ। "ਪੈਰੀ ਪੈ ਪਾਖਾਕੁ, ਮੇਰੀਦੇ ਥੀਵਣਾ। ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ। ਪਰਹਰਿ ਸਭੇ ਸਾਕ, ਸੁ ਰੰਗ ਰੰਗੀਵਣਾ। ਹੋਰ ਨਾ ਝਖਣੁ ਝਾਕ, ਸਰਣਿ ਮਨੁ ਸੀਵਣਾ। ਪਿਰਮ ਪਿਆਲਾ ਪਾਕ, ਅਮਿਅ ਰਸੁ ਪੀਵਣਾ। ਮਸਕੀਨੀ ਅਉਤਾਕ, ਅਸਥਿਰੁ ਥੀਵਣਾ। ਦਸ ਅਉਗਤਿ ਤਲਾਕ ਸਹਜਿ ਅਲੀਵਣਾ। ਸਾਵਧਾਨ ਗੁਰਵਾਕ ਨ ਮਨ ਭਰਮੀਵਣਾ। ਸ਼ਬਦ ਸੁਰਤਿ ਹੁਸਨਾਕੁ ਪਾਰਿ ਪਰੀਵਣਾ ॥੧੯॥"

ਇਸ ਤਰ੍ਹਾਂ ਦੇ ਜੀਵਨ ਵਾਲੇ ਧਰਮੀ ਸਜਣ ਹੀ "ਪੰਚੇ ਸੋਹਹਿ ਦਰਿ ਰਾਜਾਨੁ॥" ਦੇ ਅਧਿਕਾਰੀ ਬਣ ਸਕਦੇ ਹਨ। ਧਰਮੀ ਰਾਜਨੀਤੀ ਵਿਚ "ਜਿਨਿ ਮਨਿ ਹੋਰੁ ਮੁਖਿ ਹੋਰੁ, ਸੇ ਕਾਂਢੇ ਰਚਿਆ ॥" ਲਈ ਕੋਈ ਥਾਂ ਨਹੀਂ ਹੈ।

ਸਮੇਂ ਦੇ ਨਾਲ ਨਾਲ ਉਤਰਾਅ ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ। ਪਰ ਅਖੀਰ ਵਿਚ "ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ ॥" ਆਉ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਨੂੰ ਪਿਆਰ ਕਰਨ ਵਾਲੇ ਵੀਰੋ, ਰਲ ਮਿਲ ਕੇ ਖਲਕਤ ਦੀ ਸੇਵਾ ਕਰੀਏ ਅਤੇ ਆਪਦਾ ਜੀਵਨ ਸਫਲ ਬਣਾਈਏ। ਕੇਵਲ ਦੂਜਿਆਂ ਦੇ ਨੁਕਸਾਂ ਦੀ ਵਜਾਏ ਆਪਣੇ ਆਪ ਨੂੰ ਸੋਧੀਏ ਅਤੇ ਦੂਜਿਆਂ ਨੂੰ ਪਰੇਰਨਾ ਕਰੀਏ, ਪਹਿਲਾਂ ਆਪ ਅਮਲ ਕਰਕੇ "ਨਿੰਦਾ ਭਲੀ ਕਿਸੈ ਦੀ ਨਾਹੀ, ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾਂ, ਨਰਕੇ ਘੋਰਿ ਪਵੰਨਿ ॥"

ਆਉ, ਸੱਚ ਕਹਿਣੋ ਅਤੇ ਕਰਨੋ ਕਦੇ ਨਾ ਝਿਜਕੀਏ, ਦੁਨਿਆਵੀ ਲੋਕਾਂ ਦੇ ਧੜੇ, ਗਰੁਪ ਵਾਜੀਆਂ ਤੋਂ ਉਪਰ ਉਠ ਕੇ "ਸ਼ੁਭ ਕਰਮਨ ਤੇ ਕਬਹੂੰ ਨ ਟਰੋਂ" ਦਾ ਰਾਹ ਫੜੀਏ।


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर-इंडिया

AIR-INDIA

WE'RE YOUR AIRLINE

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

ਫਿਲਮਦਰਪਣ

# ਇਕ ਹੈ ਹੈਲਨ ਇਕ ਸੀ ਹੈਲਨ

**ਹੈਲਨ ਜਦੋਂ ਭਰ ਜੋਬਨ ਵਿਚ ਸੀ । ਉਹ ਦਾ ਡਾਂਸ ਦੇਖਦਿਆਂ, ਦਰਸ਼ਕ ਅੱਖ ਝਪਕਣ ਤੋਂ ਪ੍ਰਹੇਜ਼ ਕਰਦਾ ਸੀ**



ਹੁਣ ਹੈਲਨ ਨਵੀਆਂ ਫਿਲਮਾਂ 'ਚ ਪਰਦੇ ਉਤੇ ਕਿਧਰੇ ਦਿਖਾਈ ਨਹੀਂ ਦਿੰਦੀ। ਕਦੇ ਸਮਾਂ ਸੀ ਕਿ ਫਿਲਮ ਦੇ ਅਭਿਨੇਤਾ ਅਤੇ ਅਭਿਨੇਤਰੀ ਦੇ ਬਰਾਬਰ ਹੈਲਨ ਦਾ ਨਾਂ ਆਉਂਦਾ ਸੀ। ਉਹਦੇ ਨਾਚ ਨਾਲ ਫਿਲਮ ਦੀ ਖਾਸ ਖਿਚ ਬਣ ਜਾਂਦੀ ਸੀ। ਸਾਧਾਰਨ ਫਿਲਮ ਵਿਚ ਹੈਲਨ ਦਾ ਨਾਚ ਪਾ ਦੇਣ ਨਾਲ ਫਿਲਮ ਦਾ ਮੁੱਲ ਵਧ ਜਾਂਦਾ ਸੀ। ਏਦਾਂ ਵੀ ਕਈ ਵਾਰ ਹੁੰਦਾ ਸੀ ਕਿ ਦਰਸ਼ਕ ਨੂੰ ਫਿਲਮ ਪਸੰਦ ਨਹੀਂ ਸੀ ਆਉਂਦੀ ਪਰ ਉਹ ਸਿਨੇਮਾ-ਹਾਲ 'ਚੋਂ ਬਾਹਰ ਆ ਕੇ ਆਖਿਆ ਕਰਦਾ ਸੀ, 'ਚਲੋ, ਟਿਕਟ ਦਾ ਮੁੱਲ ਮੁੜ ਆਇਆ, ਹੈਲਨ ਦਾ ਡਾਂਸ ਤਾਂ ਦੇਖ ਲਿਆ।'

1955 ਤੋਂ 1975 ਤਕ ਬਣਨ ਵਾਲੀਆਂ ਹਿੰਦੀ ਫਿਲਮਾਂ ਵਿਚ ਹੈਲਨ ਦੀ ਚੜ੍ਹਤ ਰਹੀ। ਏਦੂੰ ਬਾਅਦ ਵੀ ਗਾਹੇਬਗਾਹੇ ਉਹ ਪਰਦੇ 'ਤੇ ਹਾਜ਼ਰ ਹੁੰਦੀ ਰਹੀ ਪਰ ਉਹਦੇ ਨਾਚ ਦੀ ਸਿਖਰ-ਰੇਖਾ ਨਵੀਆਂ ਪੌੜੀਆਂ ਬਣਾਉਣ ਦੇ ਸਮਰੱਥ ਨਾ ਰਹੀ।

ਹੈਲਨ ਤੋਂ ਪਹਿਲਾਂ ਕੁਕੂ ਡਾਂਸਰ ਦੀ ਬੜੀ ਧੁੰਮ ਸੀ। ਹੈਲਨ ਵੀ ਅਸਲ ਵਿਚ ਕੁਕੂ ਦੀ ਖੋਜ ਸੀ। ਨ੍ਰਿਤ-ਮਾਸਟਰ ਬਦਰੀ ਪ੍ਰਸਾਦ ਕੋਲ ਹੈਲਨ ਨੂੰ ਲਿਜਾ ਕੇ ਕੁਕੂ ਨੇ ਕਿਹਾ, "ਉਸਤਾਦ ਜੀ, ਇਸ ਬੱਚੀ ਵੱਲ ਧਿਆਨ ਕਰੋ।" ਬਦਰੀ ਪ੍ਰਸਾਦ ਨੂੰ ਪਹਿਲੀ ਨਜ਼ਰੇ ਹੀ ਹੈਲਨ ਜਚ ਗਈ ਤੇ ਉਹਨੇ ਕੁਝ ਫਿਲਮਾਂ ਵਿਚ ਹੈਲਨ ਨੂੰ ਸਮੂਹ-ਨ੍ਰਿਤ 'ਚ ਪੇਸ਼ ਕੀਤਾ। "ਅੰਬਰ" ਫਿਲਮ 'ਚ ਹੈਲਨ ਨੇ ਕੁਕੂ ਨਾਲ ਨਾਚ ਨੱਚਿਆ। ਅਗਲੇ ਕੁਝ ਸਾਲਾਂ ਅੰਦਰ ਹੈਲਨ ਨੇ ਆਪਣੀ ਵੱਖਰੀ ਪਛਾਣ ਕਾਇਮ ਕਰ ਲਈ।

ਉਹ ਮਸੀਂ 14 ਸਾਲ ਦੀ ਸੀ ਜਦੋਂ ਕਿ ਅਮਰਨਾਥ ਨੇ ਫਿਲਮ "ਅਲਫ ਲੈਲਾ" ਵਿਚ ਉਹਦਾ ਮੁਕੰਮਲ ਨਾਚ ਪੇਸ਼ ਕੀਤਾ। ਫਿਰ "ਤੀਰਅੰਦਾਜ਼", "ਹਾਵੜਾ ਬਰਿਜ", "ਮਯੂਰ ਪੰਖ", "ਹਮ ਹਿੰਦੂਸਤਾਨੀ", "ਬਾਗਿਸ਼", "ਨੌਂ ਦੋ ਗਿਆਰਾਂ", ਤੇ "ਛੋਟੇ ਨਵਾਬ" ਤੋਂ ਲੈ ਕੇ "ਡਾਨ" ਤਕ ਹੈਲਨ ਨੇ 500 ਤੋਂ ਵੱਧ ਫਿਲਮਾਂ ਵਿਚ ਆਪਣੀ ਨ੍ਰਿਤ-ਕਲਾ ਦੇ ਜੌਹਰ ਦਿਖਾਏ। ਭਾਵੇਂ ਹੁਣ ਹੈਲਨ ਸਰਗਰਮੀ ਛੱਡ ਚੁੱਕੀ ਹੈ ਪਰ ਉਹਦੇ ਨਾਚਾਂ ਵਾਲੀਆਂ ਕੁਝ ਫਿਲਮਾਂ ਅਜੇ ਅਧੂਰੀਆਂ ਹਨ ਭਵਿਖ 'ਚ ਮੁਕੰਮਲ ਹੋ ਕੇ ਰਿਲੀਜ਼ ਹੋ ਵੀ ਸਕਦੀਆਂ ਹਨ।

ਕਿਸੇ ਫਿਲਮ 'ਚ ਹੈਲਨ ਆਦਿਵਾਸੀ ਲੜਕੀ ਬਣੀ ਤੇ ਕਿਸੇ ਵਿਚ ਮਾਡਰਨ ਸੁਸਾਇਟੀ ਦੀ ਫੈਸ਼ਨੇਬਲ ਮੁਟਿਆਰ। ਕਿਸੇ ਫਿਲਮ 'ਚ ਉਹ ਵੈਂਪ ਬਣ ਕੇ ਉਭਰੀ ਤੇ ਕਿਸੇ ਵਿਚ ਸੱਚੇ ਇਸ਼ਕ ਲਈ ਜਾਨ ਵਾਰਨ ਵਾਲੀ ਮਾਸ਼ੂਕ। ਇਹੋ ਜਿਹੀਆਂ ਵੀ ਬਹੁਤ ਫਿਲਮਾਂ ਆਈਆਂ ਜਿਨ੍ਹਾਂ ਵਿਚ ਹੈਲਨ ਨੇ ਨਾਚ ਤੋਂ ਇਲਾਵਾ ਲੰਮੀ ਭੂਮਿਕਾ ਨਿਭਾਈ। ਦਾਰਾ ਸਿੰਘ ਨਾਲ ਤਿੰਨ-ਚਾਰ ਫਿਲਮਾਂ 'ਚ ਉਹ ਪੂਰੀ-ਸੂਰੀ ਹੀਰੋਇਨ ਬਣੀ।

"ਸ਼ੋਅਲੇ" ਫਿਲਮ ਦੀਆਂ ਦਰਜਨਾਂ ਖੂਬੀਆਂ ਜੋ ਯਾਦ-ਰਖਣ ਯੋਗ ਬਣੀਆਂ, ਉਨ੍ਹਾ 'ਚੋਂ ਇਕ ਖੂਬੀ ਹੈਲਨ ਦਾ ਨਾਚ ਵੀ ਸੀ। "ਮਹਿਬੂਬਾ-ਓ-ਮਹਿਬੂਬਾ" ਗਾਣਾ ਹੈਲਨ ਦੇ ਨਾਚ 'ਤੇ ਹੀ ਫਿਲਮਾਇਆ ਗਿਆ ਸੀ। ਫਿਲਮ "ਬੈਰਾਗ" ਵਿਚ ਦਲੀਪ ਕੁਮਾਰ ਨੇ ਹੈਲਨ ਨਾਲ ਥੋੜ੍ਹੀ ਜਿਹੀ ਕਾਮੇਡੀ ਕਰਕੇ ਵਿਖਾਈ ਸੀ। "ਇਮਾਨ ਧਰਮ" ਤੇ "ਡਾਨ" ਵਿਚ ਹੈਲਨ ਨੇ ਅਮਿਤਾਭ ਅੱਗੇ ਨਾਚ ਨੱਚਿਆ। "ਸ਼ਰੀਫ ਬਦਮਾਸ਼" ਵਿਚ ਉਹ ਦੇਵ ਆਨੰਦ ਅੱਗੇ ਨੱਚੀ। 'ਏਜੰਟ ਵਿਨੋਦ" ਦੀ ਕਾਮਯਾਬੀ 'ਚ ਹੈਲਨ ਦਾ ਖਾਸ ਯੋਗਦਾਨ ਸਮਝਿਆ ਗਿਆ। "ਲਹੂ ਦੇ ਦੋ ਰੰਗ" ਫਿਲਮ 'ਤੇ ਆਧਾਰਤ ਹੈਲਨ ਨੂੰ ਉਤਮ ਸਹਿ-ਅਭਿਨੇਤਰੀ ਦਾ ਫਿਲਮ ਫੇਰ ਇਨਾਮ ਦਿਤਾ ਗਿਆ।

ਉਂਝ ਤਾਂ ਹੈਲਨ ਦਾ ਹਰ ਡਾਂਸ ਹੀ ਚੜ੍ਹਦੇ ਤੋਂ ਚੜ੍ਹਦਾ ਹੁੰਦਾ ਸੀ ਪ੍ਰੰਤੂ "ਤਲਾਸ਼" "ਹਲਚਲ" ਅਤੇ "ਤੀਸਰੀ ਮੰਜ਼ਲ" ਫਿਲਮਾਂ ਵਿਚਲੇ ਉਹ ਦੇ ਨਾਚਾਂ ਨੂੰ ਨਾਚ ਦੇ ਮਹਾਂਰਥੀਆਂ ਨੇ ਵੀ "ਪਰਫੈਕਟ" ਮੰਨਿਆ ਹੈ।

ਨੱਚਣ ਵਾਲੀ ਵਾਸਤੇ ਆਕਰਸ਼ਕ ਜਿਸਮ ਹੋਣਾ ਮੁਢਲੀ ਸ਼ਰਤ ਹੈ। ਹੈਲਨ ਦਾ ਇਕ-ਇਕ ਅੰਗ ਵਰਜਿਸ਼ਾਂ ਤੇ ਯੋਗ-ਸਾਧਨਾਂ ਨਾਲ ਕਮਾਇਆ ਹੋਇਆ ਸੀ। ਸਕਰੀਨ ਤੋਂ ਇਲਾਵਾ ਸਟੇਜ ਪਰੋਗਰਾਮਾਂ ਵਿਚ ਵੀ ਦੇਖਣ ਵਾਲਿਆਂ ਨੇ ਨੋਟ ਕੀਤਾ ਹੋਵੇਗਾ ਕਿ ਹੈਲਨ ਦੀ ਨਾਚ ਨੱਚਦਿਆਂ ਕਦੇ ਵੀ ਅੱਡੀ ਹੇਠਾਂ ਨਹੀਂ ਸੀ ਲਗਦੀ। ਉਹ ਸਦਾ ਪੱਬਾਂ ਨਾਲ ਨੱਚਦੀ ਤੇ ਉਡਦੀ ਜਿਹੀ ਦਿਖਾਈ ਦਿੰਦੀ ਸੀ। ਡਾਇਰੈਕਟਰਾਂ ਵਲੋਂ ਭੜਕੀਲੀ ਪੁਸ਼ਾਕ ਪੁਆਏ ਜਾਣ ਦੇ ਬਾਵਜੂਦ ਹੈਲਨ ਦਰਸ਼ਕਾਂ ਦੇ ਸੋਹਜ-ਸੁਆਦ 'ਚ ਵਿਗਾੜ ਪੈਦਾ ਨਹੀਂ ਸੀ ਹੋਣ ਦਿੰਦੀ। ਤਿਰਛੀਆਂ ਨਿਗਾਹਾਂ ਸੁਟਦੀ ਹੋਈ ਦੀ ਵੀ, ਅੱਖ ਸ਼ਰੀਫ ਜਾਪਦੀ ਸੀ। ਹੈਲਨ ਦੇ ਨਾਚ ਦੀ ਸਭ ਤੋਂ ਵੱਡੀ ਸਿਫਤ ਇਹ ਸੀ ਕਿ ਨੱਚਣ ਵੇਲੇ ਉਹਦੇ ਪੈਰ, ਲੱਤਾਂ, ਲੱਕ ਤੇ ਹੱਥ ਹੀ ਨਹੀਂ ਸਨ ਨਚਦੇ ਸਗੋਂ ਬੁਲ੍ਹ ਵੀ ਨਚਦੇ ਸਨ, ਦੰਦ ਵੀ ਨਚਦੇ ਸਨ, ਦਿਲ ਵੀ ਨਚਦਾ ਸੀ ਤੇ ਰੂਹ ਵੀ ਨੱਚਦੀ ਸੀ .....।

# ਚਿੱਠੀਆਂ ਨੇ ਖੋਲ੍ਹ ਸੁਣਾਇਆ ਦਿਲ ਦੀ ਵੇਦਨਾ ਨੂੰ

ਸਿਨੇਮਾ-ਘਰਾਂ ਦੀਆਂ ਸਕਰੀਨਾਂ ਉਪਰ ਨੱਚਦੇ, ਟੱਪਦੇ, ਰੋਂਦੇ ਤੇ ਹਸਦੇ ਚਿਹਰੇ, ਲੋਕਾਂ ਦਿਆਂ ਮਨਾਂ ਵਿਚ ਕਈ ਵਾਰ ਘਰ ਜਾਂਦੇ ਹਨ। ਪੱਤਲ-ਚੰਮੇ ਦਰਸ਼ਕ ਤਾਂ ਫਿਲਮੀ ਕਲਾਕਾਰਾਂ ਦਾ ਏਨਾ ਪ੍ਰਭਾਵ ਕਬੂਲ ਬੈਠਦੇ ਹਨ ਕਿ ਆਪਣੇ ਮਨ-ਭਾਉਂਦੇ ਕਲਾਕਾਰ ਵਾਂਗ ਹੀ ਆਮ ਜ਼ਿੰਦਗੀ ਵਿਚ ਅਦਾਵਾਂ ਕਰਨ ਦੀ ਆਦਤ ਸਹੇੜ ਲੈਂਦੇ ਹਨ। ਫਿਰ ਅਜਿਹੇ ਦਰਸ਼ਕ, ਕਲਾਕਾਰਾਂ ਦੇ ਅਤੇ ਪਤੇ ਲੱਭ ਕੇ, ਉਨ੍ਹਾਂ ਨੂੰ ਬੜੀਆਂ ਅਪਣੱਤ-ਭਰੀਆਂ ਚਿੱਠੀਆਂ ਲਿਖਣ ਲਗਦੇ ਹਨ। ਏਸ ਕਿਸਮ ਦੀਆਂ ਬਹੁਤੀਆਂ ਚਿੱਠੀਆਂ ਵਿਚ ਸ਼ਿਫਤਾਂ ਦੇ ਪੁਲ ਹੀ ਬੰਨ੍ਹੇ ਹੁੰਦੇ ਹਨ। ਪਰ ਕਿਤੇ ਕੋਈ ਚਿੱਠੀ ਦੋ ਪਲ ਸੋਚਾਂ 'ਚ ਪਾ ਦਿੰਦੀ ਹੈ। ਕੋਈ ਚਿੱਠੀ ਹੱਸਣ ਲਈ ਮਜਬੂਰ ਕਰਦੀ ਹੈ। ਕੋਈ ਚਿੱਠੀ ਆਪਣੇ ਭੋਲੇਪਣ ਤੇ ਮਾਸੂਮੀਅਤ ਕਾਰਨ ਅਸ਼-ਅਸ਼ ਕਰਵਾ ਜਾਂਦੀ ਹੈ। ਨਮੂਨੇ ਵਜੋਂ ਅਜਿਹੀਆਂ ਕੁਝ ਚਿੱਠੀਆਂ ਦੇ ਅੰਸ਼ ਪੇਸ਼ ਹਨ ਜੋ ਸਮੇਂ ਸਮੇਂ ਸਿਰ ਬੰਬਈ 'ਚ ਐਕਟਰਾਂ, ਐਕਟਰਸਾਂ ਤੇ ਡਾਇਰੈਕਟਰਾਂ ਨੂੰ ਪੁਜੀਆਂ ਤੇ ਉਨ੍ਹਾਂ ਆਪਣੀਆਂ ਫਾਈਲਾਂ ਵਿਚ ਕੀਮਤੀ ਕਾਗਜ਼ਾਂ ਵਾਂਗ ਸਾਂਭ ਕੇ ਰੱਖੀਆਂ ਹਨ :

ਪੰਜਾਬੀ ਫਿਲਮਾਂ ਸਾਲ ਸੋਲ੍ਹਵਾਂ ਚੜ੍ਹਿਆ, ਮਾਹੀ ਮੁੰਡਾ, ਅੱਬਰੀ ਤੇ ਬਲਬੀਰੋ ਭਾਬੀ ਆਦਿ ਨਾਲ ਗਿਰਜਾ ਮਿਤਰਾ ਐਕਟਰੈਸ ਪੰਜਾਬ ਵਿਚ ਕਾਫੀ ਪਾਪੂਲਰ ਹੋ ਗਈ। ਇਕ ਵਾਰ ਉਹ ਨੂੰ ਇਕ ਬਹੁਤ "ਮਾਸੂਮ ਖੱਤ" ਪੁਜਿਆ -

ਮੇਰੀ ਪਿਆਰੀ ਦੀਦੀ,

ਮੈਂ ਤੁਹਾਡੀ ਫਿਲਮ "ਸਾਲ ਸੋਲ੍ਹਵਾਂ ਚੜ੍ਹਿਆ" ਅੱਜ ਹੀ ਦੇਖੀ। ਉਹਦੇ ਵਿਚ ਤੁਸੀਂ ਬਹੁਤ ਸੋਹਣੇ ਲੱਗੇ, ਤੁਹਾਡਾ ਰੂਪ ਮਲੈਮ ਬਰਫ ਵਰਗਾ ਸੀ। "ਬੌਬੀ" ਦੀ ਡਿੰਪਲ ਤਾਂ ਤੁਹਾਡੇ ਮੂਹਰੇ ਕੁਝ ਵੀ ਨਹੀਂ ਸੀ। ਕਾਸ਼! ਤੁਹਾਡਾ ਡਾਇਰੈਕਟਰ

(ਬਾਕੀ ਪੰਨਾ 23 ਤੇ)

JIM PATTISON Pontiac Buick GMC TRUCKS



# JIM PATTISON

**PONTIAC - BUICK - CADILLAC and GMC**

3434 MAIN ST. VANCOUVER, B.C.

GM

MERRY CHRISTMAS & HAPPY NEW YEAR

**Tel. 879-4233**

## ਨਵੀਆਂ ਪੌਂਟੀਅਕ ਲਾਈਨ

## Parlad Gill

ਫਾਇਰਫਲਾਇਟ - ਸੱਨਬਰਸਟ - ਅਕੈਡੀਅਨ - ਟੀ1000 - ਸੱਨਬਰਡ - ਫੀਰਏਰੋ ਫੀਰੋ - ਫਾਇਰਬਰਡ - ਟਰਾਂਜ਼ਐਮ - ਗਰੈਂਡਐਮ - ਪੌਂਟੀਅਕ 6000 - ਬੌਨਾਵਿਲ ਅਤੇ ਪੈਰੀਜ਼ੀਅਨ

## —ਬੀਊਕ ਲਾਈਨ

ਸਕਾਈਹਾਕ - ਸਕਾਈਲਾਰਕ - ਸੈਂਚਰੀ - ਰੀਗਲ ਸੌਮਰਸੈਟ - ਰੀਗਲ - ਲੇਸਬਰ - ਈਲੈਕਟਰਾ ਪਾਰਕ ਐਵੇਨੀਉ - ਈਵੀਰਾ

## ਕੈਡੂਲਿਕ ਲਾਈਨ

ਡੀਵਿੱਲ - ਫਲੀਟਵੁੱਡ - ਐਲਡਰਡੋ - ਸਵਿੱਲ - ਜੀ ਐਮ ਸੀ - ਪਿਕ ਅਪ - ਵੈਨ - ਜ਼ਿਮੀ ਅਤੇ 4x4 ਵੀਲ ਡਰਾਈਵ

ਸਾਡੇ ਕੋਲ ਹੋਰ ਵੀ ਬਹੁਤ ਸਾਰੀਆਂ ਨਵੀਆਂ ਅਤੇ ਪੁਰਾਣੀਆਂ ਕਾਰਾਂ ਹਨ। ਜੇ ਤੁਸੀਂ Chevorlet, Oldsmobile Or Toyata Line ਦੀਆਂ ਨਵੀਆਂ ਕਾਰਾਂ ਲੈਣੀਆਂ ਹੋਣ ਤਾਂ ਮਿਲੋ ਜਾਂ ਫੋਨ ਕਰੋ :—

**ਪਰਲਾਦ ਸਿੰਘ ਗਿੱਲ**



**Bus. 879 - 4233**
**Res. 435 - 1834**



ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

(ਪੰਨਾ 22 ਦੀ ਬਾਕੀ)

ਭੀ ਰਾਜ ਕਪੂਰ ਹੁੰਦਾ। — ਦੀਦੀ ਤੁਹਾਡੀ ਸ਼ਕਲ ਦੀ ਮੇਰੀ ਇਕ ਭੈਣ ਸੀ। ਤੁਹਾਨੂੰ ਦੇਖ ਕੇ ਦਿਲ ਰੋ ਉਠਿਆ। ਅੱਖਾਂ ਭਰ ਆਈਆਂ ਮੇਰੀ ਮੋਈ ਭੈਣ ਦੇ ਸੁਪਨੇ ਸਤਾਉਣ ਲੱਗੇ। ਮੈਂ ਆਪਣੇ ਦੋਸਤਾਂ ਕੋਲ ਕਹਿ ਬੈਠਾਂ ਕਿ ਗਿਰਜਾ ਮਿਰਤਾ ਮੇਰੀ ਰਾਖੀ ਬੰਨ੍ਹ ਭੈਣ ਬਣੀ ਹੋਈ ਏ। ਤੁਸੀਂ ਮੈਨੂੰ ਖਤ ਜ਼ਰੂਰ ਲਿਖਣਾ ਤਾਂ ਕਿ ਮੈਂ ਉਨ੍ਹਾਂ ਵਿਚ ਮਾਣ ਨਾਲ ਸਿਰ ਉਚਾ ਕਰ ਸਕਾਂ। ਤੁਹਾਨੂੰ ਮੇਰੀ ਇਕ ਅਰਜ਼ ਏ ਕਿ ਇਹੋ ਜਿਹੇ ਸੀਨ ਨਾ ਕਰਿਆ ਕਰੋ ਜੋ ਦੇਖ ਕੇ ਇਕ ਵੀਰ ਨੂੰ ਸ਼ਰਮ ਆਵੇ। ਇਕ ਰਸਾਲੇ ਵਿਚ ਤੁਹਾਡੀ ਕਿਸੇ ਹੋਰ ਫਿਲਮ ਦਾ ਨਾਂਅ ਪੜ੍ਹਿਆ ਸੀ। ਹੀਰੋ ਕੋਈ ਨਵਾਂ ਮੁੰਡਾ ਏ। ਤੁਹਾਨੂੰ ਮੇਰੀ ਛੋਟੇ ਭਰਾਵਾਂ ਵਾਲੀ ਨਸੀਅਤ ਏ ਕਿ ਇਨ੍ਹਾਂ ਨਵਿਆਂ ਛੋਕਰਿਆਂ ਨਾਲ ਹੀਰੋ ਨਾ ਆਇਆ ਕਰੋ। ਕਾਸ਼! ਉਸ ਦੀ ਥਾਂ ਧਰਮਿੰਦਰ ਜਾਂ ਰਾਜੇਸ਼ ਖੰਨਾ ਹੁੰਦਾ। ਦੀਦੀ, ਮੇਰਾ ਬਹੁਤ ਦਿਲ ਕਰਦਾ ਏ ਮੈਂ ਬੰਬਈ ਆਪਣੀ ਭੈਣ ਕੋਲ ਈ ਰਹਾਂ। ਦੀਦੀ, ਮੈਂ ਦੋ ਫਿਲਮੀ ਕਹਾਣੀਆਂ ਵੀ ਲਿਖੀਆਂ ਹਨ। ਤੁਸੀਂ ਕਿਸੇ ਪ੍ਰੋਡਿਊਸਰ ਨਾਲ ਗੱਲ ਕਰ ਲੈਣੀ। ਉਨ੍ਹਾਂ ਵਿਚ ਤੁਸੀਂ ਬਹੁਤ ਢੁਕਦੇ ਹੋ ਤੇ ਹੀਰੋ ਕੋਈ ਵੱਡਾ ਹੋਵੇ, ਰਿਸ਼ੀ ਕਪੂਰ ਵਰਗਾ। ਜੇ ਕਹਾਣੀ ਉਨ੍ਹਾਂ ਨੂੰ ਪਸੰਦ ਆ ਗਈ ਤਾਂ ਪੈਸਿਆਂ ਦੀ ਗੱਲ ਆਪੇ ਕਰ ਲੈਣੀ। ਫਿਰ ਮੈਂ ਕੁਝ ਦਿਨ ਵਾਸਤੇ ਤੁਹਾਡੇ ਕੋਲ ਰਹਾਂਗਾ ਤੇ ਫਿਰ ਆਪਣੀ ਕੋਠੀ ਖਰੀਦ ਲਵਾਂਗਾ। ਮੇਰੇ ਵਲੋਂ ਮੰਮੀ, ਡੈਡੀ ਨੂੰ ਨਮਸਤੇ।

ਤੁਹਾਡੀ ਵੀਰ
ਜੈ ਚੰਦ ਸੰਦੇਸ਼ੀ

ਨੋਟ :— ਮੈਂ ਆਪਣਾ ਫਿਲਮੀ ਨਾਂ ਵੀ ਬਦਲਣਾ ਚਾਹੁੰਦਾ ਹਾਂ। ਜੋ ਕਿ ਮੇਰੀ ਦੀਦੀ ਹੀ ਰੱਖੇਗੀ।

********

ਕਾਮੇਡੀਅਨ ਮੇਹਰ ਮਿੱਤਲ ਨੇ ਮਾਂ ਦਾ ਲਾਡਲਾ, ਤੇਰੀ ਮੇਰੀ ਇਕ ਜ਼ਿੰਦੜੀ ਤੇ ਮਿੱਤਰ ਪਿਆਰੇ ਨੂੰ ਤੋਂ ਲੈ ਕੇ ਚੰਨ ਪ੍ਰਦੇਸੀ, ਮਾਮਲਾ ਗੜਬੜ ਹੈ, ਸਰਪੰਚ, ਨੰਬਰਦਾਰਨੀ ਤੇ ਰਾਣੋ ਆਦਿ ਕਈ ਦਰਜਨ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਹੈ। ਪੰਜਾਬੀ ਫਿਲਮ ਸਨਅਤ 'ਚ ਸਭ ਤੋਂ ਵੱਧ ਰੁਝੇਵਾਂ ਮੇਹਰ ਮਿੱਤਰ ਕੋਲ ਹੈ ਤੇ ਪੰਜਾਬੀ ਫਿਲਮਾਂ ਦੇ ਘੇਰੇ ਵਿਚ ਆਉਂਦੇ ਕਲਾਕਾਰਾਂ 'ਚੋਂ ਸਭ ਤੋਂ ਵੱਧ ਫੈਨ ਵੀ ਮੇਹਰ ਮਿੱਤਲ ਦੇ ਹਨ। ਉਹਦੇ ਇਕ ਫੈਨ ਨੇ ਚਿੱਠੀ ਇਸ ਪ੍ਰਕਾਰ ਲਿਖੀ :

ਸਤਿਗੁਰ ਤੇਰੀ ਓਟ,

ਸਤਿਕਾਰਯੋਗ ਮੇਹਰ ਮਿੱਤਰ ਸਾਹਿਬ ਜੀਓ, ਪਿਆਰ ਭਰੀ ਸਤਿ ਸ੍ਰੀ ਅਕਾਲ। ਪਿਆਰ ਭਰੀ ਯਾਦ ਦਿਨ ਪ੍ਰਤੀ ਆਉਂਦੀ ਰਹੇ ਤੇ ਸੁੱਖਾਂ ਦੇ ਸੰਦੇਸ਼ ਮਿਲਦੇ ਰਹਿਣ। ਅੱਗੇ ਸਮਾਚਾਰ ਇਹ ਹੈ ਕਿ ਤੁਹਾਡੀਆਂ ਫਿਲਮਾਂ ਦਿਨ-ਪ੍ਰਤੀ ਦਿਨ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਹਾਂ। ਮੈਨੂੰ ਸਮਝ ਨਹੀਂ ਆਉਂਦੀ ਕਿ ਤੁਹਾਡਾ ਦਿਮਾਗ ਕਿਸ ਤਰ੍ਹਾਂ ਦਾ ਹੈ। ਤੁਸੀਂ ਦੁਖੀ ਤੋਂ ਦੁਖੀ ਇਨਸਾਨ ਦਾ ਮਨ ਵੀ ਖੁਸ਼ ਕਰਨ ਵਾਲੇ ਹੋ। ਤੁਸੀਂ ਹਰੇਕ ਫਿਲਮ ਵਿਚ ਹਾਸੇ ਵਾਲੇ ਰੋਲ ਕਰਦੇ ਹੋ ਜਿਸ ਨੂੰ ਵੇਖ ਕੇ ਇਨਸਾਨ ਲੋਟ-ਪੋਟ ਹੋ ਸਕਦਾ ਹੈ। ਮੈਨੂੰ ਹਰ ਟਾਈਮ ਤੁਸੀਂ ਬਹੁਤ ਯਾਦ ਆਉਂਦੇ ਹੋ। ਬੜੀ ਦੇਰ ਤੋਂ ਮੇਰਾ ਮਨ ਤੁਹਾਨੂੰ ਮਿਲਣ ਲਈ ਕਰਦਾ ਰਹਿੰਦਾ ਹੈ। ਪਰ ਮੈਂ ਕਿਵੇਂ ਮਿਲ ਸਕਦਾਂ। ਮੈਂ ਅਜੇ ਛੋਟਾ ਹਾਂ। ਸੱਤਵੀਂ ਕਲਾਸ ਵਿਚ ਪੜ੍ਹਦਾ ਹਾਂ। ਤੁਸੀਂ "ਮਾਵਾਂ ਠੰਡੀਆਂ ਛਾਵਾਂ" ਵਿਚ ਜੋ ਫੋਟੋਗਰਾਫਰ ਦਾ ਰੋਲ ਕੀਤਾ ਸੀ, ਉਸ ਤੋਂ ਬਹੁਤ ਹਾਸਾ ਆਇਆ। ਮੇਰਾ ਵੀ ਦਿਲ ਕਰਦਾ ਹੈ ਕਿ ਮੈਂ ਤੁਹਾਨੂੰ ਮਿਲ ਸਕਾਂ। ਕੋਈ ਗੱਲ ਨਹੀਂ ਇਸ ਜ਼ਿੰਦਗੀ ਵਿਚ ਜ਼ਰੂਰ ਮਿਲਾਂਗਾ। ਹੋਰ, ਤੁਸੀਂ ਪਤਾ ਦੇਣਾ ਅੱਜ ਕੱਲ੍ਹ ਕੀ ਕਰਦੇ ਹੋ। ਇਕ ਗੱਲ ਯਾਦ ਰੱਖਣਾ, ਤੁਸੀਂ ਆਪਣੇ ਤੋਂ ਬਾਅਦ ਮੈਨੂੰ ਆਪਣੀ ਗੱਦੀ ਸੰਭਾਲ ਜਾਣਾ। ਮੈਂ ਨਿਭਾ ਕੇ ਦਿਖਾਵਾਂਗਾ। ਬਾਕੀ, ਆਪਣੀ ਫੋਟੋ ਖਿਚਵਾ ਕੇ ਜ਼ਰੂਰ ਭੇਜਣਾ। ਅੰਟੀ ਜੀ ਦੀ ਫੋਟੋ ਵੀ ਭੇਜਣਾ। ਤੁਹਾਨੂੰ ਮੇਰੀ ਕਸਮ, ਚਿੱਠੀ ਦਾ ਜਵਾਬ ਜ਼ਰੂਰ ਦੇਣਾ। ਏਨੇ ਵਿਚ ਹੀ ਮੇਰਾ ਬਹੁਤ ਹੌਂਸਲਾ ਵਧ ਜਾਵੇਗਾ। ਕਿ ਮੇਰੇ ਯਾਦ ਦੀ ਚਿੱਠੀ ਆਈ ਹੈ। ਮੈਂ ਉਸ ਦੀ ਪੂਜਾ ਕਰਾਂਗਾ। ਹੋਰ ਆਪਦੀ ਸਿਹਤ ਦਾ ਖਿਆਲ ਰੱਖਣਾ। ਕੰਮਕਾਰ ਦਾ ਪਤਾ ਦੇਣਾ। ਏਨਾ ਲਿਖਦਾ ਹੋਇਆ ਖਤ ਬੰਦ ਕਰਦਾ ਹਾਂ।

ਗੁਰਦੇਵ ਸਿੰਘ
ਪਿੰਡ ਬਾਠਾਂ, ਤਹਿਸੀਲ ਸਮਰਾਲਾ।

*********

ਧਰਮਿੰਦਰ ਸਦਾ-ਬਹਾਰ ਤੇ 'ਹੀ-ਮੈਨ' ਐਕਟਰ ਵਜੋਂ ਭਲੀਭਾਂਤ ਜਾਣਿਆ ਜਾਂਦਾ ਹੈ। ਸੈਂਕੜੇ ਫਿਲਮਾਂ ਰਾਹੀਂ ਉਸ ਨੇ ਲੱਖਾਂ ਸ਼ਰਧਾਲੂ ਪੈਦਾ ਕਰ ਲਏ ਨੇ। ਉਂਝ ਤਾਂ ਧਰਮਿੰਦਰ ਸਾਰੇ ਭਾਰਤ ਵਿਚ ਹੀ ਹਰਮਨ ਪਿਆਰਾ ਹੈ ਪਰ ਪੰਜਾਬੀ ਹੋਣ ਕਰਕੇ ਪੰਜਾਬ ਦੇ ਲੋਕ ਉਹਦੇ ਨਾਲ ਆਪਦੀ ਬਹੁਤ ਹੀ ਅਪਣੱਤ ਤੇ ਮੋਹ ਸਮਝਦੇ ਹਨ। ਸਾਹਨੇਵਾਲ, ਮਲੇਰਕੋਟਲਾ ਤੇ ਫਗਵਾੜਾ ਹਲਕਿਆਂ ਵਿਚ ਦਰਜਨਾਂ ਅਜਿਹੇ ਸ਼ਖਸ਼ ਮਿਲ ਜਾਣਗੇ ਜੋ ਕਹਿਣਗੇ, "ਓ ਜੀ, ਮੈਂ ਤੇ ਧਰਮਿੰਦਰ ਕੱਠੇ ਕੌਡੀ ਖੇਡਦੇ ਰਹੇ ਆਂ।" ਬਾਘਾ ਪੁਰਾਣਾ ਦੇ ਇਕ ਬਜ਼ੁਰਗ ਨੇ ਧਰਮਿੰਦਰ ਨੂੰ ਆਪਣਾ ਅਜ਼ੀਜ ਖਿਆਲਦੇ ਹੋਏ ਤੇ ਦੁਖ-ਸੁਖ ਸਾਂਝਾ ਕਰਦੇ ਹੋਏ ਇਕ ਪ੍ਰਕਾਰ ਚਿੱਠੀ ਲਿਖੀ —

ਬਰਖੁਰਦਾਰ ਧਰਮਿੰਦਰ ਸਿੰਘ ਜੀਓ। ਫਤਿਹ ਪ੍ਰਵਾਨ ਕਰਨੀ। ਮੈਂ ਤੁਹਾਨੂੰ ਇਕ ਤਕਲੀਫ ਦੇਣ ਲਗਾ ਹਾਂ। ਮੇਰੀ ਪੋਤਰੀ ਪਿਛਲੇ ਫੱਗਣ 'ਚ ਵਿਆਹੀ ਸੀ। ਦਾਜ ਦੇਣ ਦੀ ਵੀ ਕੋਈ ਕਸਰ ਨਹੀਂ ਛੱਡੀ ਆਪਾਂ ਨੇ। ਤੀਹ-ਚਾਲੀ ਤਾਂ ਬਿਸਤਰੇ ਹੀ ਸੀ। ਬਰਾਤ ਦੀ ਵੀ ਡਟ ਕੇ ਸੇਵਾ ਕੀਤੀ ਸੀ। ਖੜ੍ਹੇ ਪੈਰ ਮੋਟਰਸਾਈਕਲ ਵੀ ਲੈ ਕੇ ਦਿਤਾ ਮੁੰਡੇ ਨੂੰ। ਪਰ ਪਤਾ ਨਈਂ ਵਾਹਿਗੁਰੂ ਨੂੰ ਕੀ ਮਨਜ਼ੂਰ ਏ, ਹੁਣ ਮੁੰਡੇ ਕੁੜੀ ਦੀ ਅਣਬਣ ਰਹਿੰਦੀ ਹੈ। ਏਸ ਸਭ ਕਾਸੇ ਦੀ ਜੜ੍ਹ ਉਹਦੀ ਸੱਸ ਹੈ। ਸਹੁਰਾ ਤਾਂ ਉਂਈ ਢਾਂਡਾ ਇਆ। ਓਸੇ ਫਫਾਕੁਟਣੀ ਦੀ ਪੈੜ 'ਚ ਪੈੜ ਪਾਉਂਦੀ ਕੁੜੀ ਵਿਚਾਰੀ ਨਿਰੀ ਗਊ ਐ। ਮੁੰਡਾ ਹੈਥੇ ਬੰਬਈ 'ਚ ਫਿਲਮਾਂ ਵਿਚ ਕੰਮ ਕਰਨ ਆ ਗਿਆ। ਮੈਨੂੰ ਤਾਂ ਸ਼ੱਕ ਆ ਕਿ ਕੁੜੀ ਦੀਆਂ ਟੂੰਬਾਂ ਵੇਚ ਕੇ ਆਇਆ ਹੋਊ। ਉਹਨੇ ਬੰਬਈ ਜਾ ਕੇ ਕੋਈ ਚਿੱਠੀ ਨਹੀਂ ਪਾਈ। ਤੁਸੀਂ ਬੁਰਖੁਰਦਾਰ ਧਰਮਿੰਦਰ ਸਿੰਘ ਜੀਓ, ਮੁੰਡੇ ਦਾ ਪਤਾ ਕਰਕੇ ਸਿਰਨਾਵਾਂ ਭੇਜ ਦਿਓ। ਬਹੁਤ ਮਿਹਰਬਾਨੀ ਹੋਵੇਗੀ। ਥੋਡੇ ਆਂਗੂ ਮੁੰਡੇ ਨੇ ਮੂੰਹ-ਸਿਰ ਮੁੰਨਿਆ ਤੇ ਛੀਂਟਕਾ ਜਿਹਾ ਆ। ਹੈਥੇ ਈ ਜੇ ਉਹਦੇ ਦੋ ਲੁਆ ਦਿਓਂ, ਧੌਲ-ਧੱਫਾ ਕਰ ਦਿਉਂ ਤਾਂ ਬਹੁਤਾ ਈ ਵਧੀਆ। ਆਪੇ ਡਰਦਾ ਪਿੰਡ ਆ ਜੂ। ਪਿੰਡ ਆਏ ਨੂੰ ਅਸੀਂ ਥੋਚ ਲਵਾਂਗੇ। ਸਾਰੇ ਪਰਵਾਰ ਨੂੰ ਫਤਿਹ ਬੁਲਾਉਣੀ। ਚਿੱਠੀ ਨੂੰ ਦੁਬਾਰ ਗੌਰ ਨਾਲ ਪੜ੍ਹਨਾ।

ਤੁਹਾਡਾ, ਮਲਾਗਰ ਸਿੰਘ, ਬਾਘਾਪੁਰਾਣਾ।

ਸ਼ਮਸ਼ੇਰ ਸਿੰਘ ਸੰਧੂ


ਗਿਰਜਾ ਮਿੱਤਰਾ


ਮੇਹਰ ਮਿੱਤਲ


ਧਰਮਿੰਦਰ

**'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਨ ਲਈ ਪਰੇਰੋ**

ਭਾਰਤ ਜਾਣ ਦੀ ਤਿਆਰੀ ਹੈ?

**East West Travel Ltd.**

**ਹਵਾਈ ਟਿਕਟਾਂ**
ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
5320 - 8th AVE. S.E. CALGARY, ALTA T2A 4L7

**FRIENDS AUTO BODY & PAINTING LTD.**
5605 BYRNE RD. BURNABY, B.C.
Burnaby Auto Auction Building
MERRY CHRISTMAS & HAPPY NEW YEAR
PH. 430-4233



15 Years Exp

- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL


MR. GURU

# AMBIKA FOODS

## 5125 Victoria Drive
## Vancouver, B.C. Canada

**PHONE: 327—0295**

**MERRY CHRISTMAS & HAPPY NEW YEAR**

| | | |
|---|---|---|
| ਵੈਜੀਟੇਬਲ ਤੇਲ<br>VEGETABLE OIL<br>**$13.89** 16lt | ਪਚਰੰਗਾ ਆਚਾਰ<br>PACHRANGA<br>**$1.49** Tin | ਲੌਂਗ ਗਰੇਨ ਚਾਵਲ<br>LONG GRAIN RICE<br>**$10.99** 20Kg. |
| ਸਨ ਫਲਾਵਰ ਤੇਲ<br>SUN FLOWER OIL<br>**$21.99** 16Lt. | ਰੂਹ ਅਫਜ਼ਾ<br>ROO AFZA<br>**$3.89** Bottle | ਭੁੱਜੇ ਛੋਲੇ<br>**99¢** |
| ਮਟਰਾਂ ਦਾ ਆਟਾ<br>PEAS FLOUR<br>**$1.49** 2Kg. | ਵੇਸਣ<br>CHANNA FLOUR<br>**$2.89** 2Kg. | ਮੁਰਮਰੇ<br>ਚੇਵੜਾ<br>**99¢** Lb. |
| ਪਤਰਾ<br>PATRA **99¢** Tin | ਕੌਰਨਡ ਮਟਨ<br>CORNED MUTTON<br>**$1.49** Tin<br>only has minimum fat | ਪੰਜਾਬੀ ਟਿੰਡਾ<br>PUNJABI TINDA<br>**89¢** Tin |

| | |
|---|---|
| ਸਾਬਤ ਮਾਂਹ MANH WHOLE<br>ਮਸਰ LENTILS<br>ਚਨਾ ਦਾਲ CHANNA DAAL<br>ਕਾਲੇ ਛੋਲੇ KALA CHANNA<br>ਮੂੰਗੀ MOONG<br>**37¢** Lb. | ਜੀਰਾ ZEERA<br>ਧਨੀਆ DHANIAN<br>ਮੇਥੇ METHE<br>ਸੌਂਫ SONF<br>**99¢** Lb. |

**ਤਾਜ਼ੀਆਂ ਹਰੀਆਂ ਸਬਜ਼ੀਆਂ, ਸਾਫ ਸੁਥਰੀਆਂ ਦਾਲਾਂ, ਹਰ ਤਰਾਂ ਦੀ ਭਾਰਤੀ ਗਰੌਸਰੀ, ਡੇਅਰੀ ਦਾ ਸਾਮਾਨ ਤੇ ਮੀਟ, ਮਸਾਲੇ ਆਦਿ ਖਰੀਦਣ ਲਈ ਅੰਬੀਕਾ ਫੂਡਜ਼ ਤੇ ਦਰਸ਼ਨ ਦਿਓ!**

**We reserve the right to limit the quantity or until last.**